

Ray Dhaliwal
Real Estate Broker

**Moving to Indiana?**

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fifth Year of Publication | ਨਿਊਯਾਰਕ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 26, Issue 10; March 8, 2025 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਅਠਾਰਾਂ ਮਾਰਚ ਤੋਂ ਸ਼ੁਰੂ ਹੋਏਗੀ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਭਰਤੀ

### ਭਰਤੀ ਕਮੇਟੀ ਦੇ ਪੰਜ ਮੈਂਬਰਾਂ ਵਲੋਂ ਐਲਾਨ-ਬਾਦਲ ਧੜੇ ਨੂੰ ਇਤਰਾਜ਼

**ਸ੍ਰੀ ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਮੈਂਬਰਸ਼ਿਪ ਭਰਤੀ ਕਰਨ ਲਈ ਬਣਾਈ ਗਈ ਸੱਤ ਮੈਂਬਰੀ ਕਮੇਟੀ ਵਿੱਚੋਂ ਪੰਜ ਮੈਂਬਰਾਂ ਨੇ ਮੰਗਲਵਾਰ ਨੂੰ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਮੱਥਾ ਟੇਕਣ ਉਪਰੰਤ ਅਠਾਰਾਂ ਮਾਰਚ ਤੋਂ ਅਕਾਲੀ ਦਲ ਦੀ ਨਵੀਂ ਮੈਂਬਰਸ਼ਿਪ ਭਰਤੀ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ।



ਮੈਂਬਰਾਂ ਵਲੋਂ ਕਿਹਾ ਗਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਭਰਤੀ ਅਠਾਰਾਂ ਮਾਰਚ 2025 ਤੋਂ ਆਰੰਭ ਕਰਕੇ ਛੇ ਮਹੀਨੇ ਤੱਕ ਚਲਾਈ ਜਾਵੇਗੀ। ਇਹ ਭਰਤੀ ਇੱਕ ਸਧਾਰਨ ਪਰਚੀ ਦੇ ਆਧਾਰ ਉੱਤੇ ਹੋਵੇਗੀ। ਭਰਤੀ ਮੁਹਿੰਮ ਦੀ ਸ਼ੁਰੂਆਤ ਕਾਰਨ ਸੰਬੰਧੀ ਪ੍ਰੋਗਰਾਮ ਬਾਰੇ ਦੱਸਦਿਆਂ ਕਮੇਟੀ ਮੈਂਬਰ ਗੁਰ ਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਜਥੇਦਾਰ ਸਾਹਿਬ ਨੇ ਦੋ ਦਸੰਬਰ ਦੇ ਹੁਕਮਨਾਮੇ ਅਨੁਸਾਰ ਕਮੇਟੀ ਨੂੰ ਨਵੀਂ ਭਰਤੀ ਦਾ ਕੰਮ ਸ਼ੁਰੂ ਕਰਨ ਲਈ ਕਿਹਾ ਸੀ। ਉਸੇ ਹੁਕਮਨਾਮੇ ਦੀ ਰੌਸ਼ਨੀ ਵਿੱਚ ਇਹ ਫੈਸਲਾ ਲਿਆ ਗਿਆ ਹੈ।

ਕੁਝ ਦਿਨ ਪਹਿਲਾਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਰਘਬੀਰ ਸਿੰਘ ਨੇ ਵੀ ਦੁਹਰਾਇਆ ਸੀ ਕਿ ਅਕਾਲੀ ਦਲ ਦੀ ਨਵੀਂ ਮੈਂਬਰਸ਼ਿਪ ਦੀ ਭਰਤੀ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਬਣਾਈ ਗਈ ਕਮੇਟੀ ਦੀ ਨਿਗਰਾਨੀ ਹੇਠ ਹੀ ਹੋਵੇਗੀ।

ਨਵੀਂ ਭਰਤੀ ਸ਼ੁਰੂ ਕਰਨ ਦੀ ਤਰੀਕ ਦਾ ਐਲਾਨ ਕਰਦਿਆਂ ਕਮੇਟੀ ਮੈਂਬਰਾਂ ਨੇ ਸਾਰੀਆਂ ਪੰਥਕ ਧਿਰਾਂ ਨੂੰ ਅਪੀਲ ਕੀਤੀ ਕਿ ਉਹ ਮੈਂਬਰਸ਼ਿਪ ਭਰਤੀ ਮੁਹਿੰਮ ਵਿੱਚ ਸਹਿਯੋਗ ਦੇਣ। ਪਰ ਦੂਸਰੇ ਪਾਸੇ ਕਮੇਟੀ ਮੈਂਬਰਾਂ ਵੱਲੋਂ ਕੀਤੇ ਗਏ ਇਹਨਾਂ ਦਾਅਵਿਆਂ ਉੱਤੇ ਪ੍ਰਤੀਕਰਮ ਦਿੰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਬਾਦਲ ਧੜੇ ਦੇ ਬੁਲਾਰੇ ਅਰਸ਼ਦੀਪ ਸਿੰਘ ਕਲੇਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇੱਕ ਰਜਿਸਟਰਡ ਪਾਰਟੀ ਹੈ, ਇਸ ਦੀ ਭਰਤੀ 20 ਫਰਵਰੀ ਤੱਕ ਮੁਕੰਮਲ ਹੋ ਚੁੱਕੀ ਹੈ। ਹੁਣ ਕਿਸੇ ਕਮੇਟੀ ਵੱਲੋਂ ਹੋਰ ਭਰਤੀ ਕਰਨ ਦਾ ਕੋਈ ਮਤਲਬ ਹੀ ਨਹੀਂ ਹੈ। ਜਦੋਂ ਉਹਨਾਂ ਨੂੰ ਦੱਸਿਆ ਗਿਆ ਕਿ ਕਮੇਟੀ ਮੈਂਬਰ ਕਹਿ ਰਹੇ ਹਨ ਕਿ ਨਵੀਂ ਭਰਤੀ ਸ੍ਰੀ ਅਕਾਲ ਤਖਤ ਸਾਹਿਬ ਦੇ ਦੋ ਦਸੰਬਰ ਦੇ ਆਦੇਸ਼ ਅਨੁਸਾਰ ਹੋਵੇਗੀ ਤਾਂ ਉਹਨਾਂ ਕਿਹਾ ਕਿ ਜੇਕਰ ਸ੍ਰੀ ਅਕਾਲ ਅਕਾਲ ਤਖ਼ਤ ਸਾਹਿਬ ਨੇ ਅਜਿਹਾ ਕੋਈ ਲਿਖਤੀ ਆਦੇਸ਼ ਉਨ੍ਹਾਂ ਨੂੰ ਹੁਣ ਦਿੱਤਾ ਹੈ, ਜਾਂ ਭਰਤੀ ਸ਼ੁਰੂ ਕਰਨ ਲਈ ਕੋਈ ਤਰੀਕ ਤੈਅ ਕੀਤੀ ਹੈ,ਤਾਂ ਕਮੇਟੀ ਮੈਂਬਰਾਂ ਨੂੰ ਚਾਹੀਦਾ ਹੈ ਕਿ ਉਹ ਉਸਨੂੰ ਤੁਰੰਤ ਜਨਤਕ ਕਰ ਦੇਣ।ਕਲੇਰ ਨੇ ਕਿਹਾ ਕਿ ਸਧਾਰਨ ਪਰਚੀ ਉੱਤੇ, ਜਾਂ ਸ਼ਰੋਮਣੀ ਅਕਾਲੀ ਦਲ ਵਲੋਂ ਗੈਰ-ਪ੍ਰਮਾਣਿਤ ਪਰਚੀ ਉੱਤੇ ਮੈਂਬਰਸ਼ਿਪ ਭਰਤੀ ਕਰਨਾ ਤਾਂ ਉਂਝ ਵੀ ਗ਼ੈਰਕਾਨੂੰਨੀ ਹੈ। ਭਰਤੀ ਲਈ

(ਬਾਕੀ ਸਫ਼ਾ 6 ’ਤੇ)

## ਪੰਜਾਬ ਸਰਕਾਰ ਅਤੇ ਕਿਸਾਨ ਜਥੇਬੰਦੀਆਂ ਵਿਚ ਤਣਾ ਤਣੀ ਵਧੀ

**ਚੰਡੀਗੜ੍ਹ:** ਕਿਸਾਨ ਜਥੇਬੰਦੀਆਂ ਨਾਲ ਮੁੱਖ ਮੰਤਰੀ ਭਗਵੰਤ ਮਾਨ ਦੀ ਮੀਟਿੰਗ ਬੇਸਿੱਟਾ ਰਹਿਣ ਤੋਂ ਬਾਅਦ ਪੰਜਾਬ ਵਿੱਚ ਹਾਲਤ ਕਾਫੀ ਤਨਾਓਪੂਰਨ ਬਣੀ ਹੋਈ ਹੈ। ਕਿਸਾਨ ਜਥੇਬੰਦੀਆਂ ਕਿਸਾਨਾਂ ਵੱਲੋਂ ਦਿੱਤੀ ਗਈ ਅੰਦੋਲਨ ਤੇਜ਼ ਕਰਨ ਦੀ ਚਿਤਾਵਨੀ ਤੋਂ ਘਬਰਾ ਕੇ ਪੰਜਾਬ ਸਰਕਾਰ ਨੇ ਸੋਮਵਾਰ ਦੀ ਰਾਤ ਨੂੰ ਹੀ ਕਿਸਾਨ ਆਗੂਆਂ ਦੀ ਫੜੋ ਫੜੀ ਸ਼ੁਰੂ ਕਰ ਦਿੱਤੀ ਸੀ। ਕਿਸਾਨ ਆਗੂ ਮਾਰਚ ਉੱਤੇ ਬਜਿੱਦ ਰਹੇ ਕਿਸਾਨ ਆਗੂਆਂ ਨੇ ਮੁੱਖ ਮੰਤਰੀ ਦੇ ਵਤੀਰੇ ਉੱਤੇ ਸਖਤ ਇਤਰਾਜ਼ ਕੀਤਾ ਹੈ। ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਉਸਨੇ ਆਪਣੀ ਜ਼ਿੰਦਗੀ ਵਿੱਚ ਇਸ ਤਰ੍ਹਾਂ ਦੀ ਭਾਸ਼ਾ ਕਿਸੇ ਮੁੱਖ ਮੰਤਰੀ ਨੂੰ ਬੋਲਦੇ ਹੋਏ ਕਦੇ ਨਹੀਂ ਸੁਣਿਆ।

**ਮੁੱਖ ਮੰਤਰੀ ਨੇ ਕਿਹਾ ਕਿ ਮੈਂ ਦੱਸ ਸਕਦਾ ਹਾਂ ਕਿ ਕਿਹੜੀ ਫਸਲ ਦਾ ਇੱਕ ਖੇਤ ਵਿੱਚ ਕਿੰਨਾ ਬੀਜ ਪੈਂਦਾ ਹੈ। ਉਹਨਾਂ ਕਿਹਾ ਕਿਸਾਨ ਜਥੇਬੰਦੀਆਂ ਵਿੱਚ ਕ੍ਰੈਡਿਟ ਵਾਰ ਚੱਲ ਰਹੀ ਹੈ। ਇੱਕ ਦਾ ਧਰਨਾ ਖਤਮ ਹੁੰਦਾ ਹੈ ਤਾਂ ਦੂਸਰੀ ਜਥੇਬੰਦੀ ਧਰਨਾ ਸ਼ੁਰੂ ਕਰ ਦਿੰਦੀ ਹੈ। ਇਹ ਇਕੱਠੇ ਧਰਨਾ ਵੀ ਸ਼ੁਰੂ ਨਹੀਂ ਕਰਦੇ।**



ਦੂਸਰੇ ਪਾਸੇ ਮੁੱਖ ਮੰਤਰੀ ਨੇ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਦਾ ਪੰਜਾਬ ਨਾਲ ਕੋਈ ਸੰਬੰਧ ਨਹੀਂ ਹੈ। ਇਹ ਖਾਹ ਮਖਾਹ ਲੋਕਾਂ ਨੂੰ ਤੰਗ ਕਰ ਰਹੇ ਹਨ। ਇਹ ਦਿੱਲੀ ਜਾਣ ਅਤੇ ਉੱਥੇ ਜਾ ਕੇ ਲੜਾਈ ਲੜਣ। ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨਾਂ ਵਲੋਂ ਰਸਤੇ ਰੋਕਣ ਕਰਕੇ ਪੰਜਾਬ ਦਾ ਹਜ਼ਾਰਾਂ ਕਰੋੜਾਂ ਦਾ ਨੁਕਸਾਨ ਹੋ ਰਿਹਾ ਹੈ।

ਉਹਨਾਂ ਕਿਹਾ ਮੈਨੂੰ ਪਤਾ ਹੈ ਕਿ ਕਿਸਾਨੀ ਜੀਵਨ ਕਿਵੇਂ ਦਾ ਹੁੰਦਾ ਹੈ । ਮੈਂ ਅਜੇ ਵੀ ਇਹਨਾਂ ਕਿਸਾਨ ਆਗੂਆਂ ਨਾਲੋਂ ਵੱਧ ਖੇਤਾਂ ਨਾਲ ਜੁੜਿਆ ਹੋਇਆ ਹਾਂ। ਮੈਂ ਦੱਸ ਸਕਦਾ ਹਾਂ ਕਿ ਕਿਹੜੀ ਫਸਲ ਦਾ ਇੱਕ ਖੇਤ ਵਿੱਚ ਕਿੰਨਾ ਬੀਜ ਪੈਂਦਾ ਹੈ। ਉਹਨਾਂ ਕਿਹਾ ਕਿਸਾਨ ਜਥੇਬੰਦੀਆਂ ਵਿੱਚ ਕ੍ਰੈਡਿਟ ਬਾਰ ਚੱਲ ਰਹੀ ਹੈ। ਇੱਕ ਦਾ ਧਰਨਾ ਖਤਮ ਹੁੰਦਾ ਹੈ ਤਾਂ ਦੂਸਰੀ ਜਥੇਬੰਦੀ ਧਰਨਾ ਸ਼ੁਰੂ ਕਰ ਦਿੰਦੀ ਹੈ। ਇਹ ਇਕੱਠੇ ਧਰਨਾ ਵੀ ਸ਼ੁਰੂ ਨਹੀਂ ਕਰਦੇ। ਕਦੇ ਕੋਈ ਜਥੇਬੰਦੀ ਧਰਨਾ ਮਾਰ ਦਿੰਦੀ ਹੈ ਤੇ ਕਦੇ ਕੋਈ ਉਹਨਾਂ ਹੀ ਮੰਗਾਂ ਤੇ ਧਰਨਾ ਮਾਰ ਦਿੰਦੀ ਹੈ ਇਸ ਤਨਾਓ ਭਰੀ ਸਥਿਤੀ ਵਿੱਚ ਅਗਲੇ ਦਿਨਾਂ ਵਿੱਚ ਕਿਸਾਨ ਅੰਦੋਲਨ ਕਿਸ ਪਾਸੇ ਨੂੰ ਜਾਣ ਵਾਲਾ ਹੈ, ਇਹ ਸਮਾਂ ਹੀ ਦੱਸੇਗਾ।


**Singh Tax & Accounting Services LLC.**

SINGH AUTO & HOME INSURANCE

Individual & Business Tax related Services

ਸੇਵਾਵਾਂ: *ਇਨਕਮ ਟੈਕਸ ਨਾਲ ਸਬੰਧਤ ਹਰੇਕ ਸੇਵਾ ਜਿਵੇਂ, ਟੈਕਸ ਫਾਈਲਿੰਗ, ਟੈਕਸ ਪਲਾਨਿੰਗ ਅਤੇ ਆਈਆਰਐਸ ਔਡਿਟ (ਨਿੱਜੀ ਅਤੇ ਬਿਜ਼ਨਸ) ਲਈ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।

* ਅਸੀਂ ਅਮਰੀਕਾ ਭਰ ਵਿਚ ਘਰਾਂ ਅਤੇ ਕਾਰਾਂ ਦੀ ਨਿੱਜੀ ਅਤੇ ਕਮਰਸ਼ੀਅਲ ਇੰਸ਼ੋਰੈਂਸ ਵੀ ਕਰਦੇ ਹਾਂ।



Ph: 248-982-2036

Office Locations
Michigan:
36167 Ford Rd.Westland, MI 48185
Minnesota:
6043 Hudson Rd, Suite#399A
Woodbury, Minnesota 55125

Mohan Singh MST
IRS Enrolled agent,
Insurance Agent-
Casualty & Property
Notary Public

Email: STS2021@SinghTaxServices.com; www.SinghTaxServices.com





Corporate NMLS# 68434
AZ License# BK-0945946

Sistar Mortgage
A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org


(ਬਾਕੀ ਸਫ਼ਾ 6 ’ਤੇ)

# ਚੌਥਾ ਉਸਤਾਦ ਰਾਜਿੰਦਰ ਪਰਦੇਸੀ ਯਾਦਗਾਰੀ ਐਵਾਰਡ ਸੁਰਿੰਦਰਪ੍ਰੀਤ ਘਣੀਆਂ ਨੂੰ

## ਵੰਝਲੀ ਦੀ ਤਾਨ ਗ਼ਜ਼ਲ ਸੰਗ੍ਰਹਿ ਅਤੇ ਧਰਤੀ ਪੰਜਾਬ ਦੀਏ ਪੁਸਤਕਾਂ ਲੋਕ ਅਰਪਣ




*ਸੁਰਿੰਦਰਪ੍ਰੀਤ ਘਣੀਆਂ ਨੂੰ ਸਨਮਾਨਿਤ ਕਰਦੇ ਹੋਏ ਜਗਦੀਸ਼ ਰਾਣਾ, ਡਾ.ਕੰਵਲ ਭੱਲਾ, ਕੁਲਦੀਪ ਸਿੰਘ ਬੇਦੀ, ਡਾ.ਲਖਵਿੰਦਰ ਜੌਹਲ, ਪ੍ਰੋ.ਸੰਧੂ ਵਰਿਆਣਵੀ ਤੇ ਹੋਰ।*

**ਜਲੰਧਰ:** ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ (ਰਜਿ.)ਵਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਸਹਿਯੋਗ ਨਾਲ ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿਖੇ ਭਰਵਾਂ ਸਾਹਤਿਕ ਇਕੱਠ ਕੀਤਾ ਗਿਆ ਜਿਸ ਦੇ ਪ੍ਰਧਾਨਗੀ ਮੰਡਲ ਵਿੱਚ ਨਾਮਵਰ ਸਾਹਿਤਕਾਰ ਪ੍ਰੋ.ਸੰਧੂ ਵਰਿਆਣਵੀ (ਜਨ ਸਕੱਤਰ ਕੇਂ.ਪੰ.ਲੇ.ਸ.ਸੇ.), ਡਾ.ਲਖਵਿੰਦਰ ਜੌਹਲ, ਕੁਲਦੀਪ ਸਿੰਘ ਬੇਦੀ, ਹਰਜਿੰਦਰ ਸਿੰਘ ਅਟਵਾਲ, ਸੁਰਿੰਦਰਪ੍ਰੀਤ ਘਣੀਆਂ ਅਤੇ ਮੰਚ ਦੇ ਪ੍ਰਧਾਨ ਡਾ.ਕੰਵਲ ਭੱਲਾ ਤੇ ਜਨ ਸਕੱਤਰ ਜਗਦੀਸ਼ ਰਾਣਾ ਵਿਰਾਜਮਾਨ ਹੋਏ। ਮੰਚ ਵਲੋਂ ਚੌਥਾ ਉਸਤਾਦ ਰਾਜਿੰਦਰ ਪਰਦੇਸੀ ਯਾਦਗਾਰੀ ਐਵਾਰਡ ਸੁਰਿੰਦਰਪ੍ਰੀਤ ਘਣੀਆਂ ਨੂੰ ਸਨਮਾਨ ਪੱਤਰ,ਨਕਦ ਰਾਸ਼ੀ ਅਤੇ ਦੁਸ਼ਾਲਾ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾ.ਲਖਵਿੰਦਰ ਜੌਹਲ,ਕੁਲਦੀਪ ਸਿੰਘ ਬੇਦੀ ਅਤੇ ਪ੍ਰੋ.ਸੰਧੂ ਵਰਿਆਣਵੀ ਨੇ ਜਿੱਥੇ ਰਾਜਿੰਦਰ ਪਰਦੇਸੀ ਨਾਲ ਆਪਣੀਆਂ ਯਾਦਾਂ ਦਾ ਜਿਕਰ ਕੀਤਾ ਓਥੇ ਹੀ ਉਹਨਾਂ ਦੀ ਸ਼ਾਇਰੀ ਦੇ ਅਹਿਮ ਪਹਿਲੂਆਂ ਤੇ ਚਾਨਣਾ ਪਾਉਂਦਿਆਂ ਉਹਨਾਂ ਦੁਆਰਾ ਬਣਾਏ ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਨੂੰ ਲਗਾਤਾਰ ਗਤੀਸ਼ੀਲ ਰੱਖਣ ਲਈ ਜਗਦੀਸ਼ ਰਾਣਾ ਅਤੇ ਡਾ.ਕੰਵਲ ਭੱਲਾ ਦੀ ਵੀ ਤਾਰੀਫ਼ ਕੀਤੀ। ਲੈਕ.ਬਲਬੀਰ ਕੌਰ ਰਾਏਕੋਟੀ ਨੇ ਉਸਤਾਦ ਰਾਜਿੰਦਰ ਪਰਦੇਸੀ ਬਾਰੇ ਬੜਾ ਅਰਥ ਭਰਪੂਰ ਪਰਚਾ ਪੜ੍ਹਦਿਆਂ ਕਿਹਾ ਕਿ ਉਹਨਾਂ ਵਰਗਾ ਸ਼ਾਇਰ ਹੋਣਾ ਹਰ ਕਿਸੇ ਦੇ ਬਸ ਦੀ ਗੱਲ ਨਹੀਂ। ਹਰਜਿੰਦਰ ਸਿੰਘ ਅਟਵਾਲ ਹੋਰਾਂ ਨੇ ਸੁਰਿੰਦਰਪ੍ਰੀਤ ਘਣੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਮੰਚ ਦੀ ਸਨਮਾਨ ਵਾਸਤੇ ਚੋਣ ਬਿਲਕੁਲ ਢੁੱਕਵੀਂ ਹੈ ਕਿਉਂਕਿ ਰਾਜਿੰਦਰ ਪਰਦੇਸੀ ਵਾਂਗ ਸੁਰਿੰਦਰਪ੍ਰੀਤ ਘਣੀਆਂ ਵੀ ਨਾਬਰੀ ਦਾ ਸ਼ਾਇਰ ਹੈ। ਡਾ.ਕੰਵਲ ਭੱਲਾ, ਜਗਦੀਸ਼ ਰਾਣਾ ਨੇ ਕਿਹਾ ਕਿ ਰਾਜਿੰਦਰ ਪਰਦੇਸੀ ਦੀ ਸੰਗਤ ਵਿਚ ਰਹਿੰਦਿਆਂ ਬੜਾ ਕੁਝ ਸਿੱਖਣ ਨੂੰ ਮਿਲਿਆ ਤੇ ਉਹਨਾਂ ਦੀਆਂ ਕਹੀਆਂ ਗੱਲਾਂ ਅੱਜ ਵੀ ਸਾਡਾ ਮਾਰਗਦਰਸ਼ਨ ਕਰਦੀਆਂ ਹਨ।ਸੁਰਿੰਦਰਪ੍ਰੀਤ ਘਣੀਆਂ ਨੇ ਐਵਾਰਡ ਪ੍ਰਾਪਤ ਕਰਦਿਆਂ ਕਿਹਾ ਕਿ ਸਰਕਾਰੀ ਸਨਮਾਨਾਂ ਤੋਂ ਕਿਤੇ ਉੱਪਰ ਮੰਨਦੇ ਹਨ ਅਜਿਹੇ ਸਨਮਾਨ ਨੂੰ।ਉਹਨਾਂ ਰਾਜਿੰਦਰ ਪਰਦੇਸੀ ਨਾਲ ਆਪਣੀਆਂ ਮਿਲਣੀਆਂ ਦਾ ਜਿਕਰ ਵੀ ਕੀਤਾ ਅਤੇ ਆਪਣੀਆਂ ਅਰਥ ਭਰਪੂਰ ਗ਼ਜ਼ਲਾਂ ਸੁਣਾ ਕੇ ਖ਼ੂਬ ਤਾੜੀਆਂ ਬਟੋਰੀਆਂ।ਇਸ ਮੌਕੇ ਮੰਚ ਵਲੋਂ ਉਮਦਾ ਗ਼ਜ਼ਲ ਕਹਿਣ ਵਾਲੀ ਗ਼ਜ਼ਲਕਾਰਾ ਜਗਜੀਤ ਕੌਰ ਢਿੱਲਵਾਂ ਦਾ ਗ਼ਜ਼ਲ ਸੰਗ੍ਰਹਿ ਵੰਝਲੀ ਦੀ ਤਾਨ ਅਤੇ ਸੁਖਦੇਵ ਸਿੰਘ ਗੰਢਵਾਂ ਦਾ ਕਾਵਿ ਸੰਗ੍ਰਹਿ ਧਰਤੀ ਪੰਜਾਬ ਦੀਏ ਵੀ ਲੋਕ ਅਰਪਣ ਕੀਤਾ ਗਿਆ।ਉਪਰੰਤ ਹੋਏ ਕਵੀ ਦਰਬਾਰ ਵਿਚ ਪ੍ਰਿੰਸੀਪਲ ਨਵਤੇਜ ਗੜ੍ਹਦੀਵਾਲਾ, ਕੇ ਸਾਧੂ ਸਿੰਘ, ਦਰਸ਼ਨ ਬੋਪਾਰਾਏ, ਹਰਬੰਸ ਸਿੰਘ ਅਕਸ, ਜਗਜੀਤ ਕੌਰ ਢਿੱਲਵਾਂ, ਗੁਰਦੀਪ ਸਿੰਘ ਸੈਣੀ,ਅਮਰਜੀਤ ਸਿੰਘ ਜੀਤ, ਰਣਜੀਤ ਸਰਾਂਵਾਲੀ, ਸਵਿੰਦਰ ਸੰਧੂ, ਆਸ਼ੀ ਈਸਪੁਰੀ, ਜਸਪਾਲ ਜ਼ੀਰਵੀ, ਮਨੋਜ ਫਗਵਾੜਵੀ, ਸੁਖਦੇਵ ਗੰਢਵਾਂ, ਮਿੱਤਰ ਮਨਜੀਤ, ਮਾਧਵੀ ਅੱਗਰਵਾਲ, ਕੀਮਤੀ ਕੈਸਰ, ਵਿਜੈ ਫ਼ਿਰਾਕ, ਵੰਦਨਾ ਮਹਿਤਾ,ਪ੍ਰਦੀਪ ਖਿੰਦ, ਤਰਨਜੀਤ ਗੋਗੋਂ, ਦਲਜੀਤ ਮਹਿਮੀ, ਲਾਲੀ ਕਰਤਾਰਪੁਰੀ, ਸੁਰਜੀਤ ਸਾਜਨ, ਸਾਹਿਬਾ ਜੀਟਨ ਕੌਰ, ਹਰਜਿੰਦਰ ਸਿੰਘ ਜਿੰਦੀ, ਕੁਲਵਿੰਦਰ ਗਾਖਲ, ਦੀਪਿਕਾ ਅਰੋੜਾ, ਸੁਰਿੰਦਰ ਸਾਗਰ, ਜਰਨੈਲ ਸਾਖੀ, ਅਮਰਜੀਤ ਪੇਂਟਰ, ਸੀਰਤ ਸਿਖਿਆਰਥੀ ਸਮੇਤ ਤਿੰਨ ਦਰਜਨ ਤੋਂ ਵੱਧ ਕਵੀਆਂ ਨੇ ਪ੍ਰਭਾਵਸ਼ੀਲ ਰਵਨਾਵਾਂ ਸਾਂਝੀਆਂ ਕੀਤੀਆਂ। ਗ਼ਜ਼ਲ ਗਾਇਕ ਸੁਰਿੰਦਰ ਗੁਲਸ਼ਨ ਨੇ ਰਾਜਿੰਦਰ ਪਰਦੇਸੀ ਦੀ ਇਕ ਗ਼ਜ਼ਲ ਗਾਈ। ਇਸ ਮੌਕੇ ਬਿੱਟੂ ਮਹਿਤਪੁਰੀ, ਕੁਲਭੂਸ਼ਨ, ਵਿਸ਼ਵਾਮਿੱਤਰ, ਸੁਖਵਿੰਦਰ ਸਿੰਘ ਢਿੱਲਵਾਂ, ਕਰਨਲ ਜਗਬੀਰ ਸਿੰਘ ਸੰਧੂ, ਅਸ਼ੋਕ ਟਾਂਡੀ, ਰੋਹਿਤ ਸਿੱਧੂ ਅਲੱਗ, ਤਰਸੇਮ ਜਲੰਧਰੀ, ਸੰਦੀਪ ਕੌਰ ਚੀਮਾ, ਅਮਰ ਸਿੰਘ ਅਮਰ, ਰੀਤੂ ਕਲਸੀ, ਗੀਤਾ ਵਰਮਾ ਤੇ ਹੋਰ ਵੀ ਵਿਸ਼ੇਸ਼ ਤੌਰ 'ਤੇ ਹਾਜ਼ਿਰ ਰਹੇ।

# ਯੂ.ਏ.ਈ. 'ਚ ਉੱਤਰ ਪ੍ਰਦੇਸ਼ ਦੀ ਔਰਤ ਨੂੰ ਫਾਂਸੀ

## 4 ਮਹੀਨੇ ਦੇ ਬੱਚੇ ਦੀ ਹੱਤਿਆ ਦਾ ਦੋਸ਼, 2 ਸਾਲਾਂ ਤੋਂ ਜੇਲ੍ਹ 'ਚ ਸੀ ਬੰਦ



**ਨਵੀਂ ਦਿੱਲੀ:** ਯੂ.ਏ.ਈ. 'ਚ ਉੱਤਰ ਪ੍ਰਦੇਸ਼ ਦੇ ਬਾਂਦਾ ਦੀ ਔਰਤ ਸ਼ਹਿਜ਼ਾਦੀ ਖ਼ਾਨ (33) ਨੂੰ 15 ਫਰਵਰੀ ਨੂੰ ਫਾਂਸੀ ਦੇ ਦਿੱਤੀ ਗਈ ਹੈ। ਵਿਦੇਸ਼ ਮੰਤਰਾਲੇ ਨੇ ਸੋਮਵਾਰ ਨੂੰ ਇਸ ਦੀ ਜਾਣਕਾਰੀ ਦਿੱਲੀ ਹਾਈ ਕੋਰਟ ਨੂੰ ਦਿੱਤੀ। ਸ਼ਹਿਜ਼ਾਦੀ 'ਤੇ 4 ਮਹੀਨੇ ਦੇ ਬੱਚੇ ਦੀ ਹੱਤਿਆ ਦਾ ਦੋਸ਼ ਸੀ। ਉਹ 2 ਸਾਲਾਂ ਤੋਂ ਦੁਬਈ ਦੀ ਜੇਲ੍ਹ 'ਚ ਬੰਦ ਸੀ। ਅਦਾਲਤ ਨੇ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਸੀ।

ਭਾਰਤੀ ਦੂਤਘਰ ਅੰਤਿਮ ਸੰਸਕਾਰ ਲਈ ਸ਼ਹਿਜ਼ਾਦੀ ਦੇ ਪਰਿਵਾਰ ਨੂੰ ਆਬੂ ਧਾਬੀ ਜਾਣ 'ਚ ਮਦਦ ਕੀਤੀ। ਸ਼ਹਿਜ਼ਾਦੀ ਦੇ ਪਿਤਾ ਸ਼ਬੀਰ ਖ਼ਾਨ ਨੇ ਦੋ ਦਿਨ ਪਹਿਲਾਂ ਇਸ ਮਾਮਲੇ 'ਚ ਵਿਦੇਸ਼ ਮੰਤਰਾਲੇ ਨੂੰ ਦਖ਼ਲ ਦੇਣ ਦੀ ਮੰਗ ਕਰਦਿਆਂ ਦਿੱਲੀ ਹਾਈ ਕੋਰਟ 'ਚ ਪਟੀਸ਼ਨ ਦਾਖ਼ਲ ਕੀਤੀ ਸੀ। ਸ਼ਹਿਜ਼ਾਦੀ ਦੇ ਪਿਤਾ ਨੇ ਪਟੀਸ਼ਨ 'ਚ ਦਾਅਵਾ ਕੀਤਾ ਸੀ ਕਿ ਉਸ ਦੀ ਬੇਟੀ ਨੇ ਫ਼ੋਨ 'ਤੇ ਉਨ੍ਹਾਂ ਨੂੰ ਦੱਸਿਆ ਸੀ ਕਿ ਉਸ ਨੂੰ ਜੇਲ੍ਹ 'ਚੋਂ ਹਸਪਤਾਲ ਭੇਜ ਦਿੱਤਾ ਗਿਆ ਹੈ ਅਤੇ ਉਸ ਨੂੰ ਪੁਰਾਣੀ ਤਸਵੀਰ ਨੂੰ ਸਾਂਝਾ ਕੀਤਾ ਸੀ ਕਿ ਇਕ ਜਾਂ ਦੋ ਦਿਨਾਂ 'ਚ ਫਾਂਸੀ ਦੇ ਦਿੱਤੀ ਜਾਵੇਗੀ ਅਤੇ ਇਹ ਉਸ ਦੀ ਆਖ਼ਰੀ ਫ਼ੋਨ ਕਾਲ ਹੈ। ਆਬੂ ਧਾਬੀ ਸਥਿਤ ਭਾਰਤੀ ਦੂਤਘਰ ਨੂੰ ਉਥੋਂ ਦੇ ਕਾਨੂੰਨ ਮੁਤਾਬਿਕ ਸ਼ਹਿਜ਼ਾਦੀ ਨੂੰ ਰਹਿਮ ਦੇਣ ਲਈ ਇਕ ਪੱਤਰ ਵੀ ਲਿਖਿਆ ਸੀ, ਪਰ ਕੁਝ ਨਹੀਂ ਹੋਇਆ। ਇਸ ਤੋਂ ਪਹਿਲਾਂ 16-17 ਫਰਵਰੀ ਨੂੰ ਆਈ ਖ਼ਬਰ ਅਨੁਸਾਰ ਸੂਤਰਾਂ ਨੇ ਦੱਸਿਆ ਕਿ ਭਾਰਤੀ ਨਾਗਰਿਕ ਸ਼ਹਿਜ਼ਾਦੀ ਯੂ.ਏ.ਈ. ਦੀ ਜੇਲ੍ਹ 'ਚ ਬੰਦ ਹੈ ਅਤੇ ਉਸ ਨੂੰ 24 ਘੰਟਿਆਂ ਦੇ ਅੰਦਰ ਫਾਂਸੀ ਦੇਣ ਦੀਆਂ ਖ਼ਬਰਾਂ ਗਲਤ ਹਨ। ਸ਼ਹਿਜ਼ਾਦੀ ਬਾਂਦਾ ਇਲਾਕੇ ਦੇ ਇਕ ਪਿੰਡ ਦੀ ਰਹਿਣ ਵਾਲੀ ਸੀ। ਦੁਬਈ ਜਾਣ ਤੋਂ ਪਹਿਲਾਂ ਉਹ ਇਕ ਸਮਾਜ ਸੇਵੀ ਸੰਸਥਾ 'ਰੋਟੀ ਬੈਂਕ' 'ਚ ਕੰਮ ਕਰਦੀ ਸੀ। ਉਸ ਦੇ ਮੂੰਹ ਦਾ ਇਕ ਪਾਸਾ ਬਚਪਨ 'ਚ ਝੁਲਸ ਗਿਆ ਸੀ। 2021 ਵਿਚ ਉਸ ਦਾ ਫੇਸਬੁੱਕ ਜ਼ਰੀਏ ਆਗਰਾ ਦੇ ਰਹਿਣ ਵਾਲੇ ਨੇ ਉਸ ਨੂੰ ਆਪਣੇ ਜਾਲ 'ਚ ਫਸਾ ਲਿਆ ਸੀ।

2021 ਵਿੱਚ ਇਕ ਜੋੜੇ ਨੂੰ ਵੇਚ ਦਿੱਤਾ ਸੀ, ਜੋ ਉਸ ਨੂੰ ਘਰ 'ਚ ਬੰਦ ਕਰਕੇ ਰੱਖਦੇ ਸਨ ਅਤੇ ਕੁੱਟਮਾਰ ਵੀ ਕਰਦੇ ਸਨ। ਉਨ੍ਹਾਂ ਦਾ ਇਕ ਚਾਰ ਮਹੀਨਿਆਂ ਦਾ ਬੇਟਾ ਸੀ, ਜੋ ਕਾਫ਼ੀ ਬਿਮਾਰ ਰਹਿੰਦਾ ਸੀ। ਇਸੇ ਦੌਰਾਨ ਉਸ ਦੀ ਮੌਤ ਹੋ ਗਈ, ਜਿਸ ਦਾ ਦੋਸ਼ ਉਨ੍ਹਾਂ ਨੇ ਸ਼ਹਿਜ਼ਾਦੀ 'ਤੇ ਲਗਾ ਦਿੱਤਾ। ਫਰਵਰੀ 2023 'ਚ ਬੱਚੇ ਦੀ ਹੱਤਿਆ ਦੇ ਦੋਸ਼ 'ਚ ਸ਼ਹਿਜ਼ਾਦੀ ਨੂੰ ਆਬੂ ਧਾਬੀ ਪੁਲਿਸ ਨੂੰ ਸੌਂਪ ਦਿੱਤਾ ਸੀ। ਉਸ ਨੂੰ 31 ਜੁਲਾਈ, 2023 ਨੂੰ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ ਸੀ, ਜਿਸ ਨੂੰ 28 ਫਰਵਰੀ, 2024 ਨੂੰ ਇਕ ਹੋਰ ਅਦਾਲਤ ਨੇ ਬਰਕਰਾਰ ਰੱਖਿਆ ਸੀ।

# ਖੱਟਰ ਦਾ ਬਿਆਨ ਗ਼ੈਰ-ਜ਼ਿੰਮੇਵਾਰਾਨਾ: ਗਰਗ




**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਭਾਜਪਾ ਆਗੂ ਅਤੇ ਕੇਂਦਰੀ ਮੰਤਰੀ ਮਨੋਹਰ ਲਾਲ ਖੱਟਰ ਵੱਲੋਂ ਅਮਰੀਕਾ ਤੋਂ ਪਰਤੇ ਨੌਜਵਾਨਾਂ ਬਾਰੇ ਦਿੱਤੇ ਬਿਆਨ ਦੀ ਨਿੰਦਾ ਕੀਤੀ ਹੈ। ਪਾਰਟੀ ਨੇ ਕਿਹਾ ਕਿ ਖੱਟਰ ਦਾ ਬਿਆਨ ਬੇਹੱਦ ਗ਼ੈਰ-ਜ਼ਿੰਮੇਵਾਰਾਨਾ ਅਤੇ ਅਸੰਵੇਦਨਸ਼ੀਲ ਹੈ। ਦੇਸ਼ ਦੇ ਕੇਂਦਰੀ ਮੰਤਰੀ ਵੱਲੋਂ ਆਪਣੇ ਹੀ ਨੌਜਵਾਨਾਂ ਪ੍ਰਤੀ ਅਜਿਹਾ ਬਿਆਨ ਦੇਣਾ ਮੰਦਭਾਗਾ ਹੈ।

ਆਪ ਦੇ ਬੁਲਾਰੇ ਨੀਲ ਗਰਗ ਨੇ ਕਿਹਾ ਕਿ ਮੋਦੀ ਸਰਕਾਰ ਦੇਸ਼ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ 'ਚ ਨਾਕਾਮ ਰਹੀ ਹੈ, ਜਿਸ ਕਾਰਨ ਨੌਜਵਾਨ ਦੇਸ਼ ਛੱਡ ਕੇ ਨੌਕਰੀਆਂ ਦੀ ਭਾਲ 'ਚ ਵਿਦੇਸ਼ ਜਾਣ ਲਈ ਮਜਬੂਰ ਹਨ ਇਸ ਲਈ ਭਾਜਪਾ ਆਗੂ ਨੂੰ ਨੌਜਵਾਨਾਂ ਦੀ ਆਲੋਚਨਾ ਕਰਨ ਦੀ ਬਜਾਏ ਸੋਚਣਾ ਚਾਹੀਦਾ ਹੈ ਕਿ ਅਜਿਹੀ ਸਥਿਤੀ ਕਿਉਂ ਪੈਦਾ ਹੋਈ ਹੈ? 'ਆਪ' ਦੇ ਬੁਲਾਰੇ ਨੇ ਕਿਹਾ ਕਿ ਭਾਜਪਾ ਦੇਸ਼ ਨੂੰ ਵਿਸ਼ਵ ਆਗੂ ਬਣਾਉਣ ਦਾ ਦਾਅਵਾ ਕਰਦੀ ਹੈ। ਇਸ ਦੇ ਆਗੂ ਅਕਸਰ ਕਹਿੰਦੇ ਹਨ ਕਿ ਨਰਿੰਦਰ ਮੋਦੀ ਨੇ ਵਿਦੇਸ਼ਾਂ ਵਿੱਚ ਭਾਰਤ ਦਾ ਸਨਮਾਨ ਵਧਾਇਆ ਹੈ। ਪਰ ਜਦੋਂ ਅਮਰੀਕਾ ਨੇ ਦੇਸ਼ ਦੇ ਨੌਜਵਾਨਾਂ ਨੂੰ ਹਥਕੜੀਆਂ ਪਾ ਕੇ ਵਾਪਸ ਭੇਜਿਆ ਤਾਂ ਭਾਰਤ ਦੀ ਇੱਜ਼ਤ ਦਾ ਕੀ ਬਣਿਆ? ਉਨ੍ਹਾਂ ਕਿਹਾ ਕਿ ਕੰਬੋਡੀਆ ਵਰਗੇ ਛੋਟੇ ਦੇਸ਼ ਨੇ ਅਮਰੀਕਾ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਅਤੇ ਉਸ ਦੇ ਜਹਾਜ਼ ਨੂੰ ਆਪਣੇ ਦੇਸ਼ 'ਚ ਉਤਰਨ ਨਹੀਂ ਦਿੱਤਾ। ਉਸਨੇ ਆਪਣੇ ਲੋਕਾਂ ਨੂੰ ਆਪਣੇ ਜਹਾਜ਼ ਵਿੱਚ ਵਾਪਸ ਲਿਆਂਦਾ। ਪਰ ਭਾਰਤ ਸਰਕਾਰ ਨੇ ਅਮਰੀਕਾ ਨੂੰ ਕੁਝ ਨਹੀਂ ਕਿਹਾ।

'ਆਪ' ਆਗੂ ਨੇ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਤੋਂ ਮੰਗ ਕੀਤੀ ਕਿ ਮਨੋਹਰ ਲਾਲ ਖੱਟਰ ਆਪਣਾ ਬਿਆਨ ਵਾਪਸ ਲੈਣ ਅਤੇ ਨੌਜਵਾਨਾਂ ਤੋਂ ਮੁਆਫ਼ੀ ਮੰਗਣ। ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਦੀ ਸਰਕਾਰ ਦੀ ਨਾਕਾਮੀ ਦੀ ਮਿਸਾਲ ਹੈ। ਇਸ ਲਈ ਤੁਸੀਂ ਬੇਰੁਜ਼ਗਾਰ ਨੌਜਵਾਨਾਂ ਨੂੰ ਦੋਸ਼ੀ ਨਹੀਂ ਠਹਿਰਾ ਸਕਦੇ।

ਨੀਲ ਗਰਗ ਨੇ ਕਿਹਾ ਕਿ ਖੱਟਰ ਦਾ ਬਿਆਨ ਹੈਰਾਨੀਜਨਕ ਨਹੀਂ ਹੈ। ਭਾਜਪਾ ਆਗੂ ਕਿਸਾਨਾਂ, ਨੌਜਵਾਨਾਂ, ਔਰਤਾਂ ਅਤੇ ਘੱਟ ਗਿਣਤੀਆਂ ਪ੍ਰਤੀ ਹਮੇਸ਼ਾ ਮਾੜੀ ਬਿਆਨਬਾਜ਼ੀ ਕਰਦੇ ਹਨ। ਨਫ਼ਰਤ ਭਰੀ ਬਿਆਨਬਾਜ਼ੀ ਕਰਨਾ ਭਾਜਪਾ ਆਗੂਆਂ ਦਾ ਸੁਭਾਅ ਹੈ।ਗਰਗ ਨੇ ਕਿਹਾ ਕਿ ਜਿਹੜੇ ਨੌਜਵਾਨ ਵਾਪਸ ਆਏ ਹਨ, ਉਹ ਕਿਸੇ ਇੱਕ ਸੂਬੇ ਨਾਲ ਸਬੰਧਤ ਨਹੀਂ ਹਨ। ਪੰਜਾਬ, ਹਰਿਆਣਾ, ਮਹਾਰਾਸ਼ਟਰ, ਗੁਜਰਾਤ, ਉੱਤਰ ਪ੍ਰਦੇਸ਼ ਸਮੇਤ ਕਈ ਰਾਜਾਂ ਦੇ ਲੋਕ ਹਨ। ਇਸ ਦਾ ਸਪੱਸ਼ਟ ਕਾਰਨ ਇਹ ਹੈ ਕਿ ਦੇਸ਼ ਵਿੱਚ ਰੁਜ਼ਗਾਰ ਦੇ ਲੋੜੀਂਦੇ ਮੌਕੇ ਨਹੀਂ ਹਨ।

ਉਨ੍ਹਾਂ ਕਿਹਾ ਕਿ 2014 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਹਰ ਸਾਲ 2 ਕਰੋੜ ਨੌਕਰੀਆਂ ਦੇਵੇਗੀ, ਪਰ ਅੱਜ ਹਕੀਕਤ ਇਹ ਹੈ ਕਿ ਰੁਜ਼ਗਾਰ ਵਧਣ ਦੀ ਬਜਾਏ ਦਿਨੋਂ-ਦਿਨ ਘਟਦਾ ਜਾ ਰਿਹਾ ਹੈ। ਜੇਕਰ ਨੌਜਵਾਨਾਂ ਨੂੰ ਆਪਣੇ ਹੀ ਦੇਸ਼ ਵਿੱਚ ਨੌਕਰੀਆਂ ਮਿਲ ਜਾਂਦੀਆਂ ਤਾਂ ਉਨ੍ਹਾਂ ਨੂੰ ਬਾਹਰ ਜਾਣ ਦੀ ਲੋੜ ਹੀ ਨਹੀਂ ਸੀ ਪੈਣੀ।

# ਰੂਸ ਨਾਲ ਜੰਗ ਦਾ ਅੰਤ ਅਜੇ ਦੂਰ ਵਾਲੇ ਬਿਆਨ 'ਤੇ ਟਰੰਪ ਵਲੋਂ ਜ਼ੇਲੈਂਸਕੀ ਦੀ ਨਿੰਦਾ

**ਵਾਸ਼ਿੰਗਟਨ:** ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਦੇ ਬਿਆਨ ਕਿ ਯੂਕਰੇਨ-ਰੂਸ ਦੀ ਜੰਗ ਦਾ ਅੰਤ ਅਜੇ ਵੀ ਬਹੁਤ, ਬਹੁਤ ਦੂਰ ਹੈ, ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜ਼ੇਲੇਂਸਕੀ ਦੀ ਇਸ ਗੱਲ 'ਤੇ ਨਿੰਦਾ ਕੀਤੀ। ਟਰੰਪ ਨੇ ਆਪਣੇ ਟਰੂਥ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਇਕ ਪੋਸਟ 'ਚ ਕਿਹਾ ਕਿ ਜ਼ੇਲੇਂਸਕੀ ਵਲੋਂ ਦਿੱਤਾ ਗਿਆ ਇਹ ਸਭ ਤੋਂ ਮਾੜਾ ਬਿਆਨ ਹੈ ਤੇ ਅਮਰੀਕਾ ਇਸ ਨੂੰ ਜ਼ਿਆਦਾ ਦੇਰ ਤੱਕ ਬਰਦਾਸ਼ਤ ਨਹੀਂ ਕਰੇਗਾ। ਜ਼ੇਲੇਂਸਕੀ ਨੇ ਐਤਵਾਰ ਦੇਰ ਰਾਤ ਕਿਹਾ ਕਿ ਉਨ੍ਹਾਂ ਦਾ ਮੰਨਣਾ। ਹੈ ਕਿ ਜੰਗ ਹੋਰ ਕੁਝ ਸਮੇਂ ਲਈ ਜਾਰੀ ਰਹੇਗੀ ਜਦੋਂ ਕਿ ਟਰੰਪ ਤੇ ਉਪ ਰਾਸ਼ਟਰਪਤੀ ਜੇਡੀ ਵੈਂਸ ਨਾਲ



ਆਪਣੀ ਵਿਵਾਦਪੂਰਨ ਵਹਾਈਟ ਹਾਊਸ ਮੁਲਾਕਾਤ ਤੋਂ ਬਾਅਦ ਅਮਰੀਕਾ-ਯੂਕਰੇਨ ਸੰਬੰਧਾਂ ਬਾਰੇ ਉਨ੍ਹਾਂ ਇਕ ਸਕਾਰਾਤਮਕ ਵਿਚਾਰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਪਰ ਟਰੰਪ ਜ਼ੇਲੇਂਸਕੀ ਦੀਆਂ ਤਾਜ਼ਾ ਟਿੱਪਣੀਆਂ ਤੋਂ ਹੋਰ ਵੀ ਖਿਝੇ ਹੋਏ ਜਾਪੇ ਜੋ ਸੁਝਾਅ ਦਿੰਦੇ ਹਨ ਕਿ 3 ਸਾਲਾਂ ਦੇ ਸੰਘਰਸ਼ ਨੂੰ ਖਤਮ ਹੋਣ 'ਚ ਸਮਾਂ ਲੱਗੇਗਾ।

# ਤੇਜ਼ ਆਵਾਜ਼ 'ਚ ਗੇਮਾਂ ਖੇਡਣ ਨਾਲ ਬੋਲ਼ੇ ਹੋ ਰਹੇ ਹਨ ਬੱਚੇ

**ਨਵੀਂ ਦਿੱਲੀ:** ਬੱਚਿਆਂ ਵਿਚ ਸੁਣਨ ਦੀ ਸਮਰਥਾ ਘੱਟ ਹੋਣ ਕਾਰਨ ਬਚਾਅ ਲਈ ਮੋਬਾਈਲ ਦੀ ਵਰਤੋਂ ਦੀ ਵੱਧ ਰਹੀ ਆਦਤ ਘਟਾਉਣਾ ਤੇ ਗੇਮਿੰਗ ਦੌਰਾਨ ਆਵਾਜ਼ ਘੱਟ ਰੱਖਣਾ ਬੇਹੱਦ ਜ਼ਰੂਰੀ ਹੈ। ਨਹੀਂ ਤਾਂ ਬੱਚੇ ਸਥਾਈ ਤੌਰ 'ਤੇ ਘੱਟ ਸੁਣਨ ਅਰਥਾਤ ਬੋਲੇਪਨ ਦੇ ਸ਼ਿਕਾਰ ਹੋ ਜਾਣਗੇ। ਸੋਮਵਾਰ ਨੂੰ 'ਵਰਲਡ ਹਿਅਰਿੰਗ ਡੇ 'ਤੇ ਕੇਂਦਰੀ ਸਿਹਤ ਤੇ ਪਰਿਵਾਰ ਭਲਾਈ ਮੰਤਰਾਲਾ ਨੇ ਕਿਹਾ ਹੈ ਕਿ ਹਰ ਸਾਲ ਤਿੰਨ ਮਾਰਚ ਨੂੰ ਇਸ ਮੌਕੇ ਸੰਸਾਰ ਭਰ ਵਿਚ ਬੋਲੇਪਣ ਤੇ ਸੁਣਨ 'ਚ ਪਰੇਸ਼ਾਨੀ ਤੋਂ ਬਚਾਅ ਲਈ ਜਾਗਰੂਕਤਾ ਮੁਹਿੰਮ ਚਲਾਈ ਜਾਂਦੀ ਹੈ। ਖ਼ਾਸਕਰ ਬੱਚਿਆਂ ਵਿਚ ਮੋਬਾਈਲ, ਲੈਪਟਾਪ ਜਾਂ ਟੀਵੀ 'ਤੇ ਵੱਧਦੇ ਸਕਰੀਨ ਟਾਈਮ ਤੇ ਤੇਜ਼ ਆਵਾਜ਼ ਦੇ ਨਾਲ ਗੇਮਿੰਗ ਕਰਨ ਨਾਲ ਬੋਲੇਪਨ ਦੀ ਪਰੇਸ਼ਾਨੀ ਦੇਖਣ ਨੂੰ ਮਿਲ ਰਹੀ ਹੈ ਜੋ ਕਿ ਅੱਗੇ ਚੱਲ ਕੇ ਪੱਕੇ ਬੋਲ਼ੇਪਨ ਵਿਚ ਬਦਲ ਜਾਂਦੀ ਹੈ।

ਬੱਚਿਆਂ ਨੂੰ ਇਸ ਆਵਾਜ਼ ਪ੍ਰਦੂਸ਼ਣ ਤੋਂ ਸਭ ਤੋਂ ਵੱਧ ਖ਼ਤਰਾ ਹੈ ਤੇ ਉਨ੍ਹਾਂ ਦੇ ਕੰਨ ਨੂੰ ਕੋਈ ਨੁਕਸਾਨ ਨਾ ਪੁੱਜੇ, ਇਸ ਲਈ ਉਨ੍ਹਾਂ ਦੀਆਂ ਆਦਤਾਂ ਵਿਚ ਸੁਧਾਰ ਕਰਨ ਤੇ ਸਮੇਂ-ਸਮੇਂ 'ਤੇ ਉਨ੍ਹਾਂ ਦੇ ਕੰਨਾਂ ਦੀ ਜਾਂਚ ਕਰਵਾਉਣੀ ਜ਼ਰੂਰੀ ਹੈ। ਕੇਂਦਰੀ ਸਿਹਤ ਤੇ ਪਰਿਵਾਰ ਭਲਾਈ ਮੰਤਰਾਲਾ ਨੇ ਐਕਸ 'ਤੇ ਇਕ ਪੋਸਟ ਸਾਂਝੀ ਕਰਦੇ ਹੋਏ ਕਿਹਾ ਹੈ ਕਿ ਤੇਜ਼ ਆਵਾਜ਼, ਗੇਮਿੰਗ ਤੇ ਅਤਿ-ਆਧੁਨਿਕ ਸਕ੍ਰੀਨ ਟਾਈਮ ਯਾਨੀ ਮੋਬਾਈਲ ਸੰਚਾਲਤ ਕਰਨ ਨਾਲ ਸੁਣਨ ਦੀ ਸਮਰਥਾ ਘੱਟ ਹੋ ਜਾਂਦੀ ਹੈ ਜਾਂ ਫਿਰ ਬੋਲ਼ਾਪਨ ਵੱਧਦਾ ਹੈ। ਬੱਚੇ ਇਸ ਦੇ ਸਭ ਤੋਂ ਵੱਧ ਸ਼ਿਕਾਰ ਹੁੰਦੇ ਹਨ।

ਇਸ ਲਈ ਮਾਪੇ ਤੇ ਸਰਪ੍ਰਸਤਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਬੱਚਿਆਂ ਨੂੰ ਅਜਿਹੇ ਗੈਜੇਸਟਸ ਤੇ ਮੋਬਾਈਲ ਫੋਨ ਦੀ ਵਰਤੋਂ ਸੀਮਤ ਸਮੇਂ ਤੱਕ ਕਰਨ ਦਿਉ। ਨਾਲ ਹੀ ਉਹ ਆਪਣੇ ਬੱਚਿਆਂ ਵਿਚ ਅਜਿਹੇ ਆਧੁਨਿਕ ਉਪਕਰਨਾਂ ਨੂੰ ਸੁਣਨ ਲਈ ਸੁਰੱਖਿਅਤ ਤਰੀਕੇ ਅਪਨਾਉਣ ਦੀ ਆਦਤ ਪਾਉਣ। ਨਿਯਮਿਤ ਤੌਰ 'ਤੇ ਡਾਕਟਰ ਤੋਂ ਉਨ੍ਹਾਂ ਦੀ ਸੁਣਨ ਦੀ ਸਮਰਥਾ ਦੀ ਜਾਂਚ ਕਰਵਾਉਣ। ਮੰਤਰਾਲਾ ਨੇ ਇੰਟਰਨੈੱਟ ਮੀਡੀਆ ਪਲੇਟਫਾਰਮ ਐਕਸ 'ਤੇ ਪਾਈ ਇਕ ਪੋਸਟ ਵਿਚ ਕਿਹਾ ਕਿ ਸੰਸਾਰ ਸੁਣਨਯੋਗਤਾ ਦਿਵਸ 2025, ਤੇਜ਼ ਆਵਾਜ਼, ਗੇਮਿੰਗ ਤੇ ਹੱਦ ਤੋਂ ਵੱਧ ਸਕ੍ਰੀਨ ਟਾਈਮ ਕਾਰਨ ਬੱਚਿਆਂ ਦੀ ਸੁਣਨ ਦੀ ਸਮਰਥਾ ਪੱਖੋਂ ਨੁਕਸਾਨ ਹੋਣ ਦਾ ਖ਼ਤਰਾ ਵਧਿਆ ਹੈ।

ਡਬਲਯੂਐੱਚਓ ਦੀ ਦੱਖਣੀ-ਪੂਰਬੀ ਏਸ਼ੀਆ ਦੀ ਨਿਰਦੇਸ਼ਕ ਸਾਈਮਾ ਵਾਜਿਦ ਨੇ ਕਿਹਾ ਹੈ ਕਿ ਸੰਸਾਰ ਭਰ ਵਿਚ 1.5 ਅਰਬ ਲੋਕ ਇਸ ਤੋਂ ਪ੍ਰਭਾਵਤ ਹੋਏ ਹਨ, ਜਿਨ੍ਹਾਂ ਵਿਚ ਦੱਖਣ-ਪੂਰਬੀ ਏਸ਼ੀਆ ਖੇਤਰ ਵਿਚ 40 ਕਰੋੜ ਲੋਕ ਬੋਲ਼ੇਪਣ ਤੋਂ ਗ੍ਰਸਤ ਹੋ ਰਹੇ ਹਨ। .66 ਅਰਬ ਲੋਡ ਵਰ੍ਹਾ 2050 ਤੱਕ ਬੋਲ਼ੇਪਨ ਤੋਂ ਪ੍ਰਭਾਵਤ ਹਨ ਤੇ ਇਸ ਦੇ ਸ਼ਿਕਾਰ 80 ਫ਼ੀਸਦ ਲੋਕ ਘੱਟ ਤੇ ਦਰਮਿਆਨੀ ਆਮਦਨ ਵਾਲੇ ਹਨ।

ਸੰਸਾਰ ਸਿਹਤ ਸੰਗਠਨ ਮੁਤਾਬਕ ਉਸ ਵਿਅਕਤੀ ਵਿਚ ਸੁਣਨ ਦੀ ਸਮਰਥਾ ਘੱਟ ਮੰਨੀ ਜਾਵੇਗੀ ਜੋ ਬਿਲਕੁਲ ਵੀ ਨਹੀਂ ਸੁਣ ਸਕੇ ਜਾਂ ਆਮ ਲੋਕਾਂ ਜਿੰਨਾ ਵੀ ਨਹੀਂ ਸੁਣ ਸਕੇ।

## ਕੁੱਕ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ

Mansfield (Ohio) ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਭਾਰਤੀ ਕੁੱਕ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ।

* ਕੰਮ ਦੇ ਤਜਰਬੇ ਦੇ ਆਧਾਰ 'ਤੇ ਚੰਗੀ ਤਨਖਾਹ ਦਿੱਤੀ ਜਾਵੇਗੀ। * ਰਿਹਾਇਸ਼ ਫਰੀ



ਚਾਹਵਾਨ ਸੰਪਰਕ ਕਰੋ:
ਕੇ.ਬੀ., ਫੋਨ: 419-709-2732




## ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
## ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

**Gurdip Singh Sandhu DHMS, BAMS**

**HOMEOPATHIC NATURAL MEDICINES**

When Tired of all Treatments, For any Disease, At any Age, Try Alternative Treatment

Homeopathic Natural Medicines — Serving Since 1973



Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

Ph: (408) 687-1899
(925) 557-9093

Email: Homeomdicine@yahoo.com
Website: www.Homeopathyatoz.com

7021 Village Parkway, Dublin, CA 94568
Practice under provision of Act S8_577 State of CA





# Matrimonials

## ਲੜਕੇ ਦੀ ਲੋੜ ਹੈ

Jat Sikh Grewal family looking for a compatible match for their Us born and raised 30, 5'8". homely sweet MD working daughter. Please contact us at: 414-737-8624 or E-mail: ranigrewal72@gmail. Com

10-13

Ramgarhia family seeks a suitable match for their 35 Years old daughter, 5'-5", MBA, Divorced, 8 years old daughter, US citizen. All family well settled in California, USA. For more information please contact: +1 (559) 803-8860 or Email: Onelifeusa17@gmail.co

8-11

Sikh parents looking for a suitable match for their daughter, USA born 1992, 5'4" , vegetarian, non-drinker. She has completed B.S. EHS and Paralegal Studies. She is currently working in a reputable law firm. Looking for a Sikh groom who is a USA born, non-drinker, well-educated, respectful, kind heart and compatible with her personality. Caste no bar. Please send biodata and recent photos at 1-248-840-7938 (WhatsApp only). Marriage bureau, please excuse."

6-9

Jat Sikh family is looking for a suitable match for their beautiful daughter 38, 5'4". She has done her Bachelor of Commerce and Charted Accountant degree from India. Currently she is working as Finance Manager for Amazon in Seattle. She belongs to a well settled family in Mohali. Her Father is running his own business in Punjab. She is deeply rooted in strong family values. She has L1 Visa and her Green Card application is in progress. She moved to the USA in 2022. If interested please contact Darshan Dhillon at dhillondans@gmail.com, Phone: (360) 961-4387.

2-5

## ਲੜਕੀ ਦੀ ਲੋੜ ਹੈ

US citizen Nai boy 27, 5'6" is looking for a suitable match. He is residing in Columbus, OH. He has done DMD (Doctor of Dental medicine) He is never married. Entire family is in USA. Seeking a kind-hearted, family-oriented, and educated girl. Preference to same caste Please contact at: 937-776-6474

10-13

**Seeking a suitable match** (American citizen or Permanent Resident) for a 1992-born in Punjab, Boy, 5'8" Education: B.Tech, MBA, MS in Business Analytics. Currently working as a **Business Analyst** in Chicago, USA. Belongs to a well-educated family: father (Retd. Principal), mother (Retd. Lecturer), and one elder brother (married, Production Engineer in the US). Looking for an educated and professional match. Caste No bar. Please contact at +91-7589242016(Whatsapp) and +1-7204996020

9-12

Jatt Sikh SF Bay Area family seeking bride for their USA born Son 25, 5'10". Our Son wears a turban and keeps his hair. He has a BS and MS in Computer Science and is well settled in his profession. Beyond education, girl must have a joint family-oriented mindset with good moral family values. Please Contact ph: 510 861 6491 or email: pgrrealty@gmail.com

Ramgarhia family seeks a suitable match for their son, born on 35, 5'-6", born in Ludhiana and raised in the US. He is a US citizen, never married, and working in healthcare field. Seeking a kind-hearted, family-oriented, and educated girl, preferably settled in the US or Canada. Please call 1 (312) 217-8849 or 1 262-515-8955

6-9

USA Citizen, handsome, Jatt Sinkh boy, 31, 5'8". Highly educated, high profile job as coordinator in California Govt. education department, Salary $ 12000/- per month. No sibling. Parents are well educated, US citizen, financially sound & contented. No bargaining, no demand, no bar. Whatsapp: +1-661-578-2261

5-8

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746

# ਵੋਟਰ ਸੂਚੀ ਨਾਲ ਜੁੜਨਗੇ ਮੋਬਾਈਲ ਨੰਬਰ ਅਤੇ ਈਮੇਲ



**ਨਵੀਂ ਦਿੱਲੀ:** ਲੋਕ ਸਭਾ ਚੋਣਾਂ ਹੋਣ ਜਾਂ ਵਿਧਾਨ ਸਭਾ। ਸਿਆਸੀ ਦਲਾ ਵੱਲੋਂ ਵੋਟਰ ਸੂਚੀ ਤੋਂ ਨਾਂ ਕੱਟਣ ਦੇ ਦੋਸ਼ਾਂ ਦਾ ਜਿਵੇਂ ਹੜ੍ਹ ਆਇਆ ਹੈ, ਉਸ ਨਾਲ ਨਜਿਠਣ ਲਈ ਚੋਣ ਕਮਿਸ਼ਨ ਸਰਗਰਮੀ ਨਾਲ ਲੱਗ ਗਿਆ ਹੈ। ਜਿਹੜੇ ਅਹਿਮ ਕਦਮ ਚੁੱਕਣ ਦੇ ਸੰਕੇਤ ਮਿਲੇ ਹਨ, ਉਨ੍ਹਾਂ ਵਿਚ ਵੋਟਰ ਸੂਚੀ ਨੂੰ ਲਾਜ਼ਮੀ ਰੂਪ ਨਾਲ ਮੋਬਾਈਲ ਤੇ ਈਮੇਲ ਨਾਲ ਜੋੜਨ ਦੀ ਤਿਆਰੀ ਹੈ, ਤਾਂ ਕਿ ਵੋਟਰ ਸੂਚੀ ਤੋਂ ਨਾਂ ਕੱਟਣ ਜਾਂ ਜੁੜਨ 'ਤੇ ਵੋਟਰਾਂ ਨੂੰ ਤੁਰੰਤ ਹੀ ਇਸ ਦੀ ਜਾਣਕਾਰੀ ਮੁਹੱਈਆ ਕਰਵਾਈ ਜਾ ਸਕੇ। ਦੇਸ਼ ਭਰ ਵਿਚ ਇਸ ਨੂੰ ਲੈ ਕੇ ਵਿਆਪਕ ਮੁਹਿੰਮ ਚਲਾਉਣ ਦੀ ਤਿਆਰੀ ਹੈ। ਵੋਟਰ ਸੂਚੀ ਵਿਚ ਹਾਲੇ ਕਿਸੇ ਦਾ ਨਾਂ ਕੱਟਣ 'ਤੇ ਉਸਨੂੰ ਨੋਟਿਸ ਭੇਜ ਕੇ ਜਾਣਕਾਰੀ ਦੇਣ ਦਾ ਪ੍ਰਬੰਧ ਹੈ ਪਰ ਜ਼ਿਆਦਾਤਰ ਮਾਮਲਿਆ ਵਿਚ ਉਸ ਪਤੇ 'ਤੇ ਵਿਅਕਤੀ ਦੇ ਨਾ ਮਿਲਣ ਨਾਲ ਉਹ ਨੋਟਿਸ ਪਹੁੰਚਦਾ ਹੀ ਨਹੀਂ ਹੈ। ਜਾਂ ਬੂਥ ਲੈਵਲ ਅਫਸਰ (ਬੀਐੱਲਓ) ਇਸ 'ਤੇ ਸਿਰਫ਼ ਕਾਗਜ਼ੀਂ ਖਾਨਾਪੂਰਤੀ ਕਰ ਕੇ ਚੁੱਪ ਬੈਠ ਜਾਂਦਾ ਹੈ। ਕਮਿਸ਼ਨ ਨਾਲ ਜੁੜੇ ਉੱਚ ਪੱਧਰੀ ਸੂਤਰਾਂ ਦੀ ਮੰਨੀਏ ਤਾਂ ਮੋਬਾਈਲ ਤੇ ਈਮੇਲ ਦੇ ਅਪਡੇਟ ਹੋਣ ਨਾਲ ਵੋਟਰ ਸੂਚੀ ਤੋਂ ਨਾਂ ਕੱਟਣ ਨਾਲ ਜੁੜੀ ਜਾਣਕਾਰੀ ਨਾ ਮਿਲਣ ਵਰਗੀ ਸਾਰੀ ਸਮੱਸਿਆ ਖ਼ਤਮ ਹੋ ਜਾਵੇਗੀ।

ਕਮਿਸ਼ਨ ਵੱਲੋਂ ਨਾਮ ਸੂਚੀ ਤੋਂ ਹਟਾਉਣ ਜਾਂ ਜੋੜਨ ਦੇ ਨਾਲ ਹੀ ਮੋਬਾਈਲ 'ਤੇ ਤੁਰੰਤ ਸੰਦੇਸ਼ ਪਹੁੰਚ ਜਾਵੇਗਾ। ਖ਼ਾਸ ਗੱਲ ਇਹ ਹੈ ਕਿ ਜਿਸ ਵਜ੍ਹਾ ਨਾਲ ਨਾਂ ਵੋਟਰ ਸੂਚੀ ਤੋਂ ਹਟਾਇਆ ਗਿਆ ਉਸ ਦੀ ਵੀ ਜਾਣਕਾਰੀ ਮਿਲ ਜਾਵੇਗੀ। ਅਜਿਹੇ ਵਿਚ ਜੇਕਰ ਵੋਟਰ ਇਸ ਤੋਂ ਸੰਤੁਸ਼ਟ ਨਹੀਂ ਹੈ ਤਾਂ ਉਹ ਤੁਰੰਤ ਉੱਚ ਪੱਧਰ 'ਤੇ ਉਸਨੂੰ ਚੁਣੌਤੀ ਵੀ ਦੇ ਸਕੇਗਾ। ਕਮਿਸ਼ਨ ਇਸ ਮੁੱਦੇ ' ਨਵੀਂ ਦਿੱਲੀ ਵਿਚ ਹੋਣ ਵਾਲੀ ਸਾਰੇ ਸੂਬਿਆਂ ਦੇ ਮੁੱਖ ਚੋਣ ਅਧਿਕਾਰੀਆਂ (ਸੀਈਓ) ਦੀ ਮੀਟਿੰਗ ਵਿਚ ਵੀ ਚਰਚਾ ਕਰ ਰਿਹਾ ਹੈ ਕਿ ਇਸ ਚਰਚਾ ਵਿਚ ਹੀ ਇਸ ਦੇ ਅਮਲ ਦਾ ਰੋਡਮੈਪ ਤਿਆਰ ਹੋ ਸਕਦਾ ਹੈ।

ਸੂਤਰਾਂ ਦੀ ਮੰਨੀਏ ਤਾਂ ਦੇਸ਼ ਦੇ ਲਗਪਗ 99 ਕਰੋੜ ਵੋਟਰਾਂ ਵਿਚੋਂ ਲਗਪਗ 65 ਕਰੋੜ ਵੋਟਰਾਂ ਦੇ ਮੋਬਾਈਲ ਤੇ ਈਮੇਲ ਕਮਿਸ਼ਨ ਦੇ ਕੋਲ ਪਹਿਲਾਂ ਤੋਂ ਹੀ ਮੌਜੂਦ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਵੋਟਰਾਂ ਨੇ ਨਾਮ ਜੁੜਨ ਲਈ ਬਿਨੈ ਕਰਨ ਦੇ ਨਾਲ ਹੀ ਇਸਨੂੰ ਦਰਜ ਕਰਵਾ ਦਿੱਤਾ ਹੈ ਜਦਕਿ ਬਾਕੀ ਵੋਟਰਾਂ ਵੱਲੋਂ ਸਵੈਇੱਛੁਕ ਰੂਪ ਨਾਲ ਆਪਣਾ ਆਧਾਰ ਨੰਬਰ ਦਿੱਤੇ ਜਾਣ ਤੋਂ ਚੋਣ ਕਮਿਸ਼ਨ ਦੇ ਕੋਲ ਇਹ ਬਿਓਰਾ ਮੌਜੂਦ ਹੈ।

## ਵੋਟਰ ਸੂਚੀ 'ਚ ਨਾਂ ਜੋੜਨ ਅਤੇ ਕੱਟਣ ਦੇ ਕੀ ਹਨ ਨਿਯਮ

ਵੋਟਰ ਸੂਚੀ ਵਿਚ ਨਾਂ ਜੋੜਨ ਤੇ ਕੁੱਟਣ ਦੇ ਨਿਯਮ ਕਾਫੀ ਸਖ਼ਤ ਹਨ। ਨਾਂ ਜੋੜਨ ਲਈ ਫਾਰਮ-6 ਭਰਨਾ ਹੁੰਦਾ ਹੈ। ਇਸ ਦੇ ਨਾਲ ਹੀ ਇਸ ਗੱਲ ਦੇ ਸਬੂਤ ਪੇਸ਼ ਕਰਨੇ ਹੁੰਦੇ ਹਨ ਕਿ ਵਿਅਕਤੀ ਉਸ ਖੇਤਰ ਵਿਚ ਇਸ ਪਤੇ 'ਤੇ ਰਹਿੰਦਾ ਹੈ। ਨਾਲ ਹੀ ਉਸ ਦਾ ਵੋਟਰ ਸੂਚੀ ਵਿਚ ਕਿਤੇ ਦੂਜੀ ਜਗ੍ਹਾ ਨਾਂ ਨਹੀਂ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ 18 ਸਾਲ ਦੇ ਨਵੇਂ ਵੋਟਰ ਹੁੰਦੇ ਹਨ। ਜਦਕਿ ਨਾਂ ਹਟਾਉਣ ਲਈ ਫਾਰਮ-7 ਭਰਨਾ ਹੁੰਦਾ ਹੈ। ਇਸ ਵਿਚ ਨਾਮ ਕੱਟਣ ਦੇ ਸਹੀ ਕਾਰਨ ਦੇਣੇ ਹੁੰਦੇ ਹਨ। ਇਹ ਫਾਰਮ ਕਿਸੇ ਵੀ ਸਿਆਸੀ ਦਲ ਵੱਲੋਂ ਦਿੱਤਾ ਜਾਂਦਾ ਹੈ, ਜਿਸ ਦੀ ਬੀਐੱਲਓ ਜਾਂਚ ਕਰਦਾ ਹੈ ਅਤੇ ਜੇ ਸਬੰਧਤ ਵਿਅਕਤੀ ਉਸ ਪਤੇ 'ਤੇ ਨਹੀਂ ਰਹਿੰਦਾ ਹੈ ਤਾਂ ਫਿਰ ਉਸ ਦਾ ਵੋਟਰ ਲਿਸਟ ਵਿਚ ਜਿਸ ਜਗ੍ਹਾ ਤੋਂ ਨਾਮ ਹੈ ਤਾਂ ਉਸ ਨੂੰ ਹਟਾ ਦਿੰਦਾ ਹੈ। ਫਾਰਮ-8 ਉਦੋਂ ਭਰਨਾ ਹੁੰਦਾ ਹੈ ਜਦੋਂ ਤੁਸੀਂ ਕਿਸੇ ਇਕ ਖੇਤਰ ਤੋਂ ਦੂਜੇ ਖੇਤਰ ਵਿਚ ਸ਼ਿਫਟ ਹੋ ਰਹੇ ਹੋ ਜਾਂ ਫਿਰ ਆਪਣੇ ਨਾਂ, ਪਤੇ, ਮੋਬਾਈਲ ਨੰਬਰ ਆਦਿ ਨੂੰ ਅਪਡੇਟ ਜਾਂ ਸੁਧਾਰ ਕਰਨਾ ਚਾਹੁੰਦੇ ਹੋ ਤਾਂ ਇਸਨੂੰ ਬੀਐੱਲਓ ਨੂੰ ਦੇ ਕੇ ਠੀਕ ਕਰਵਾ ਸਕਦੇ ਹੋ।

# ਧਾਮੀ ਵਲੋਂ ਅਸਤੀਫ਼ਾ ਵਾਪਸ ਲੈਣ 'ਤੇ ਵਿਚਾਰ



**ਹੁਸ਼ਿਆਰਪੁਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਚੁੱਕੇ ਹਰਜਿੰਦਰ ਸਿੰਘ ਧਾਮੀ ਨੂੰ ਮਨਾਉਣ ਲਈ ਸ਼੍ਰੋਮਣੀ ਕਮੇਟੀ ਪ੍ਰਬੰਧਕ ਕਮੇਟੀ ਦਾ ਪੰਜ ਮੈਂਬਰੀ ਵਫ਼ਦ ਐਤਵਾਰ ਨੂੰ ਉਨ੍ਹਾਂ ਦੀ ਰਿਹਾਇਸ਼ 'ਤੇ ਪੁੱਜਾ। ਧਾਮੀ ਨੇ ਵਫ਼ਦ ਨੂੰ ਕਿਹਾ ਕਿ ਉਹ ਕਮੇਟੀ 'ਚ ਵਾਪਸੀ ਲਈ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਨ।

ਹਾਲਾਂਕਿ ਕਰੀਬ ਇੱਕ ਘੰਟਾ 10 ਮਿੰਟ ਚੱਲੀ ਇਸ ਮੀਟਿੰਗ 'ਚ ਕੋਈ ਫ਼ੈਸਲਾ ਨਹੀਂ ਹੋ ਸਕਿਆ। ਪਰ ਵਫ਼ਦ ਨੇ ਆਸ ਪ੍ਰਗਟਾਈ ਹੈ. ਕਿ ਧਾਮੀ ਆਪਣਾ ਕੰਮਕਾਜ ਸੰਭਾਲ ਲੈਣਗੇ। ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਬਲਦੇਵ ਸਿੰਘ ਕਲਿਆਣ, ਬਲਦੇਵ ਸਿੰਘ ਕੈਮਪੁਰ, ਸੁਰਜੀਤ ਸਿੰਘ ਤੁਗਲਬਾਦ ਤੇ ਬੀਬੀ ਹਰਜਿੰਦਰ ਕੌਰ ਨੇ ਦੱਸਿਆ ਕਿ ਮੀਟਿੰਗ ਚੰਗੇ ਮਾਹੌਲ 'ਚ ਹੋਈ ਹੈ। ਉਨ੍ਹਾਂ ਨੇ ਧਾਮੀ ਨੂੰ ਘਰ ਉਨ੍ਹਾਂ ਨਾਲ ਗਲਬਾਤ ਕਰਕੇ ਮੁੜ ਸੇਵਾ ਸੰਭਾਲਣ ਦੀ ਅਪੀਲ ਕੀਤੀ ਹੈ। ਧਾਮੀ ਵੱਲੋਂ ਵੀ ਸਾਰਥਕ ਸੁਨੇਹਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਧਾਮੀ ਦੇ ਸਾਫ-ਸੁਥਰੇ ਅਕਸ ਕਾਰਨ ਲੋਕ ਉਨ੍ਹਾਂ ਨੂੰ ਬਹੁਤ ਪਿਆਰ ਕਰਦੇ ਹਨ। ਉਨ੍ਹਾਂ ਨੂੰ ਉਮੀਦ ਹੈ ਕਿ ਆਉਣ ਵਾਲੇ ਦਿਨਾਂ 'ਚ ਧਾਮੀ ਆਪਣਾ ਫੈਸਲਾ ਬਦਲ ਕੇ ਮੁੜ ਆਪਣਾ ਅਹੁਦਾ ਸੰਭਾਲ ਲੈਣਗੇ ਤੇ ਪੰਥ ਦੀਆਂ ਸੇਵਾਵਾਂ ਚਾਲੂ ਰੱਖਣਗੇ।

# ਪੁਲਿਸ ਵਿਚ ਦਸ ਹਜ਼ਾਰ ਤੋਂ ਵੱਧ ਨੌਜਵਾਨ ਕੀਤੇ ਭਰਤੀ: ਮਾਨ



**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ 2022 ਤੋਂ ਲੈ ਕੇ ਹੁਣ ਤੱਕ ਪੁਲਿਸ ਫੋਰਸ ਨੂੰ ਅਪਡੇਟ ਕਰਨ ਲਈ 10,000 ਤੋਂ ਵੱਧ ਨੌਜਵਾਨ ਨਿਯੁਕਤ ਕੀਤੇ ਗਏ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਪੰਜਾਬ ਪੁਲਿਸ ਵਿਚ 10.000 ਨਵੇਂ ਸਿਪਾਹੀਆਂ ਦੀ ਭਰਤੀ ਕਰਨ ਦਾ ਵੀ ਫ਼ੈਸਲਾ ਕੀਤਾ ਹੈ, ਜਿਸ ਲਈ ਜਲਦੀ ਹੀ ਕੈਬਨਿਟ ਵੱਲੋਂ ਲੋੜੀਂਦੀ ਹਰੀ ਝੰਡੀ ਦੇ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਕਿ ( ਸੂਬਾ ਸੂਬਾ ਸਰਕਾਰ ਰਾਜ ਦੀ ਪੁਲਿਸ ਫੋਰਸ ਨੂੰ ਵਿਗਿਆਨਕ ਲੀਗ 'ਤੇ ਅਪਗ੍ਰੇਡ ਕਰਨ ਲਈ ਵਚਨਬੱਧ ਹੈ ਤਾਂ ਜੋ ਅਪਰਾਧੀਆਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਸਿੱਝਿਆ ਜਾ ਸਕੇ।

# ਸਾਬਕਾ ਸੇਬੀ ਮੁਖੀ ਮਾਧਬੀ ਬੁਚ ਖ਼ਿਲਾਫ਼ ਐੱਫ.ਆਈ.ਆਰ. ਦੇ ਹੁਕਮ



**ਮੁੰਬਈ:** ਵਿਵਾਦਾਂ ਵਿਚ ਘਿਰੀ ਸੇਬੀ ਦੀ ਸਾਬਕਾ ਮੁਖੀ ਮਾਧੁਬੀ ਬੁਚ ਵਲੋਂ ਕੀਤੇ ਗਏ ਨਿਯਮਾਂ ਦੀ ਉਲੰਘਣਾ ਲਈ ਉਨ੍ਹਾਂ ਵਿਰੁਧ ਕੇਸ ਦਰਜ ਕਰਨ ਦੇ ਹੁਕਮ ਕੀਤੇ ਗਏ ਹਨ। ਉਨ੍ਹਾਂ ਤੋਂ ਇਲਾਵਾ ਬੀਐਸਈ ਦੇ ਦੋ ਵੱਡੇ ਅਧਿਕਾਰੀਆਂ ਵਿਰੁੱਧ ਵੀ ਕਾਰਵਾਈ ਦੇ ਹੁਕਮ ਦਿੱਤੇ ਗਏ ਹਨ। ਸੇਬੀ ਨੇ ਅਦਾਲਤ ਦੇ ਫੈਸਲੇ ਨੂੰ ਚੁਣੌਤੀ ਦੇਣ ਦਾ ਫੈਸਲਾ ਕੀਤਾ ਹੈ।

ਵਿਸ਼ੇਸ਼ ਅਦਾਲਤ ਦੇ ਜੱਜ ਏਕਨਾਥਰਾਵ ਬਾਂਗਰ ਨੇ ਸਨਿਚਰਵਾਰ ਨੂੰ ਜਾਰੀ ਹੁਕਮ ਵਿਚ ਕਿਹਾ, ਪਹਿਲੀ ਨਜ਼ਰ ਵਿਚ ਨਿਯਮਾਂ ਵਿਚ ਕੁਤਾਹੀ ਅਤੇ ਮਿਲੀਭੁਗਤ ਦੇ ਸਬੂਤ ਹਨ, ਜਿਸ ਲਈ ਨਿਰਪੱਖ ਜਾਂਚ ਦੀ ਲੋੜ ਹੈ। ਮੁਢਲੇ ਦੋਸ਼ਾਂ ਨਾਲ ਗੰਭੀਰ ਅਪਰਾਧ ਉਜਾਗਰ ਹੁੰਦਾ ਹੈ। ਬੁਚ ਤੋਂ ਇਲਾਵਾ ਅਦਾਲਤ ਨੇ ਜਿਨ੍ਹਾਂ ਹੋਰ ਅਧਿਕਾਰੀਆਂ ਵਿਰੁੱਧ ਵੀ ਐੱਫਆਈਆਰ ਦਰਜ ਕਰਨ ਦੇ ਹੁਕਮ ਦਿੱਤ ਹਨ, ਉਨ੍ਹਾਂ ਵਿਚ ਬੀਐੱਸਈ ਦੇ ਮੈਨੇਜਿੰਗ ਡਾਇਰੈਕਟਰ ਤੇ ਸੀਈਓ ਸੁੰਦਰਰਮਨ ਰਾਮੂਰਤੀ, ਇਸ ਦੇ ਤੱਤਕਾਲੀ ਚੇਅਰਮੈਨ ਤੇ ਪਬਲਿਕ ਇੰਟਰੈਸਟ ਡਾਇਰੈਕਟਰ ਪ੍ਰਮੋਦ ਅਗਰਵਾਲ ਅਤੇ ਸੇਬੀ ਦੇ ਤਿੰਨ ਕੁੱਲ ਵਕਤੀ ਮੈਂਬਰ ਅਸ਼ਵਨੀ ਭਾਟੀਆ, ਆਨੰਤ ਨਾਰਾਇਣ ਜੀ. ਤੇ ਕਮਲੇਸ਼ ਚੰਦਰ ਵਾਸ਼ਣਰਿਆ ਸ਼ਾਮਲ ਹਨ। ਸਾਰਿਆਂ ਵਿਰੁੱਧ ਆਈਪੀਸੀ, ਭ੍ਰਿਸ਼ਟਾਚਾਰ ਰੋਕੂ ਐਕਟ, ਸੇਬੀ ਐਕਟ ਅਤੇ ਹੋਰ ਸੰਬੰਧਤ ਕਾਨੂੰਨਾਂ ਤਹਿਤ ਐੱਫਆਈਆਰ ਦਰਜ ਕੀਤੀ ਜਾਵੇਗੀ। ਸ਼ਿਕਾਇਤਕਰਤਾ ਤੇ ਮੀਡੀਆ ਰਿਪੋਰਟਰ 47 ਸਾਲਾ ਸਪਨ ਸ੍ਰੀਵਾਸਤਵ ਨੇ ਦੋਸ਼ੀਆਂ ਵੱਲੋਂ ਵੱਡੇ ਪੱਧਰ 'ਤੇ ਵਿੱਤੀ ਧੋਖਾਧੜੀ, ਨਿਯਮਾਂ ਦੀ ਉਲੰਘਣਾ ਤੇ ਭ੍ਰਿਸ਼ਟਾਚਾਰ ਨਾਲ ਜੁੜੇ ਕਥਿਤ ਅਪਰਾਧਾਂ ਦੀ ਜਾਂਚ ਕਰਨ ਦੀ ਮੰਗ ਕੀਤੀ ਸੀ। ਇਹ ਦੋਸ਼ ਰੈਗੂਲੇਟਰੀ ਅਧਿਕਾਰੀਆਂ, ਵਿਸ਼ੇਸ਼ ਤੌਰ 'ਤੇ ਸੇਬੀ ਦੀ ਸਰਗਰਮ ਮਿਲੀਭੁਗਤ ਨਾਲ ਇਕ ਕੰਪਨੀ 'ਕੈਲਸ ਰਿਫਾਈਨਰੀਜ਼ ਲਿਮਟਿਡ' ਨੂੰ ਸੇਬੀ ਐਕਟ-1992 ਅਤੇ ਉਸ ਤਹਿਤ ਨਿਯਮਾਂ ਦੀ ਪਾਲਣਾ ਕੀਤੇ ਬਿਨਾਂ ਸ਼ੇਅਰ ਬਾਜ਼ਾਰ ਵਿਚ ਧੋਖਾਧੜੀ ਨਾਲ ਸੂਚੀਬੱਧ ਕਰਨ ਨਾਲ ਸਬੰਧਤ ਹਨ। ਸ਼ਿਕਾਇਤਕਰਤਾ ਨੇ ਦਾਅਵਾ ਕੀਤਾ ਹੈ ਕਿ ਸੇਬੀ ਅਧਿਕਾਰੀ ਆਪਣੇ ਵਿਧਾਨਕ ਫਰਜ਼ਾਂ ਦਾ ਪਾਲਣ ਕਰਨ ਵਿਚ ਅਸਫਲ ਰਹੇ, ਬਾਜ਼ਾਰ ਵਿਚ ਹੇਰਾਫੇਰੀ ਹੋਣ ਦਿੱਤੀ ਅਤੇ ਨਿਰਧਾਰਤ ਮਾਪਦੰਡਾਂ ਨੂੰ ਪੂਰਾ ਨਾ ਕਰਨ ਵਾਲੀ ਕੰਪਨੀ ਨੂੰ ਸੂਚੀਬੱਧ ਕਰਨ ਦੀ ਇਜਾਜ਼ਤ ਦੇ ਕੇ ਕਾਰਪੋਰੇਟ ਧੋਖਾਧੜੀ ਦਾ ਰਸਤਾ ਬਣਾਇਆ। ਸ਼ਿਕਾਇਤਕਰਤਾ ਨੇ ਕਿਹਾ ਕਿ ਕਈ ਮੌਕਿਆਂ 'ਤੇ ਪੁਲਿਸ ਸਟੇਸ਼ਨ ਤੇ ਸਬੰਧਤ ਰੈਗੂਲੇਟਰੀ ਅਥਾਰਟੀਆਂ ਨਾਲ ਸੰਪਰਕ ਕਰਨ ਦੇ ਬਾਵਜੂਦ ਉਨ੍ਹਾਂ ਕੋਈ ਕਾਰਵਾਈ ਨਹੀਂ ਕੀਤੀ।

## ਹੁਕਮ ਨੂੰ ਚੁਣੌਤੀ ਦੇਣ ਲਈ ਚੁੱਕਾਂਗੇ ਕਾਨੂੰਨੀ ਕਦਮ: ਸੇਬੀ



ਸੇਬੀ ਦਾ ਕਹਿਣਾ ਹੈ ਕਿ ਉਹ ਇਨ੍ਹਾਂ ਹੁਕਮਾਂ ਨੂੰ ਚੁਣੌਤੀ ਦੇਣ ਲਈ ਵਾਜਬ ਕਾਨੂੰਨੀ ਕਦਮ ਚੁੱਕੇਗੀ ਅਤੇ ਉਹ ਸਾਰੇ ਮਾਮਲਿਆਂ ਵਿਚ ਵਾਜਬ ਰੈਗੂਲੇਸ਼ਨਾਂ ਦੀ ਪਾਲਣਾ ਕਰਨ ਲਈ ਪ੍ਰਤੀਬੱਧ ਹੈ। ਸੇਬੀ ਨੇ ਇਕ ਬਿਆਨ ਵਿਚ ਕਿਹਾ ਕਿ ਸੇਬੀ ਦੀ ਸਾਬਕਾ ਚੇਅਰਮੈਨ, ਸੇਬੀ ਦੇ ਤਿੰਨ ਵਰਤਮਾਨ ਕੁੱਲ ਵਕਤੀ ਮੈਂਬਰਾਂ ਤੇ ਬੀਐੱਸਈ ਦੇ ਦੋ ਅਧਿਕਾਰੀਆਂ ਵਿਰੁੱਧ ਮੁੰਬਈ ਸਥਿਤ ਏਸੀਬੀ ਕੋਰਟ ਸਾਹਮਣੇ ਇਕ ਪਟੀਸ਼ਨ ਦਾਖ਼ਲ ਕੀਤੀ ਗਈ ਸੀ। 1994 'ਚ ਬਾਂਬੇ ਸ਼ੇਅਰ ਬਾਜ਼ਾਰ ਵਿਚ ਇਕ ਕੰਪਨੀ ਨੂੰ ਸੂਚੀਬੱਧ ਕਰਨ ਦੀ ਇਜਾਜ਼ਤ ਦੇਣ ਵਿਚ ਕਥਿਤ ਬੇਨਿਯਮੀਆਂ ਦੇ ਸਬੰਧ ਵਿਚ ਪੁਲਿਸ ਨੂੰ ਐੱਫਆਈਆਰ ਦਰਜ ਕਰਨ ਤੇ ਜਾਂਚ ਦੇ ਹੁਕਮ ਦੇਣ ਦੀ ਮੰਗ ਕੀਤੀ ਗਈ ਸੀ। ਹਾਲਾਂਕਿ ਉਦੋਂ ਇਹ ਅਧਿਕਾਰੀ ਸਬੰਧਤ ਅਹੁਦਿਆਂ 'ਤੇ ਨਹੀਂ ਸਨ, ਫਿਰ ਵੀ ਅਦਾਲਤ ਨੇ ਸੇਬੀ ਨੂੰ ਤੱਥਾਂ ਨੂੰ ਰਿਕਾਰਡ 'ਤੇ ਰੱਖਣ ਦਾ ਮੌਕਾ ਦਿੱਤੇ ਬਿਨਾਂ ਪਟੀਸ਼ਨ ਨੂੰ ਇਜਾਜ਼ਤ ਪ੍ਰਦਾਨ ਕਰ ਦਿੱਤੀ। ਪਟੀਸ਼ਨਰ ਇਕ ਆਦਤਨ ਮੁਕੱਦਮੇਬਾਜ਼ ਹੈ, ਜਿਸ ਦੀਆਂ ਪਿਛਲੀਆਂ ਪਟੀਸ਼ਨਾਂ ਨੂੰ ਅਦਾਲਤ ਨੇ ਖ਼ਾਰਜ ਕਰ ਦਿੱਤਾ ਸੀ ਅਤੇ ਕੁਝ ਮਾਮਲਿਆਂ ਵਿਚ ਉਸ 'ਤੇ ਜੁਰਮਾਨਾ ਵੀ ਲਾਇਆ ਸੀ। ਭਾਰਤ ਦੀ ਪਹਿਲੀ ਮਹਿਲਾ ਸੇਬੀ ਪ੍ਰਮੁੱਖ ਬੁਚ 'ਤੇ ਅਮਰੀਕਾ ਸਥਿਤ ਸ਼ਾਰਟ-ਸੈਲਰ ਹਿੰਡਨਬਰਗ ਵੱਲੋਂ ਹਿੱਤਾਂ ਦੇ ਟਕਰਾਅ ਦੇ ਦੋਸ਼ ਲਗਾਏ ਗਏ ਸਨ।

# ਦਿੱਲੀ ਪੁਲਿਸ ਗੈਂਗਸਟਰਾਂ 'ਤੇ ਸ਼ਿਕੰਜਾ ਕੱਸਣ ਦੀ ਤਿਆਰੀ ਵਿੱਚ

### ਅਨਮੋਲ ਬਿਸ਼ਨੋਈ, ਡੱਲਾ ਤੇ ਗੋਲਡੀ ਬਰਾੜ ਰਾਡਾਰ 'ਤੇ

**ਨਵੀਂ ਦਿੱਲੀ:** ਦਿੱਲੀ ਪੁਲਿਸ ਸੰਗਠਿਤ ਅਪਰਾਧ ਨਾਲ ਨਜਿੱਠਣ ਲਈ ਯਤਨ ਤੇਜ਼ ਕਰਨ ਦੀ ਯੋਜਨਾ ਬਣਾ ਰਹੀ ਹੈ, ਜਿਸ ਤਹਿਤ ਦੇਸ਼ ਦੀਆਂ ਜੇਲ੍ਹਾਂ ਅਤੇ ਵਿਦੇਸ਼ਾਂ ਤੋਂ ਕੰਮ ਕਰ ਰਹੇ ਗੈਂਗਸਟਰਾਂ 'ਤੇ ਸ਼ਿਕੰਜਾ ਕੱਸਿਆ-ਜਾਵੇਗਾ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ 'ਚ ਹੋਈ ਉੱਚ ਪੱਧਰੀ ਕਾਨੂੰਨ ਅਤੇ ਵਿਵਸਥਾ ਦੀ ਸਮੀਖਿਆ ਬੈਠਕ, ਜਿਸ 'ਚ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ, ਦਿੱਲੀ ਦੇ ਗ੍ਰਹਿ ਮੰਤਰੀ ਆਸ਼ੀਸ਼ ਸੂਦ ਅਤੇ ਕੇਂਦਰੀ ਗ੍ਰਹਿ ਸਕੱਤਰ ਗੋਵਿੰਦ ਮੋਹਨ ਸ਼ਾਮਿਲ ਹੋਏ ਸਨ, ਤੋਂ ਇਕ ਦਿਨ ਬਾਅਦ ਦਿੱਲੀ ਪੁਲਿਸ ਹੈੱਡਕੁਆਰਟਰ 'ਚ ਚੋਟੀ ਦੇ ਪੁਲਿਸ ਅਧਿਕਾਰੀਆਂ ਨੇ ਮੀਟਿੰਗ ਕੀਤੀ, ਜਿਸ 'ਚ ਰਾਸ਼ਟਰੀ ਰਾਜਧਾਨੀ 'ਚ ਉੱਭਰਦੇ ਅਪਰਾਧਿਕ ਗੱਠਜੋੜ ਨਾਲ ਨਜਿੱਠਣ ਲਈ ਪੁਲਿਸ ਰਣਨੀਤੀ ਨੂੰ ਮਜ਼ਬੂਤ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਗਿਆ।

ਸੂਤਰਾਂ ਅਨੁਸਾਰ ਮੀਟਿੰਗ 'ਚ ਫੈਸਲਾ ਲਿਆ ਗਿਆ ਕਿ ਗੈਂਗਸਟਰਾਂ ਦੀ ਸੂਚੀ ਤਿਆਰ ਕਰਕੇ ਜੇਲ੍ਹ ਵਿੱਚ ਬੰਦ ਗੈਂਗਸਟਰਾਂ, ਜਿਵੇਂ ਕਿ ਕੇਸਲ ਚੌਧਰੀ ਅਤੇ ਨੀਰਜ ਬਵਾਨਾ 'ਤੇ ਸਖ਼ਤ ਨਿਗਰਾਨੀ ਰੱਖੀ ਜਾਵੇਗੀ, ਜਦੋਂਕਿ ਵਿਦੇਸ਼ਾਂ 'ਚ ਬੈਠੇ ਗੈਂਗਸਟਰਾਂ ਅਨਮੋਲ ਬਿਸ਼ਨੋਈ, ਅਰਸ਼ ਡੱਲਾ, ਗੈਲੜੀ ਬਰਾੜ, ਹਿਮਾਂਸ਼ੂ ਭਾਊ, ਲੱਕੀ ਪਟਿਆਲ, ਜੱਗਾ, ਧੂਰਕੋਟ, ਵਰਿੰਦਰ ਚਰਨ, ਅਮਰਦੀਪ ਬਿਸ਼ਨੋਈ, ਮਹਿੰਦਰ ਸਿੰਘ ਤੇ ਨਵੀਨ ਬਾਕਸਰ ਦੀਆਂ ਗਤੀਵਿਧੀਆਂ ਵੀ ਰਾਡਾਰ 'ਤੇ ਹੋਣਗੀਆਂ।



ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਇਨ੍ਹਾਂ ਗੈਂਗਸਟਰਾਂ ਦੇ ਸਿੱਧੇ ਜਾਂ ਅਸਿੱਧੇ ਸੰਪਰਕ ਵਿਚ ਰਹਿਣ ਵਾਲੇ ਅਤੇ ਅਪਰਾਧਿਕ ਰਿਕਾਰਡ ਰੱਖਣ ਵਾਲੇ ਨਾਬਾਲਗ ਵੀ ਜਾਂਚ ਦੇ ਘੇਰੇ ਵਿਚ ਆਉਣਗੇ। ਉਨ੍ਹਾਂ ਕਿਹਾ ਕਿ ਪੁਲਿਸ ਘਿਨਾਉਣੇ ਅਪਰਾਧਾਂ 'ਚ ਸ਼ਾਮਿਲ ਨਾਬਾਲਗਾਂ ਦੀ ਸੂਚੀ ਤਿਆਰ ਕਰ ਰਹੀ ਹੈ ਅਤੇ ਅਦਾਲਤ 'ਚ ਬਾਲਗਾਂ ਵਜੋਂ ਉਨ੍ਹਾਂ ਦੇ ਮੁਕੱਦਮੇ ਦੀ ਸਿਫਾਰਸ਼ ਕਰੇਗੀ।ਜਾਣਗੇ, ਜਿਸ ਤਹਿਤ ਜੇਲ੍ਹ ਦੇ ਬੰਦ ਗੈਂਗਸਟਰਾਂ ਦੀਆਂ ਗਤੀਵਿਧੀਆਂ ਵੀ ਰਾਡਾਰ 'ਤੇ ਹੋਣਗੀਆਂ।

# ਅੰਦੋਲਨ ਦੇ ਨਾਮ ’ਤੇ ਲੋਕਾਂ ਨੂੰ ਖੱਜਲ-ਖੁਆਰ ਨਾ ਕਰੋ


ਮੁੱਖ ਮੰਤਰੀ ਵੱਲੋਂ ਕਿਸਾਨਾਂ ਨੂੰ ਅਪੀਲ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਪੱਸ਼ਟ ਤੌਰ ‘ਤੇ ਕਿਹਾ ਕਿ ਉਨ੍ਹਾਂ ਦੇ ਦਰਵਾਜ਼ੇ ਕਿਸਾਨਾਂ ਨਾਲ ਗੱਲਬਾਤ ਲਈ ਹਮੇਸ਼ਾ ਖੁੱਲ੍ਹੇ ਹਨ ਪਰ ਅੰਦੋਲਨ ਦੇ ਨਾਮ ‘ਤੇ ਆਮ ਲੋਕਾਂ ਦੀ ਹੋਣ ਵਾਲੀ ਖੱਜਲ-ਖੁਆਰੀ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਪੰਜਾਬ ਭਵਨ ਵਿਖੇ ਇੱਕ ਮੀਟਿੰਗ ਦੌਰਾਨ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਸਮਾਜ ਦੇ ਵੱਖ-ਵੱਖ ਵਰਗਾਂ ਨਾਲ ਸਬੰਧਤ ਮੁੱਦਿਆਂ ਨੂੰ ਗੱਲਬਾਤ ਰਾਹੀਂ ਹੱਲ ਕਰਨ ਲਈ ਹਮੇਸ਼ਾ ਤਿਆਰ ਹੈ, ਇਸ ਲਈ ਰੇਲਾਂ ਜਾਂ ਸੜਕਾਂ ਰੋਕਣ ਨਾਲ ਆਮ ਲੋਕਾਂ ਨੂੰ ਹੁੰਦੀ ਪ੍ਰੇਸ਼ਾਨੀ ਤੋਂ ਬਚਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਅਜਿਹੀ ਕਾਰਵਾਈ ਆਮ ਲੋਕਾਂ ਲਈ ਮੁਸੀਬਤਾਂ ਖੜ੍ਹੀਆਂ ਕਰਦੀ ਹੈ ਅਤੇ ਪ੍ਰੇਸ਼ਾਨ ਹੋਏ ਲੋਕ ਅੰਦੋਲਨਕਾਰੀਆਂ ਦੇ ਵਿਰੁੱਧ ਹੋ ਜਾਂਦੇ ਹਨ ਜਿਸ ਨਾਲ ਸਮਾਜ ਵਿੱਚ ਫੁੱਟ ਪੈਦਾ ਹੁੰਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬਦਕਿਸਮਤੀ ਨਾਲ ਆਮ ਲੋਕਾਂ ਨੂੰ ਅਜਿਹੇ ਵਿਰੋਧ ਪ੍ਰਦਰਸ਼ਨਾਂ ਕਾਰਨ ਬਹੁਤ ਨੁਕਸਾਨ ਝੱਲਣਾ ਪੈਂਦਾ ਹੈ ਜੋ ਕਿ ਪੂਰੀ ਤਰ੍ਹਾਂ ਗੈਰ-ਵਾਜਬ ਅਤੇ ਅਣਉਚਿਤ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਭਾਵੇਂ ਵਿਰੋਧ ਪ੍ਰਦਰਸ਼ਨ ਕਰਨਾ ਕਿਸਾਨਾਂ ਦਾ ਜਮਹੂਰੀ ਹੱਕ ਹੈ ਪਰ ਉਨ੍ਹਾਂ ਨੂੰ ਇਹ ਵੀ ਸੋਚਣਾ ਚਾਹੀਦਾ ਹੈ ਕਿ ਇਨ੍ਹਾਂ ਨਾਲ ਸੂਬੇ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਵਪਾਰੀ ਅਤੇ ਉਦਯੋਗਪਤੀ ਇਸ ਗੱਲ ‘ਤੇ ਦੁੱਖ ਪ੍ਰਗਟ ਕਰ ਰਹੇ ਹਨ ਕਿ ਵਾਰ-ਵਾਰ ਸੜਕਾਂ ਅਤੇ ਰੇਲਾਂ ਜਾਮ ਕਰਨ ਨਾਲ ਉਨ੍ਹਾਂ ਦੇ ਕਾਰੋਬਾਰ ਬਰਬਾਦ ਹੋ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਸਾਨਾਂ ਨੂੰ ਸਮਾਜ ਵਿੱਚ ਫੁੱਟ ਪਾਉਣ ਵਾਲੀਆਂ ਅਜਿਹੀਆਂ ਚਾਲਾਂ ਤੋਂ ਬਚਣ ਦੀ ਅਪੀਲ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਹਮੇਸ਼ਾ ਕਿਸਾਨਾਂ ਦੇ ਨਾਲ ਖੜ੍ਹੀ ਹੈ ਪਰ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਕੇਂਦਰ ਸਰਕਾਰ ਨਾਲ ਸਬੰਧਤ ਹਨ। ਉਨ੍ਹਾਂ ਅੱਗੇ ਕਿਹਾ ਕਿ ਕਿਸਾਨ ਯੂਨੀਅਨਾਂ ਦੇ ਲਗਾਤਾਰ ਵਿਰੋਧ ਪ੍ਰਦਰਸ਼ਨਾਂ ਕਾਰਨ ਪੰਜਾਬ ਅਤੇ ਪੰਜਾਬੀਆਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਕ ਮਿਸਾਲ ਦਿੰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੜਕਾਂ ਜਾਮ ਕਰਨ ਨਾਲ ਰੋਜ਼ਾਨਾ ਹਜ਼ਾਰਾਂ ਲੋਕਾਂ ਨੂੰ ਪ੍ਰੇਸ਼ਾਨੀ ਝੱਲਣੀ ਪੈਂਦੀ ਹੈ। ਮੁੱਖ ਮੰਤਰੀ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵਿਰੋਧ ਪ੍ਰਦਰਸ਼ਨਾਂ ਰਾਹੀਂ ਆਮ ਲੋਕਾਂ ਲਈ ਮੁਸੀਬਤਾਂ ਖੜ੍ਹੀਆਂ ਕਰਨ ਤੋਂ ਗੁਰੇਜ਼ ਕਰਨ ਕਿਉਂਕਿ ਇਸ ਨਾਲ ਲੋਕਾਂ ਦੇ ਰੋਜ਼ਾਨਾ ਕੰਮਕਾਜ ਵਿੱਚ ਰੁਕਾਵਟ ਪੈਦਾ ਹੁੰਦੀ ਹੈ। ਉਨ੍ਹਾਂ ਕਿਹਾ ਕਿ ਰੇਲਾਂ ਅਤੇ ਸੜਕਾਂ ਜਾਮ ਕਰਨ ਨਾਲ ਕੇਂਦਰ ਸਰਕਾਰ ‘ਤੇ ਕੋਈ ਅਸਰ ਨਹੀਂ ਪੈਂਦਾ ਪਰ ਆਮ ਲੋਕਾਂ ਦੇ ਜੀਵਨ ‘ਤੇ ਬੁਰਾ ਪ੍ਰਭਾਵ ਪੈਂਦਾ ਹੈ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਇਸ ਤੋਂ ਪਹਿਲਾਂ ਕਿਸੇ ਵੀ ਆਗੂ ਨੇ ਕਿਸਾਨਾਂ ਦੀਆਂ ਸਮੱਸਿਆਵਾਂ ਸੁਣਨ ਲਈ ਉਨ੍ਹਾਂ ਨਾਲ ਇੰਨੀਆਂ ਮੀਟਿੰਗਾਂ ਨਹੀਂ ਕੀਤੀਆਂ। ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਮੰਦਭਾਗਾ ਹੈ ਕਿ ਇਹ ਮੁੱਦੇ ਪੰਜਾਬ ਸਰਕਾਰ ਨਾਲ ਸਬੰਧਤ ਨਾ ਹੋਣ ਦੇ ਬਾਵਜੂਦ ਵੀ ਕਿਸਾਨ ਅਜੇ ਵੀ ਸੂਬੇ ਵਿੱਚ ਵਿਰੋਧ ਪ੍ਰਦਰਸ਼ਨ ਕਰਨਾ ਚਾਹੁੰਦੇ ਹਨ।

> **ਮੁੱਖ ਮੰਤਰੀ ਨੇ ਕਿਹਾ ਕਿ ਭਾਵੇਂ ਵਿਰੋਧ ਪ੍ਰਦਰਸ਼ਨ ਕਰਨਾ ਕਿਸਾਨਾਂ ਦਾ ਜਮਹੂਰੀ ਹੱਕ ਹੈ ਪਰ ਉਨ੍ਹਾਂ ਨੂੰ ਇਹ ਵੀ ਸੋਚਣਾ ਚਾਹੀਦਾ ਹੈ ਕਿ ਇਨ੍ਹਾਂ ਨਾਲ ਸੂਬੇ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਵਪਾਰੀ ਅਤੇ ਉਦਯੋਗਪਤੀ ਇਸ ਗੱਲ ‘ਤੇ ਦੁੱਖ ਪ੍ਰਗਟ ਕਰ ਰਹੇ ਹਨ ਕਿ ਵਾਰ-ਵਾਰ ਸੜਕਾਂ ਅਤੇ ਰੇਲਾਂ ਜਾਮ ਕਰਨ ਨਾਲ ਉਨ੍ਹਾਂ ਦੇ ਕਾਰੋਬਾਰ ਬਰਬਾਦ ਹੋ ਰਹੇ ਹਨ।**

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਸੂਬੇ ਦੇ ਕਿਸਾਨਾਂ ਦੇ ਹੱਕਾਂ ਦੇ ਰਖਵਾਲੇ ਹਨ ਅਤੇ ਉਨ੍ਹਾਂ ਦੇ ਹਿੱਤਾਂ ਨੂੰ ਹਰ ਕੀਮਤ ‘ਤੇ ਮਹਿਫੂਜ਼ ਰੱਖਿਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਭਾਰਤ ਸਰਕਾਰ ਵੱਲੋਂ ਖੇਤੀਬਾੜੀ ਮੰਡੀਕਰਨ ਬਾਰੇ ਤਿਆਰ ਕੀਤੇ ਗਏ ਕੌਮੀ ਖੇਤੀਬਾੜੀ ਮੰਡੀਕਰਨ ਨੀਤੀ ਦੇ ਖਰੜੇ ਨੂੰ ਰੱਦ ਕਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਖੇਤੀਬਾੜੀ ਅਤੇ ਇਸ ਦਾ ਮੰਡੀਕਰਨ ਸੂਬੇ ਦਾ ਵਿਸ਼ਾ ਹੈ ਅਤੇ ਕੇਂਦਰ ਸਰਕਾਰ ਦੀ ਇਸ ਵਿੱਚ ਕੋਈ ਭੂਮਿਕਾ ਨਹੀਂ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਖਰੜਾ ਕੇਂਦਰ ਸਰਕਾਰ ਦੇ ਪੰਜਾਬ ਵਿਰੋਧੀ ਅਤੇ ਕਿਸਾਨ ਵਿਰੋਧੀ ਵਤੀਰੇ ਨੂੰ ਦਰਸਾਉਂਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪਹਿਲਾਂ ਹੀ ਕੇਂਦਰ ਸਰਕਾਰ ਨੂੰ ਭੇਜੇ ਗਏ ਲਿਖਤੀ ਜਵਾਬ ਰਾਹੀਂ ਇਸ ਖਰੜੇ ਦੀ ਸਖ਼ਤ ਮੁਖਾਲਫ਼ਤ ਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਸ ਖਰੜੇ ਨੂੰ ਸੂਬਾ ਸਰਕਾਰ ਵੱਲੋਂ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਗਿਆ ਹੈ ਕਿਉਂਕਿ ਇਹ ਸੂਬੇ ਦੇ ਹਿੱਤਾਂ ਦੇ ਪੂਰੀ ਤਰ੍ਹਾਂ ਵਿਰੁੱਧ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਸੂਬੇ ਦੇ ਕਿਸਾਨਾਂ ਦੇ ਹੱਕਾਂ ਅਤੇ ਹਿੱਤਾਂ ਦੇ ਰਖਵਾਲੇ ਹਨ ਅਤੇ ਇਸ ਦੀ ਖਾਤਰ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਲਈ ਖੇਤੀਬਾੜੀ ਨੀਤੀ ਦਾ ਖਰੜਾ ਪਹਿਲਾਂ ਹੀ ਤਿਆਰ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਸਾਰੇ ਭਾਈਵਾਲਾਂ ਤੋਂ ਸੁਝਾਅ ਮੰਗੇ ਗਏ ਹਨ ਅਤੇ ਸਾਰਿਆਂ ਦੇ ਸੁਝਾਅ ਪ੍ਰਾਪਤ ਹੋਣ ਤੋਂ ਬਾਅਦ ਇਸ ਨੀਤੀ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਰੇ ਭਾਈਵਾਲਾਂ ਦਾ ਜਵਾਬ ਮਿਲਣ ਤੋਂ ਬਾਅਦ ਹੀ ਨੀਤੀ ਤਿਆਰ ਕੀਤੀ ਜਾਵੇਗੀ ਅਤੇ 20 ਦਿਨਾਂ ਦੇ ਅੰਦਰ ਸਾਰੇ ਭਾਈਵਾਲਾਂ ਤੋਂ ਜਵਾਬ ਪ੍ਰਾਪਤ ਹੋ ਜਾਵੇਗਾ।

ਇਕ ਹੋਰ ਮੁੱਦੇ ‘ਤੇ ਚਰਚਾ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਨੂੰ ਖੇਤੀ ਸੰਕਟ ਵਿੱਚੋਂ ਕੱਢਣ ਲਈ ਸਿਰਤੋੜ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਕਰਜ਼ੇ ਵਿੱਚੋਂ ਕੱਢਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ ਤਾਂ ਜੋ ਕਿਸਾਨਾਂ ਦੀ ਭਲਾਈ ਨੂੰ ਯਕੀਨੀ ਬਣਾਇਆ ਜਾ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਵਧਦੀ ਲਾਗਤ ਅਤੇ ਘਟਦੀ ਆਮਦਨ ਕਾਰਨ ਸੂਬੇ ਦੇ ਕਿਸਾਨ ਸੰਕਟ ਵਿੱਚ ਹਨ ਅਤੇ ਕਿਸਾਨਾਂ ਦੀ ਆਮਦਨ ਨੂੰ ਵਧਾਉਣ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ।

ਮੁੱਖ ਮੰਤਰੀ ਨੇ ਦੁੱਖ ਪ੍ਰਗਟ ਕੀਤਾ ਕਿ ਕੇਂਦਰ ਸਰਕਾਰ ਸੂਬੇ ਦੇ ਕਿਸਾਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਭਾਰਤ ਸਰਕਾਰ ਅੱਗੇ ਹਮੇਸ਼ਾ ਕਿਸਾਨਾਂ ਦੇ ਮੁੱਦੇ ਉਠਾਏ ਹਨ। ਹਾਲਾਂਕਿ, ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਨੇ ਸੂਬੇ ਦੇ ਕਿਸਾਨਾਂ ਨੂੰ ਦਰਪੇਸ਼ ਕਿਸੇ ਵੀ ਮੁੱਦੇ ਵੱਲ ਧਿਆਨ ਨਹੀਂ ਦਿੱਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਜ਼ਮੀਨੀ ਹਕੀਕਤਾਂ ਤੋਂ ਅਣਜਾਣ ਅਰਥਸ਼ਾਸਤਰੀਆਂ ਵੱਲੋਂ ਕਿਸਾਨ ਵਿਰੋਧੀ ਨੀਤੀਆਂ ਘੜੀਆਂ ਜਾ ਰਹੀਆਂ ਹਨ ਜਿਸ ਕਾਰਨ ਕਿਸਾਨ ਦੁੱਖ ਝੱਲ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਸੂਬੇ ਦੇ ਮਿਹਨਤੀ ਕਿਸਾਨਾਂ ਪ੍ਰਤੀ ਵਿਰੋਧੀ ਰਵੱਈਆ ਅਪਣਾਇਆ ਹੋਇਆ ਹੈ ਪਰ ਸੂਬਾ ਸਰਕਾਰ ਸੰਕਟ ਦੀ ਇਸ ਘੜੀ ਵਿੱਚ ਕਿਸਾਨਾਂ ਨਾਲ ਡਟ ਕੇ ਖੜ੍ਹੀ ਨਾਲ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਦਾ ਮਾਮਲਾ ਕੇਂਦਰ ਸਰਕਾਰ ਕੋਲ ਮਜ਼ਬੂਤੀ ਨਾਲ ਉਠਾਏਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨਾ ਬਹੁਤ ਜ਼ਰੂਰੀ ਹੈ, ਜਿਨ੍ਹਾਂ ਨੇ ਦੇਸ਼ ਨੂੰ ਅਨਾਜ ਉਤਪਾਦਨ ਵਿੱਚ ਆਤਮ-ਨਿਰਭਰ ਬਣਾਇਆ।

# ਪੀ. ਏ. ਯੂ. ਵਿਚ ਸੁਰਜੀਤ ਪਾਤਰ ਕਲਾ ਉਤਸਵ

## ਨਵੀਂ ਪੀੜ੍ਹੀ ਨੂੰ ਸ਼ਬਦ ਸੱਭਿਆਚਾਰ ਨਾਲ ਜੋੜਨਾ ਸਮੇਂ ਦੀ ਲੋੜ: ਸੌਂਦ







**ਲੁਧਿਆਣਾ:** ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿੱਚ ਪੰਜਾਬ ਕਲਾ ਪਰਿਸ਼ਦ ਵੱਲੋਂ ਹੋ ਰਹੇ ਤਿੰਨ ਰੋਜ਼ਾ ‘ਰਾਜ ਪੱਧਰੀ ਸੁਰਜੀਤ ਪਾਤਰ ਕਲਾ ਉਤਸਵ’ਦੇ ਇਨਾਮ ਵੰਡ ਸਮਾਰੋਹ ਦੇ ਮੁੱਖ ਮਹਿਮਾਨ ਪੰਜਾਬ ਦੇ ਸੈਰ ਸਪਾਟਾ ਅਤੇ ਸਭਿਆਚਾਰ ਬਾਰੇ ਮੰਤਰੀ ਤਰੁਣਦੀਪ ਸਿੰਘ ਸੌਂਦ ਨੇ ਕਿਹਾ ਨੌਜਵਾਨ ਪੀੜੀ ਨੂੰ ਸ਼ਬਦ ਸਭਿਆਚਾਰ ਨਾਲ ਜੋੜਨਾ ਅੱਜ ਦੇ ਸਮੇਂ ਦੀ ਲੋੜ ਹੈ ਤਾਂ ਕਿ ਚੰਗੀਆਂ ਲਿਖਤਾਂ, ਵਧੀਆਂ ਕਿਤਾਬਾਂ ਉਹਨਾਂ ਦੀ ਜ਼ਿੰਦਗੀ ਦਾ ਹਿੱਸਾ ਬਣ ਸਕਣ।ਸੌਂਦ ਸਾਹਿਬ ਨੇ ਕਿਹਾ ਕਿ ਸਾਹਿਤ ਅਤੇ ਕਲਾ ਨਾਲ ਜੁੜਨ ਵਾਲੇ ਇਨਸਾਨ ਸੁਭਾਅ ਅਤੇ ਵਰਤਾਰੇ ਪੱਖੋਂ ਨੇਕ ਦਿਲੀ ਵਾਲੇ ਹੁੰਦੇ ਹਨ ਜੋ ਸਮਾਜ ਦੇ ਭਲੇ ਲਈ ਯਤਨਸ਼ੀਲ ਰਹਿੰਦੇ ਹਨ। ਸਰਦਾਰ ਸੌਂਦ ਨੇ ਕਿਹਾ ਪੰਜਾਬ ਸਰਕਾਰ ਵੱਲੋਂ ਸਾਹਿਤ, ਕਲਾ, ਵਿਰਾਸਤ ਅਤੇ ਮਾਣਮੱਤੇ ਇਤਿਹਾਸ ਨੂੰ ਸੰਭਾਲਣ ਅਤੇ ਪਸਾਰਨ ਲਈ ਸੰਜੀਦਾ ਪ੍ਰੋਗਰਾਮ ਉਲੀਕੇ ਜਾ ਰਹੇ ਹਨ ਅਤੇ ਇਹ ਰਾਜ ਪੱਧਰੀ ‘ਸੁਰਜੀਤ ਪਾਤਰ ਕਲਾ ਉਤਸਵ’ ਉਹਨਾ ਪ੍ਰੋਗਰਾਮਾਂ ਦਾ ਹੀ ਹਿੱਸਾ ਹੈ। ਉਹਨਾ ਕਿਹਾ ਕਿ ਸੁਰਜੀਤ ਪਾਤਰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਸ਼ਾਨ ਸਨ ਅਤੇ ਆਪਣੀਆਂ ਲਿਖਤਾਂ ਨਾਲ ਹਮੇਸ਼ਾ ਰਹਿਣਗੇ ਵੀ ।

> **ਇਸ ਮੌਕੇ ਵਿਸ਼ੇਸ਼ ਮਹਿਮਾਨ ਡਾ. ਬਿਕਰਮ ਸਿੰਘ ਗਿੱਲ ਨੇ ਕਿਹਾ ਕਿ ਬਦਲ ਰਹੇ ਸੱਭਿਆਚਾਰ ਅਤੇ ਜਨ ਜੀਵਨ ਵਿਚ ਨਵੀਆਂ ਤਕਨੀਕਾਂ ਆ ਗਈਆਂ ਹਨ ਫਿਰ ਵੀ ਪੁਰਾਤਨ ਰੀਤੀ ਰਿਵਾਜ ਸਾਰਥਿਕ ਹਨ।**

ਵਾਈਸ ਚਾਂਸਲਰ ਡਾ ਸਤਿਬੀਰ ਸਿੰਘ ਗੋਸਲ ਕਿਹਾ ਕਿ ਡਾ ਸੁਰਜੀਤ ਪਾਤਰ ਨੇ ਇਸ ਯੂਨੀਵਰਸਿਟੀ ਵਿੱਚ ਸ਼ਬਦ ਸਭਿਅਚਾਰ ਦੇ ਜੋ ਬੀਜ ਬੀਜੇ ਹਨ ਉਹਨਾਂ ਦੀ ਬਦੌਲਤ ਯੂਨੀਵਰਸਿਟੀ ਦੇ ਵਿਹੜੇ ਵਿੱਚ ਸਾਹਿਤ ਅਤੇ ਕਲਾ ਦਾ ਭਰਵਾਂ ਬੋਲਬਾਲਾ ਹੈ । ਡਾ ਗੋਸਲ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਉਸਾਰੂ , ਸਾਹਿਤਕ ਅਤੇ ਵਿਰਾਸਤੀ ਕਲਾਵਾਂ ਨਾਲ ਜੋੜਨ ਲਈ ਯੂਨੀਵਰਸਿਟੀ ਹਮੇਸ਼ਾ ਯਤਨਸ਼ੀਲ ਹੈ ਅਤੇ ਰਹੇਗੀ । ਡਾ ਗੋਸਲ ਨੇ ਦੱਸਿਆ ਕਿ ਵਿਦਿਆਰਥੀਆਂ ਲਈ ਬਣਾਈ ਗਈ ‘ਸੁਰਜੀਤ ਪਾਤਰ ਸੱਥ’ ਯੂਨੀਵਰਸਿਟੀ ਵਿੱਚ ਸਾਹਿਤਕ ਗਤੀਵਿਧੀਆਂ ਦਾ ਕੇਂਦਰ ਬਣੇਗੀ।

ਪੰਜਾਬ ਕਲਾ ਪਰਿਸ਼ਦ ਦੇ ਚੇਅਰਮੈਨ ਸਵਰਨਜੀਤ ਸਵੀ ਨੇ ਕਿਹਾ ਕਿ ਪੰਜਾਬ ਨਵ ਨਿਰਮਾਣ ਮਹਾਂ ਉਤਸਵ ਅਧੀਨ ਵੱਖ-ਵੱਖ ਪਿੰਡਾਂ ਸ਼ਹਿਰਾਂ ਅਤੇ ਵਿਦਿਅਕ ਅਦਾਰਿਆਂ ਵਿੱਚ ਸਮਾਗਮ ਕੀਤੇ ਜਾ ਰਹੇ ਹਨ ।ਸਵੀ ਨੇ ਦੱਸਿਆ ਮਾਰਚ ਦੇ ਅਖੀਰ ਤੱਕ ਹੋ ਰਹੇ ਇਹਨਾਂ ਸਮਾਗਮਾਂ ਵਿੱਚ ਪ੍ਰੋੜ ਸਾਹਿਤਕਾਰ , ਕਲਾਕਾਰ ਅਤੇ ਨੌਜਵਾਨ ਲੇਖਕ ਕਲਾਕਾਰ ਭਾਗ ਲੈ ਰਹੇ ਹਨ ।

ਯੂਨੀਵਰਿਸਟੀ ਦੇ ਨਿਰਦੇਸ਼ਕ ਵਿਦਿਆਰਥੀ ਭਲਾਈ ਡਾ. ਨਿਰਮਲ ਜੌੜਾ ਨੇ ਕਿਹਾ ਕਿ ਡਾ ਸੁਰਜੀਤ ਪਾਤਰ ਜੀ ਦੀ ਹਮੇਸ਼ਾ ਇੱਛਾ ਰਹੀ ਹੈ ਕਿ ਨੌਜਵਾਨ ਪੀੜੀ ਨੂੰ ਆਪਣੀ ਵਿਰਾਸਤ ਨਾਲ ਜੋੜਨ ਵਾਲੇ ਉਤਸ਼ਾਹੀ ਪ੍ਰੋਗਰਾਮ ਕੀਤੇ ਜਾਣੇ ਚਾਹੀਦੇ ਹਨ। ਡਾ ਨਿਰਮਲ ਜੌੜਾ ਨੇ ਦੱਸਿਆ ਪੰਜਾਬ ਕਲਾ ਪਰਿਸ਼ਦ ਵੱਲੋਂ ਕਈ ਸਾਲ ਪਹਿਲਾਂ ਵਿਦਿਆਰਥੀ ਕਲਾ ਉਤਸਵ ਡਾ ਸੁਰਜੀਤ ਪਾਤਰ ਨੇ ਹੀ ਸ਼ੁਰੂ ਕੀਤਾ ਸੀ ਜਿਸਨੂੰ ਹੁਣ ਉਹਨਾਂ ਦੇ ਨਾਮ ਨਾਲ ਹੀ ਮਨਾਉਣਾ ਸ਼ੁਰੂ ਕੀਤਾ ਹੈ। ਸਹਿਯੋਗੀ ਨਿਰਦੇਸ਼ਕ ਸੱਭਿਆਚਾਰ ਡਾ. ਰੁਪਿੰਦਰ ਕੌਰ ਨੇ ਦੱਸਿਆ ਕਿ ਇਸ ਉਤਸਵ ਦੌਰਾਨ ਵੀਹ ਕਾਲਜਾਂ ਦੇ ਦੋ ਸੌ ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ।

ਇਸ ਮੌਕੇ ਵਿਸ਼ੇਸ਼ ਮਹਿਮਾਨ ਡਾ ਬਿਕਰਮ ਸਿੰਘ ਗਿੱਲ ਨੇ ਕਿਹਾ ਕਿ ਬਦਲ ਰਹੇ ਸੱਭਿਆਚਾਰ ਅਤੇ ਜਨ ਜੀਵਨ ਵਿੱਚ ਨਵੀਆਂ ਤਕਨੀਕਾਂ ਆ ਗਈਆਂ ਹਨ ਫਿਰ ਵੀ ਪੁਰਾਤਨ ਰੀਤੀ ਰਿਵਾਜ ਸਾਰਥਿਕ ਹਨ। ਕਵੀਸ਼ਰੀ ਕਲਾ ਦੀ ਜੱਜਮੈਂਟ ਲਈ ਸਤਿੰਦਰ ਪਾਲ ਸਿੰਘ ਸਿਧਵਾਂ, ਪਾਲੀ ਖਾਦਿਮ ਅਤੇ ਪ੍ਰੀਤਮ ਰੁਪਾਲ ਪਹੁੰਚੇ ਸਨ।

ਇਸ ਮੌਕੇ ਡਾ ਚਰਨਜੀਤ ਸਿੰਘ ਔਲਖ, ਧਰਮ ਸਿੰਘ ਸੰਧੂ, ਨਵਜੋਤ ਸਿੰਘ ਮੰਡੇਰ, ਅਮਰਜੀਤ ਸਿੰਘ ਟਾਂਡਾ ਆਸਟ੍ਰੇਲੀਆ, ਹਰਪਾਲ ਸਿੰਘ ਮਾਂਗਟ, ਡਾ ਸੁਰਜੀਤ ਭਦੌੜ, ਰਵਿੰਦਰ ਰੰਗੂਵਾਲ, ਜਸਮੇਰ ਸਿੰਘ ਢੱਟ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ । ਜੁਆਇੰਟ ਡਾਇਰੈਕਟਰ ਡਾ. ਕਮਲਜੀਤ ਸਿੰਘ ਸੂਰੀ ਨੇ ਸਭ ਦਾ ਧੰਨਵਾਦ ਕੀਤਾ । ਪ੍ਰੋਗਰਾਮ ਦਾ ਸੰਚਾਲਨ ਡਾ ਵਿਸ਼ਾਲ ਬੈਕਟਰ, ਡਾ ਦਿਵਿਆ ਉਤਰੇਜਾ ਅਤੇ ਡਾ ਗੁਰਨਾਜ਼ ਗਿੱਲ ਨੇ ਕੀਤਾ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਭਾਰਤੀ ਮਾਂ ਦੀ ਪਾਕਿਸਤਾਨੀ ਧੀ ਦੇ ਭਵਿੱਖ ’ਤੇ ਕੇਂਦਰ ਲਵੇ ਫ਼ੈਸਲਾ: ਹਾਈ ਕੋਰਟ




**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਰਾਸ਼ਟਰਤਾ, ਨਾਗਰਿਕਤਾ ਤੇ ਮਾਪਿਆ ਦੇ ਅਧਿਕਾਰਾਂ ਦੀਆਂ ਗੁੰਝਲਾਂ ‘ਚ ਉਲਝੇ ਇਕ ਮਾਮਲੇ ਦੀ ਸੁਣਵਾਈ ਕਰਦੇ ਹੋਏ ਕੇਂਦਰ ਸਰਕਾਰ ਨੂੰ ਪਾਕਿਸਤਾਨ ‘ਚ ਪੈਦਾ ਹੋਈ ਇਕ ਬੱਚੀ ਦੇ ਭਾਰਤ ‘ਚ ਰਹਿਣ ਦੀ ਮਿਆਦ ਵਧਾਉਣ ‘ਤੇ ਤਿੰਨ ਮਹੀਨਿਆਂ ਦੇ ਅੰਦਰ ਫ਼ੈਸਲਾ ਲੈਣ ਦਾ ਹੁਕਮ ਦਿੱਤਾ ਹੈ। ਇਹ ਮਾਮਲਾ ਇਕ ਭਾਰਤੀ ਮਾਂ ਤੇ ਪਾਕਿਸਤਾਨੀ ਪਿਤਾ ਤੋਂ ਪੈਦਾ ਹੋਈ ਬੱਚੀ ਹਾਦੀਆ ਅਫਰੀਦੀ ਨਾਲ ਸਬੰਧਤ ਹੈ, ਜਿਹੜੀ ਹੁਣ ਆਪਣੇ ਭਵਿੱਖ ਬਾਰੇ ਬੇਯਕੀਨੀ ਦਾ ਸਾਹਮਣਾ ਕਰ ਰਹੀ ਹੈ। ਜਸਟਿਸ ਕੁਲਦੀਪ ਤਿਵਾੜੀ ਨੇ ਬੱਚੀ ਹਾਦੀਆ ਅਫ਼ਰੀਦੀ ਦੀ ਆਪਣੀ ਮਾਂ ਗੁਲਫਿਸ਼ਾਂ ਰਾਹੀਂ ਦਾਖ਼ਲ ਪਟੀਸ਼ਨ ‘ਤੇ ਸੋਮਵਾਰ ਨੂੰ ਇਹ ਹੁਕਮ ਦਿੱਤਾ। ਪਟੀਸ਼ਨ ‘ਚ ਕੇਂਦਰ ਸਰਕਾਰ ਨੂੰ ਭਾਰਤ ‘ਚ ਉਸ ਦੀ ਰਹਿਣ ਦੀ ਮਿਆਦ ਵਧਾਉਣ ਦਾ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ। ਗੁਲਫਿਸ਼ ਪੰਜਾਬ ਦੇ ਮਾਲੇ ਰਕੋਟਲਾ ਦੀ ਰਹਿਣ ਵਾਲੀ ਇਕ ਭਾਰਤੀ ਨਾਗਰਿਕ ਹੈ। ਗੁਲਫਿਸ਼ਾਂ ਨੇ 14 ਫਰਵਰੀ 2019 ਨੂੰ ਇਕ ਪਾਕਿਸਤਾਨੀ ਹਾਦੀਆ ਨੇ ਆਪਣੀ ਮਾਂ ਰਾਹੀਂ 31 ਜਨਵਰੀ 2025 ਨੂੰ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਦੇ ਸਕੱਤਰ ਨੂੰ ਇਕ ਵਿਸਥਾਰਤ ਅਰਜ਼ੀ ਦਿੱਤੀ ਸੀ। ਹੁਣ ਪਟੀਸ਼ਨ ਦਾਖ਼ਲ ਕਰਨ ਦਾ ਮੁੱਖ ਕਾਰਨ ਇਹ ਹੈ ਕਿ ਉਸ ਅਰਜ਼ੀ ‘ਤੇ ਅਜੇ ਤੱਕ ਕੋਈ ਫ਼ੈਸਲਾ ਨਹੀਂ ਲਿਆ ਗਿਆ। ਹਾਈ ਕੋਰਟ ‘ਚ ਸੁਣਵਾਈ ਸਮੇਂ ਭਾਰਤ ਸਰਕਾਰ ਤੋਂ ਇਲਾਵਾ ਸਾਲਿਸਟਰ ਜਨਰਲ ਸੱਤਿਆਪਾਲ ਜੈਨ ਨੇ ਕਿਹਾ ਕਿ ਜੇਕਰ ਸਹੀ ਸਮਾਂ ਦਿੱਤਾ ਜਾਵੇ ਤਾਂ ਸਬੰਧਤ ਅਥਾਰਟੀ ਇਸ ਅਰਜ਼ੀ ‘ਤੇ ਫੈਸਲਾ ਲਵੇਗੀ। ਮਾਮਲੇ ਦੇ ਵਿਸ਼ੇਸ਼ ਹਾਲਾਤ ਨੂੰ ਦੇਖਦਿਆਂ ਜਸਟਿਸ ਕੁਲਦੀਪ ਤਿਵਾੜੀ ਨੇ ਪਟੀਸ਼ਨ ਦਾ ਨਿਪਟਾਰਾ ਕਰਦੇ ਹੋਏ ਕੇਂਦਰ ਸਰਕਾਰ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਅਰਜ਼ੀ ‘ਤੇ ਪੂਰੀ ਹਮਦਰਦੀ ਨਾਲ ਵਿਚਾਰ ਕਰੇ ਤੇ ਸਹੀ ਫ਼ੈਸਲਾ ਲਵੇ।

# ਭ੍ਰਿਸ਼ਟਾਚਾਰ ਖ਼ਿਲਾਫ਼ ਵਿਜੀਲੈਂਸ ਬਿਊਰੋ ਚਲਾਏਗਾ ਮੁਹਿੰਮ




**ਚੰਡੀਗੜ੍ਹ:** ਸਰਕਾਰੀ ਪੱਧਰ ‘ਤੇ ਹੋ ਰਹੇ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਹੁਣ ਵਿਜੀਲੈਂਸ ਮੁਹਿੰਮ ਚਲਾਉਣ ਦੀ ਤਿਆਰੀ ਕਰ ਰਿਹਾ ਹੈ। ਵਿਜੀਲੈਂਸ ਵਿੱਚ ਜਿੰਨੀ ਸ਼ਿਕਾਇਤਾਂ ਲੰਬਿਤ ਹਨ, ਉਨ੍ਹਾਂ ‘ਤੇ ਕਾਰਵਾਈ ਕਰਨ ਦੇ ਹੁਕਮ ਦਿੱਤੇ ਗਏ ਹਨ। ਬਿਊਰੋ ਵੱਲੋਂ ਸਾਰੀਆਂ ‘ਲੰਬਿਤ ਸ਼ਿਕਾਇਤਾਂ ਦਾ ਨਿਪਟਾਰਾ ਇਸ ਮਹੀਨੇ ਦੇ ਅੰਤ ਤੱਕ ਕੀਤਾ ਜਾਵੇਗਾ।

ਵਿਜੀਲੈਂਸ ਅਧਿਕਾਰੀਆਂ ਦੇ ਅਨੁਸਾਰ ਸਰਕਾਰੀ ਕਰਮਚਾਰੀਆ ‘ਤੇ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ ਵੱਧ ਰਹੀਆਂ ਹਨ। ਟ੍ਰੈਪ ਲਗਾਉਣ ਦੀ ਦਰ ਵਿੱਚ 10 ਪ੍ਰਤੀਸ਼ਤ ਦਾ ਵਾਧਾ ਦਰਜ ਹੋਇਆ ਹੈ। ਪਿਛਲੇ ਤਿੰਨ ਸਾਲਾ ਵਿੱਚ ਕੁੱਲ ਮਾਮਲਿਆ ਵਿੱਚ 65ਪ੍ਰਤੀਸ਼ਤ ਸਰਕਾਰੀ ਅਧਿਕਾਰੀ ਹਨ ਜਿਨ੍ਹਾਂ ਖਿਲਾਫ ਕਾਰਵਾਈ ਹੋਈ ਹੈ। 447 ਸ਼ਿਕਾਇਤਾਂ ‘ਤੇ ਟ੍ਰੈਪ ਲਗਾਇਆ ਗਿਆ ਅਤੇ ਇਸ ਦੌਰਾਨ 34 ਸਰਕਾਰੀ ਅਧਿਕਾਰੀਆਂ ‘ਤੇ ਦਬਿਸ਼ ਦਿੱਤੀ ਗਈ। ਇਨ੍ਹਾਂ ਵਿੱਚ 06 ਗੈਰ-ਸਰਕਾਰੀ ਸੰਗਠਨ (ਐਨ.ਜੀ.ਓ.), 11 ਨਿੱਜੀ ਅਤੇ 6 ਸਰਕਾਰੀ ਅਧਿਕਾਰੀ ਸ਼ਾਮਲ ਸਨ। 2023 ਵਿੱਚ ਇਸ ਵਿੱਚ ਵਾਧਾ ਦੇਖਣ ਨੂੰ ਮਿਲਿਆ। ਇਸ ਦੌਰਾਨ 129 ਐਨਸੀਓ, 44 ਨਿੱਜੀ ਅਤੇ 18 ਸਰਕਾਰੀ ਬਾਬੂਆਂ ਖਿਲਾਫ ਕਾਰਵਾਈ ਕੀਤੀ ਗਈ।

### (ਪਹਿਲੇ ਸਫ਼ੇ ਦਾ ਬਾਕੀ)

ਬਕਾਇਦਾ ਕਾਪੀਆਂ ਛਪਦੀਆਂ ਹਨ। ਮੈਂਬਰਸ਼ਿਪ ਤੋਂ ਇਕੱਠੇ ਹੁੰਦੇ ਪੈਸੇ ਸ਼੍ਰੋਮਣੀ ਅਕਾਲੀ ਦਲ ਦੇ ਖਾਤੇ ਵਿੱਚ ਜਾਂਦੇ ਹਨ। ਜਿਨਾਂ ਦਾ ਬਕਾਇਦਾ ਆਡਿਟ ਹੁੰਦਾ ਹੈ। ਇਨਕਮ ਟੈਕਸ ਭਰਿਆ ਜਾਂਦਾ ਹੈ। ਉਹਨਾਂ ਇਥੋਂ ਤੱਕ ਕਿਹਾ ਕਿ ਜੇਕਰ ਅਜਿਹੀ ਕੋਈ ਭਰਤੀ ਕੀਤੀ ਜਾਂਦੀ ਹੈ ਤਾਂ ਇਹ ਇੱਕ ਅਪਰਾਧਿਕ ਕਾਰਵਾਈ ਹੋਵੇਗੀ। ਉਹਨਾਂ ਕਮੇਟੀ ਮੈਂਬਰਾਂ ਨੂੰ ਸਲਾਹ ਦਿੱਤੀ ਕਿ ਅਜਿਹੇ ਕਦਮ ਨਾ ਚੁੱਕਣ ਦਾ ਯਤਨ ਕਰਨ। ਇਸ ਨਾਲ ਕਈ ਹੋਰ ਪਚੀਦਗੀਆਂ ਪੈਦਾ ਹੋਣਗੀਆਂ। ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਪੰਜ ਮੈਂਬਰੀ ਕਮੇਟੀ ਵਲੋਂ ਕੀਤੀ ਗਈ ਨਵੀਂ ਭਰਤੀ ਵਾਲੇ ਅਕਾਲੀ ਦਲ ਦਾ ਕੋਈ ਹੋਰ ਨਾਮ ਹੋਵੇਗਾ ਜਾਂ ਇਸ ਦਾ ਨਾਮ ਵੀ ਸ਼ਰੋਮਣੀ ਅਕਾਲੀ ਦਲ ਹੀ ਹੋਵੇਗਾ? ਪੰਜ ਮੈਂਬਰੀ ਕਮੇਟੀ ਦੇ ਇਸ ਐਲਾਨ ਨਾਲ ਪੰਥਕ ਸਿਆਸਤ ਇਕ ਵਾਰ ਫਿਰ ਨਵੀਂਆਂ ਗੁੰਝਲਾਂ ਵਿੱਚ ਫਸ ਗਈ ਹੈ।

# ਚੀਨ ’ਚ ਬੇਕਾਬੂ ਹੋਇਆ ਰੋਬੋਟ-ਭੀੜ ’ਤੇ ਕੀਤਾ ਹਮਲਾ

**ਨਵੀਂ ਦਿੱਲੀ:** ਜੇਕਰ ਤੁਹਾਨੂੰ ਫਿਲਮਾਂ ਦੇਖਣ ਦਾ ਸ਼ੌਕ ਹੈ ਤਾਂ ਤੁਸੀਂ ਰੋਬੋਟ ਫਿਲਮ ਦੇਖੀ ਹੋਵੇਗੀ, ਜਿਸ ਵਿਚ ਇਕ ਵਿਗਿਆਨੀ ਹਿਊਮਨਾਈਡ ਜਾਂ ਮਨੁੱਖੀ ਰੋਬੋਟ ਬਣਾਉਂਦਾ ਹੈ ਪਰ ਇਸ ਦੇ ਪ੍ਰੋਗਰਾਮੀ ‘ਚ ਗੜਬੜ ਹੋਣ ਤੋਂ ਬਾਅਦ ਰੋਬੋਟ ਹਮਲੇ ਕਰਨ ਲੱਗਦਾ ਹੈ। ਇਸ ਫਿਲਮ ਵਿਚ ਦਿਖਾਇਆ ਗਿਆ ਹੈ ਕਿ ਬੇਸ਼ੱਕ ਰੋਬੋਟ ਕਈ ਮੁਸ਼ਕਿਲ ਕੰਮਾਂ ਨੂੰ ਸੌਖਿਆਂ ਹੀ ਕਰਕੇ ਜ਼ਿੰਦਗੀ ਸੁਖਾਵੀਂ ਬਣਾ ਸਕਦਾ ਹੈ ਪਰ ਜੇਕਰ ਇਹ ਬੇਕਾਬੂ ਹੋ ਜਾਵੇ ਤਾਂ ਤਬਾਹੀ ਦਾ ਕਾਰਨ ਵੀ ਬਣ ਸਕਦਾ ਹੈ। ਚੀਨ ਵਿਚ ਇਨ੍ਹਾਂ ਦਿਨਾਂ ਵਿਚ ਇਕ ਮਹਾਂਉਤਸਵ ਦੌਰਾਨ ਹੋਈ ਘਟਨਾ ਨੇ ਇਸ ਫਿਲਮ ਦੀ ਯਾਦ ਤਾਜ਼ਾ ਕਰ ਦਿੱਤੀ, ਜਿੱਥੇ ਇਕ ਰੋਬੋਟ ਬੇਕਾਬੂ ਹੋ ਕੇ ਭੀੜ ਵੱਲ ਵਧਿਆ ਤੇ ਲੋਕਾਂ ਨੂੰ ਮੁੱਕੇ ਮਾਰਨ ਲੱਗਿਆ। ਹਾਲਾਂਕਿ ਕੋਈ ਵੀ ਵੱਡਾ ਨੁਕਸਾਨ ਹੋਣ ਤੋਂ ਪਹਿਲਾਂ ਹੀ ਸੁਰੱਖਿਆ ਕਰਮਚਾਰੀਆਂ ਨੇ ਉਸ ਨੂੰ ਰੋਕ ਲਿਆ। ਨੌਂ ਫਰਵਰੀ ਨੂੰ ਹੋਈ ਇਸ ਘਟਨਾ ਦਾ ਵੀਡੀਓ ਇੰਟਰਨੈੱਟ ‘ਤੇ ਵਾਇਰਲ ਹੋ ਰਿਹਾ ਹੈ।

ਚੀਨ ਦੇ ਤਿਆਨਜਿਨ ਵਿਚ ਸਪ੍ਰਿੰਗ ਫੈਸਟੀਵਲ ਗਾਲਾ ਵਿਚ ਹੋਈ ਇਸ ਘਟਨਾ ਦੇ ਵੀਡੀਓ ਵਿਚ ਹਿਊਮਨਾਈਡ ਰੋਬੋਟ ਉਤਸਵ ਵਿਚ ਆਏ ਲੋਕਾਂ ਵੱਲ ਵੱਧਦਾ ਦਿਖ ਰਿਹਾ ਹੈ। ਜੈਕਟ ਪਾ ਕੇ ਰੋਬੋਟ ਬੈਰੀਕੇਡਿੰਗ ਦੇ ਪਿੱਛੇ ਇਕੱਠਾ ਹੋਈ ਭੀੜ ਵੱਲ ਵਧਿਆ ਤੇ ਲੋਕਾਂ ਨੂੰ ਮੁੱਕੇ ਮਾਰਨੇ ਸ਼ੁਰੂ ਕਰ ਦਿੱਤੇ। ਹਾਲਾਂਕਿ ਸੁਰੱਖਿਆ ਕਰਮਚਾਰੀਆਂ ਨੇ ਉਸ ਨੂੰ ਤੁਰੰਤ ਭੀੜ ਤੋਂ ਪਾਸੇ ਕਰ ਦਿੱਤਾ। ਮੰਨਿਆ ਜਾ ਰਿਹਾ ਹੈ ਕਿ ਅਜਿਹਾ ਤਕਨੀਕੀ ਗੜਬੜ ਕਾਰਨ ਹੋਇਆ ਹੈ। ਇਸ ਰੋਬੋਟ ਨੂੰ ਯੂਨਿਟੀ ਰੋਬੋਟਿਕਸ ਨੇ ਬਣਾਇਆ ਹੈ। ਚੀਨ ਵਿਚ ਹੋਈ ਇਸ ਘਟਨਾ ਦੇ ਬਾਅਦ ਮਨੁੱਖੀ ਜੀਵਨ ‘ਤੇ ਮਸ਼ੀਨਾਂ ਜਾਂ ਰੋਬੋਟ ਦੇ ਸੰਭਾਵਤ ਖਤਰਿਆਂ ਦੇ ਬਾਰੇ ਚਿੰਤਾ ਵਧ ਗਈ ਹੈ। ਵੀਡੀਓ ਵਿਚ ਪ੍ਰਤਿਕਿਰਿਆ ਦਿੰਦੇ ਹੋਏ ਇਕ ਯੂਜ਼ਰ ਨੇ ਲਿਖਿਆ, ‘ਇਹ ਤਾਂ ਸ਼ੁਰੂਆਤ ਹੈ।’ ਏਆਈ ਕੰਟਰੋਲ ਰੋਬੋਟ ਨੇ ਇਨਸਾਨ ‘ਤੇ ਹਮਲਾ ਕੀਤਾ। ਇਕ ਹੋਰ ਯੂਜ਼ਰ ਨੇ ਟਿੱਪਣੀ ਕੀਤੀ, ‘ ਸਾਡੇ ਰੌਸ਼ਨ ਭਵਿੱਖ ਦੀ ਇਕ ਝਲਕ ਦੇਖੋ।’ ਇਕ ਯੂਜ਼ਰ ਨੇ ਸਵਾਲ ਕੀਤਾ ਕਿ ਕੀ ਸਾਨੂੰ ਡਰਨਾ ਚਾਹੀਦਾ ਹੈ ਕਿ ਇਕ ਦਿਨ ਏਆਈ ਸਾਡੇ ਲਈ ਖਤਰਾ ਬਣ ਸਕਦਾ ਹੈ। ਇਹ ਪਹਿਲੀ ਵਾਰ ਨਹੀਂ ਹੈ ਕਿ- ਜਦੋਂ ਏਆਈ ਤੇ ਰੋਬੋਟਿਕਸ ਨਾਲ ਜੁੜੇ ਡਰਾਵਨੇ ਮਾਮਲੇ ਸਾਹਮਣੇ ਆਏ ਹਨ। ਕੁਝ ਸਮੇਂ ਪਹਿਲਾਂ ਟੈਸਲਾ ਦੇ ਟੈਕਸਾਸ ਪਲਾਂਟ ਵਿਚ ਰੋਬੋਟ ਨੇ ਇਕ ਇੰਜੀਨੀਅਰ ‘ਤੇ ਹਮਲਾ ਕਰ ਦਿੱਤਾ ਸੀ। ਇਸ ਮਾਮਲੇ ਵਿਚ ਵੀ ਸਾਫਟਵੇਅਰ ਦੀ ਗੜਬੜੀ ਨੂੰ ਕਾਰਨ ਦੱਸਿਆ ਗਿਆ ਸੀ ਪਰ ਜਿਸ ਤਰ੍ਹਾਂ ਰੋਬੋਟ ਦੇ ਬੇਕਾਬੂ ਹੋਣ ਦੇ ਮਾਮਲੇ ਵਧ ਰਹੇ ਹਨ, ਆਰਟੀਫੀਸ਼ੀਅਲ ਇੰਟੈਲੀਜੈਂਸ ਵਿਚ ਕਵਾਲਿਟੀ ਕੰਟਰੋਲ ਤੇ ਇਸਤੇਮਾਲ ਤੋਂ ਪਹਿਲਾਂ ਇਸ ਦੇ ਸੰਭਾਵਤ ਖਤਰਿਆਂ ਨੂੰ ਮੱਦੇਨਜ਼ਰ ਰੱਖਦਿਆਂ ਸਖਤ ਪ੍ਰੀਖਣ ‘ਤੇ ਜ਼ੋਰ ਦਿੱਤਾ ਜਾ ਰਿਹਾ ਹੈ।



# ਖ਼ੂੰਖਾਰ ਕੁੱਤਿਆਂ ਦਾ ਸ਼ਿਕਾਰ ਬਣੀ ਤਿੰਨ ਸਾਲਾ ਬੱਚੀ

**ਕੋਟਕਪੂਰਾ:** ਪਿੰਡ ਨਾਨਕਸਰ ‘ਚ ਤਿੰਨ ਸਾਲਾ ਬੱਚੀ ਨੂੰ ਅਵਾਰਾ ਕੁੱਤਿਆਂ ਨੇ ਉਸ ਵੇਲੇ ਘੇਰ ਕੇ ਨੋਚਣਾ ਸ਼ੁਰੂ ਕਰ ਦਿੱਤਾ ਜਦ ਉਹ ਪਿੰਡ ਦੀ ਦੁਕਾਨ ਤੋਂ ਕੋਈ ਸਾਮਾਨ ਖਰੀਦ ਕੇ ਘਰ ਵਾਪਸ ਪਰਤ ਰਹੀ ਸੀ। ਬੱਚੀ ਰੂਹੀ ਪੁੱਤਰੀ ਪ੍ਰਵੀਨ ਕੁਮਾਰ ਦਾ ਚੀਕ-ਚਿਹਾੜਾ ਸੁਣ ਕੇ ਦਰਜੀ ਅਰਵਿੰਦਰ ਸਿੰਘ ਅਤੇ ਗੁਆਂਢਣ ਕਿਰਨਾ ਰਾਣੀ ਨੇ ਬੱਚੀ ਨੂੰ ਬੜੀ ਮੁਸ਼ਕਲ ਨਾਲ ਕੁੱਤਿਆਂ ਦੇ ਚੁੰਗਲ ਤੋਂ ਬਚਾਇਆ।



ਪਰਿਵਾਰਕ ਮੈਂਬਰਾਂ ਨੇ ਉਸ ਨੂੰ ਤੁਰੰਤ ਬਾਬਾ ਦਿਆਲ ਸਿੰਘ ਸਿਵਲ ਹਸਪਤਾਲ ਕੋਟਕਪੂਰਾ ਵਿਖੇ ਲਿਆਂਦਾ ਜਿੱਥੇ ਡਾਕਟਰਾਂ ਨੇ ਦੱਸਿਆ ਕਿ ਕੁੱਤਿਆਂ ਦੇ ਹਮਲੇ ਕਾਰਨ ਬੱਚੀ ਦੀਆਂ ਲੱਤਾਂ, ਬਾਹਾਂ ਅਤੇ ਚਿਹਰੇ ‘ਤੇ ਕਰੀਬ ਦਰਜਨ ਜ਼ਖਮ ਹੋ ਗਏ ਹਨ। ਸਰਪੰਚ ਸੁਖਮੰਦਰ ਸਿੰਘ ਅਤੇ ਸਮਾਜਸੇਵੀ ਸੁਖਦੇਵ ਸਿੰਘ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਅਵਾਰਾ ਕੁੱਤਿਆਂ ਦੀ ਸਮੱਸਿਆ ਦਾ ਹੱਲ ਕੀਤਾ ਜਾਵੇ, ਕਿਉਂਕਿ ਹੱਡਾਰੋੜੀ ਵਾਲੇ ਖ਼ੂੰਖਾਰ ਕੁੱਤੇ ਜਦ ਪਿੰਡ ਵਿੱਚ ਆਉਂਦੇ ਹਨ ਤਾਂ ਇਸ ਤਰ੍ਹਾਂ ਦੀਆਂ ਅਣਸੁਖਾਵੀਆਂ ਘਟਨਾਵਾਂ ਵਾਪਰਨ ਦਾ ਖਦਸ਼ਾ ਬਣਿਆ ਰਹਿੰਦਾ ਹੈ।

# ਕੇਜਰੀਵਾਲ ਦਸ ਦਿਨਾਂ ਲਈ ਵਿਪਾਸਨਾ ਵਾਸਤੇ ਹੁਸ਼ਿਆਰਪੁਰ ਵਿਚ



**ਨਵੀਂ ਦਿੱਲੀ:** ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਮੰਗਲਵਾਰ ਤੋਂ ਪੰਜਾਬ ‘ਚ 10 ਦਿਨਾਂ ਵਿਪਾਸਨਾ ਸੈਸ਼ਨ ‘ਚ ਹਿੱਸਾ ਲੈ ਰਹੇ ਹਨ। ‘ਆਪ’ ਸੂਤਰਾਂ ਨੇ ਦੱਸਿਆ ਕਿ ਕੇਜਰੀਵਾਲ ਮੰਗਲਵਾਰ ਨੂੰ ਮੈਡੀਟੇਸ਼ਨ ਕੋਰਸ ਲਈ ਹੁਸ਼ਿਆਰਪੁਰ ਆ ਗਏ ਹਨ। ਅਧਿਕਾਰੀਆਂ ਨੇ ਦੱਸਿਆ ਕਿ ਉਹ 5 ਮਾਰਚ ਤੋਂ 15 ਮਾਰਚ ਤੱਕ ਹੋ ਰਹੇ ਵਿਪਾਸਨਾ ਸੈਸ਼ਨ ‘ਚ ਸ਼ਾਮਿਲ ਹਨ। ਕੇਜਰੀਵਾਲ ਨੇ ਦਸੰਬਰ 2023 ‘ਚ ਹੁਸ਼ਿਆਰਪੁਰ ਦੇ ਆਨੰਦਗੜ੍ਹ ‘ਚ ‘ਧਮ ਧੱਜ’ ਵਿਪਾਸਨਾ ਸੈਂਟਰ ਚ 10 ਦਿਨਾਂ ਸੈਸ਼ਨ ‘ਚ ਹਿੱਸਾ ਲਿਆ ਸੀ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਆਬਕਾਰੀ ਨੀਤੀ ਨਾਲ ਜੁੜੇ ਹਵਾਲਾ ਰਾਸ਼ੀ ਮਾਮਲੇ ‘ਚ ਪੁੱਛਗਿੱਛ ਲਈ ਇਨਫੋਰਸਮੈਂਟ ਡਾਇਰੈਕਟੋਰੇਟ ਤੋਂ ਸੰਮਨਾਂ ਦਾ ਸਾਹਮਣਾ ਕਰਨਾ ਪਿਆ ਸੀ । ਇਸੇ ਸਾਲ 5 ਫਰਵਰੀ ਨੂੰ ਹੋਈਆਂ ਵਿਧਾਨ ਸਭਾ ਚੋਣਾਂ ‘ਚ ਨਵੀਂ ਦਿੱਲੀ ਸੀਟ ਤੋਂ ਚੋਣ ਹਾਰਨ ਵਾਲੇ ਕੇਜਰੀਵਾਲ ਨੇ ਜਨਤਕ ਤੌਰ ‘ਤੇ ਨਜ਼ਰ ਆਏ ਬਿਨਾਂ ਆਪਣੇ ਆਪ ਨੂੰ ਪਾਰਟੀ ਨਾਲ ਜੁੜੀਆਂ ਗਤੀਵਿਧੀਆਂ ਤੱਕ ਸੀਮਤ ਰੱਖਿਆ ਹੈ। ਆਮ ਆਦਮੀ ਪਾਰਟੀ, ਜਿਸ ਨੇ 2015 ਤੋਂ 2024 ਤੱਕ ਭਾਰੀ ਬਹੁਮਤ ਨਾਲ ਦਿੱਲੀ ‘ਤੇ ਰਾਜ ਕੀਤਾ ਸੀ, ਤਾਜ਼ਾ ਚੋਣਾਂ ਵਿਚ ਭਾਜਪਾ ਨੇ ਅਠਤਾਲੀ ਸੀਟਾਂ ਜਿੱਤ ਕੇ ਕੇਜਰੀਵਾਲ ਦੀ ਅਗਵਾਈ ਵਾਲੀ ਪਾਰਟੀ ਦਾ ਦਬਦਬਾ ਖਤਮ ਕਰ ਦਿੱਤਾ। ਮਨੀਸ਼ ਸਿਸੋਦੀਆ, ਸੌਰਭ ਭਾਰਦਵਾਜ, ਸਤੇਂਦਰ ਜੈਨ ਅਤੇ ਸੋਮਨਾਥ ਭਾਰਤੀ ਸਮੇਤ ‘ਆਪ’ ਦੇ ਕਈ ਹੋਰ ਨੇਤਾ ਹਾਰ ਗਏ। ਹਾਰ ਤੋਂ ਬਾਅਦ ਪਾਰਟੀ ਦੀ ਦਿੱਲੀ ਇਕਾਈ ਸੰਗਠਨਾਤਮਕ ਬੈਠਕਾਂ ਕਰ ਰਹੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਸੁਰਿੰਦਰ ਸਿੰਘ ਸੁੰਨੜ

# ਨਸ਼ਾ ਤਸਕਰਾਂ ਵਲੋਂ ਕੀਤੇ ਨਜਾਇਜ਼ ਕਬਜ਼ਿਆਂ 'ਤੇ ਚੱਲਿਆ ਬੁਲਡੋਜ਼ਰ



**ਅੱਪਰਾ:** ਨਸ਼ਾ ਤਸਕਰਾਂ ਖਿਲਾਫ ਚੱਲ ਰਹੀ ਕਾਰਵਾਈ ਤਹਿਤ ਜਲੰਧਰ ਦਿਹਾਤੀ ਪੁਲਿਸ ਨੇ ਪ੍ਰਸ਼ਾਸਨਕ ਅਧਿਕਾਰੀਆਂ ਨਾਲ ਸਾਂਝੀ ਕਾਰਵਾਈ ਕਰਦੇ ਹੋਏ ਫਿਲੌਰ ਦੇ ਖ਼ਾਨਪੁਰ ਤੇ ਮੰਡੀ ਪਿੰਡ ਵਿਚ ਪੰਚਾਇਤ ਦੀ ਜ਼ਮੀਨ 'ਤੇ ਬਣਾਏ ਗਏ ਨਾਜਾਇਜ਼ ਕਬਜ਼ਿਆਂ 'ਤੇ ਬੁਲਡੋਜ਼ਰ ਚਲਾ ਦਿੱਤਾ।

ਐਸ.ਐਸ.ਪੀ. ਹਰਕਮਲਪ੍ਰੀਤ ਸਿੰਘ ਖੱਖ ਨੇ ਇਹ ਨਿਰਮਾਣ ਆਪਣੀ ਨਿਗਰਾਨੀ ਵਿਚ ਹਟਵਾਏ। ਐੱਸਐੱਸਪੀ ਖੱਖ ਨੇ ਦੱਸਿਆ ਕਿ ਬਲਾਕ ਵਿਕਾਸ ਤੇ ਪੰਚਾਇਤ ਅਧਿਕਾਰੀ (ਬੀਡੀਪੀਓ) ਫਿਲੌਰ ਨੇ ਇਨ੍ਹਾਂ ਕਬਜ਼ਿਆਂ ਨੂੰ ਹਟਾਉਣ ਲਈ ਪੁਲਿਸ ਦੀ ਸਹਾਇਤਾ ਲਈ ਸੀ। ਉਨ੍ਹਾਂ ਦੱਸਿਆ ਕਿ ਸ਼ਿਕਾਇਤ ਮਿਲੀ ਸੀ ਕਿ ਜਸਵੀਰ ਸਿੰਘ ਸ਼ੀਰਾ ਵਾਸੀ ਖਾਨਪੁਰ ਤੇ ਭੋਲੀ ਪਤਨੀ ਰਾਮਪਾਲ ਰਾਮਾ ਵਾਸੀ ਮੰਡੀ ਨੇ ਪਿੰਡ ਦੀ ਪੰਚਾਇਤ ਦੀ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਕਰ ਰੱਖਿਆ ਹੈ।

ਪੁਲਿਸ ਰਿਕਾਰਡ ਮੁਤਾਬਕ ਭੋਲੀ ਡੱਰਗ ਤਸਕਰ ਹੈ ਤੇ ਉਸ ਖਿਲਾਫ ਨਸ਼ਾ ਤਸਕਰੀ ਦੇ ਤਿੰਨ ਮਾਮਲੇ ਦਰਜ ਹਨ। 2005 'ਚ ਭੋਲੀ ਕੋਲੋਂ 1.190 ਕਿਲੋ ਸਮੈਕ ਦੀ ਬਰਾਮਦਗੀ ਹੋਈ ਸੀ, 2015 ਵਿਚ 2 ਕਿੱਲੋ ਪੋਸਤ ਦੀ ਬਰਾਮਦਗੀ ਹੋਈ ਸੀ ਤੇ 2022 'ਚ ਵੱਡੀ ਮਾਤਰਾ ਵਿਚ ਡਰੱਗਸ ਦੀ ਬਰਾਮਦਗੀ ਹੋਈ ਸੀ। ਇਸ ਤਰ੍ਹਾਂ ਜਸਵੀਰ ਸ਼ੀਰਾ ਵੀ ਤਿੰਨ ਮਾਮਲਿਆਂ 'ਚ ਨਾਮਜ਼ਦ ਹੈ, ਜਿਸ 'ਚ ਇਕ ਮਾਮਲਾ ਚਰਸ ਤੇ ਨਸ਼ੀਲੇ ਇੰਜੈਕਸ਼ਨ ਦੀ ਬਰਾਮਦਗੀ ਦਾ ਹੈ। ਐੱਸ.ਐੱਸ.ਪੀ. ਖੱਖ ਨੇ ਕਿਹਾ ਕਿ ਪੁਲਿਸ ਨੇ ਸ਼ਿਕਾਇਤ ਦੇ ਆਧਾਰ 'ਤੇ ਮਾਲ ਤੇ ਪੰਚਾਇਤ ਅਧਿਕਾਰੀਆਂ ਦੀ ਮਦਦ ਨਾਲ ਕਾਰਵਾਈ ਕੀਤੀ ਗਈ। ਐੱਸ.ਐੱਸ.ਪੀ. ਖੱਖ ਨੇ ਕਿਹਾ ਕਿ ਨਸ਼ਾ ਜੜੋਂ ਖਤਮ ਕਰਨਾ ਹੈ ਤਾਂ ਲੋਕਾਂ ਨੂੰ ਅੱਗੇ ਆਉਣਾ ਹੋਵੇਗਾ। ਆਪਣੇ ਬੱਚਿਆਂ ਨੂੰ ਨਸ਼ੇ ਤੋਂ ਦੂਰ ਰੱਖ ਕੇ ਖੇਡਾਂ ਪ੍ਰਤੀ, ਉੱਚ ਸਿੱਖਿਆ ਪ੍ਰਤੀ ਧਿਆਨ ਲਗਾਉਣ ਲਈ ਪ੍ਰਿਤ ਕਰੋ। ਨਸ਼ਾ ਤਸਕਰਾਂ ਦੇ ਪਰਿਵਾਰਕ ਮੈਂਬਰਾਂ ਨੇ ਕੀਤਾ ਵਿਰੋਧ, ਪੁਲਿਸ ਨੇ ਕੀਤੀ ਕਾਰਵਾਈ : ਪੁਲਿਸ ਜਦੋਂ ਕਬਜ਼ਿਆਂ ਨੂੰ ਬੁਲਡੋਜ਼ਰ ਨਾਲ ਢਾਹ ਰਹੀ ਸੀ ਤਾਂ ਉੱਥੇ ਮੌਜੂਦ ਨਸ਼ਾ ਤਸਕਰਾਂ ਦੇ ਪਰਿਵਾਰਕ ਮੈਂਬਰਾਂ ਨੇ ਸਖ਼ਤ ਵਿਰੋਧ ਕੀਤਾ। ਮੌਕੇ 'ਤੇ ਲਗਭਗ 100 ਪੁਲਿਸ ਕਰਮਚਾਰੀ ਮੌਜੂਦ ਸਨ। ਨਸ਼ਾ ਤਸਕਰਾਂ ਦੇ ਪਰਿਵਾਰਕ ਮੈਂਬਰਾਂ ਦੇ ਵਿਰੋਧ ਦੀ ਪਰਵਾਹ ਕੀਤੇ ਬਿਨਾਂ, ਪੁਲਿਸ ਨੇ ਗ਼ੈਰ-ਕਾਨੂੰਨੀ ਉਸਾਰੀਆਂ ਨੂੰ ਢਾਹ ਦਿੱਤਾ ਤੇ ਕਬਜ਼ਾ ਪੰਚਾਇਤ ਨੂੰ ਸੌਂਪ ਦਿੱਤਾ। ਮਾਹੌਲ ਉਦੋਂ ਤਣਾਅਪੂਰਨ ਹੋ ਗਿਆ ਜਦੋਂ ਨਸ਼ਾ ਤਸਕਰ ਜਸਵੀਰ ਸ਼ੀਰਾ ਦੀ ਮਾਸੀ, ਪਰਮਜੀਤ ਕੌਰ ਪੰਸੋ ਨੇ ਪੁਲਿਸ ਟੀਮ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਉਸ ਨੇ ਕਿਹਾ ਕਿ ਇਸ ਘਰ ਵਿਚ ਮੇਰਾ ਵੀ ਹਿੱਸਾ ਹੈ। ਉਸ ਨੇ ਕਿਹਾ ਕਿ ਉਸ ਦੇ ਪਤੀ ਦੀ ਮੌਤ ਤੋਂ ਬਾਅਦ ਉਹ ਆਪਣੇ ਬੱਚਿਆਂ ਨਾਲ ਮਾਪਿਆਂ ਦੇ ਘਰ ਰਹਿਣ ਲੱਗ ਪਈ। ਜਦੋਂ ਪੰਮੋ ਨੇ ਪੁਲਿਸ ਟੀਮ ਦਾ ਵਿਰੋਧ ਕੀਤਾ ਤਾਂ ਪੁਲਿਸ ਟੀਮ ਨੇ ਉਸ ਨੂੰ ਤੇ ਉਸ ਦੀਆਂ ਸਾਥੀ ਔਰਤਾਂ ਨੂੰ ਹਿਰਾਸਤ ਵਿਚ ਲੈ ਲਿਆ।

ਭੋਲੀ ਦੇ ਪੁੱਤਰ ਦੀ ਵੀ ਨਸ਼ੇ ਨਾਲ ਹੋਈ ਸੀ ਮੌਤ ਨਸ਼ਾ ਤਸਕਰ ਭੋਲੀ ਦੇ ਪੁੱਤਰ ਦੀ ਵੀ ਨਸ਼ੇ ਕਾਰਨ ਮੌਤ ਹੋ ਗਈ ਹੈ। ਭੋਲੀ ਵਿਰੁੱਧ ਕੁੱਲ ਸੱਤ ਮਾਮਲੇ ਦਰਜ ਹਨ ਤੇ ਉਸ ਵਿਰੁੱਧ ਪਹਿਲਾ ਮਾਮਲਾ 2005 'ਚ ਦਰਜ ਕੀਤਾ ਗਿਆ ਸੀ। ਭੋਲੀ ਪਿੰਡ ਮੰਡੀ ਵਿਖੇ ਆਪਣੇ ਘਰ ਰਹਿ ਰਹੀ ਹੈ। ਨਸ਼ਾ ਤਸਕਰੀ ਤੋਂ ਕਮਾਏ ਪੈਸੇ ਨਾਲ ਉਸ ਨੇ ਪੰਚਾਇਤੀ ਛੱਪੜ ਦੀ ਜ਼ਮੀਨ 'ਤੇ ਕਬਜ਼ਾ ਕਰ ਲਿਆ ਤੇ ਇਕ ਘਰ ਬਣਾਇਆ, ਜਿਸ ਨੂੰ ਪ੍ਰਸ਼ਾਸਨ ਨੇ ਢਾਹ ਦਿੱਤਾ ਹੈ।

### ਕਾਰਵਾਈ ਦੌਰਾਨ ਇਹ ਅਧਿਕਾਰੀ ਰਹੇ ਮੌਜੂਦ

ਐੱਸ.ਐੱਸ.ਪੀ. ਹਰਕਮਲਪ੍ਰੀਤ ਸਿੰਘ ਖੱਖ, ਐਸਪੀਡੀ ਮਨਪ੍ਰੀਤ ਸਿੰਘ ਢਿੱਲੋਂ, ਸੁਖਜਿੰਦਰ ਸਿੰਘ ਕਾਰਜਕਾਰੀ ਪੰਚਾਇਤ ਅਫ਼ਸਰ ਫਿਲੌਰ, ਸੁਰਜੀਤ ਸਿੰਘ ਪੰਚਾਇਤ ਸਕੱਤਰ ਪਿੰਡ ਖ਼ਾਨਪੁਰ, ਰਮਨਦੀਪ ਸਿੰਘ ਪੰਚਾਇਤ ਸਕੱਤਰ ਪਿੰਡ ਮੰਡੀ, ਡੀਐੱਸਪੀ ਫਿਲੌਰ ਸਰਵਣ ਸਿੰਘ ਬੱਲ, ਥਾਣਾ ਇੰਚਾਰਜ ਫਿਲੌਰ ਸੰਜੀਵ ਕਪੂਰ, ਸਬ-ਇੰਸਪੈਕਟਰ ਸਾਹਿਬ ਮੀਤ ਸਿੰਘ ਚੌਕੀ ਇੰਚਾਰਜ ਅੱਪਰਾ ਸ਼ਾਮਲ ਸਨ।

### ਧਮਕੀਆਂ ਦਿੰਦੇ ਸਨ ਨਸ਼ਾ ਤਸਕਰ: ਪਿੰਡ ਵਾਸੀ

ਪੁਲਿਸ ਕਾਰਵਾਈ ਦੌਰਾਨ, ਲੋਕਾਂ ਨੇ ਐੱਸਐੱਸਪੀ ਖੱਖ ਨੂੰ ਦੱਸਿਆ ਕਿ ਦੋਵੇਂ ਨਸ਼ਾ ਤਸਕਰ ਅਕਸਰ ਪਿੰਡ ਵਾਸੀਆਂ ਨਾਲ ਝਗੜਾ ਕਰਦੇ ਸਨ ਤੇ ਉਨ੍ਹਾਂ ਨੂੰ ਧਮਕੀਆਂ ਦਿੰਦੇ ਸਨ। ਖ਼ਾਨਪੁਰ ਪਿੰਡ ਦੀ ਸਰਪੰਚ ਪਰਮਜੀਤ ਕੌਰ ਤੇ ਲੋਕਾਂ ਨੇ ਨਸ਼ਾ ਤਸਕਰਾਂ ਵਿਰੁੱਧ ਪੰਜਾਬ ਸਰਕਾਰ ਦੀ ਕਾਰਵਾਈ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਕੋਹੜ ਨੂੰ ਖਤਮ ਕਰਨ ਲਈ ਸੂਬਾ ਸਰਕਾਰ ਵੱਲੋਂ ਤਸਕਰਾਂ ਦੀਆਂ ਗੈਰ-ਕਾਨੂੰਨੀ ਉਸਾਰੀਆਂ ਨੂੰ ਢਾਹੁਣ ਦਾ ਕੰਮ ਵਧੀਆ ਹੈ।

## ਬਿਹਾਰ 'ਚ ਕਈ ਥਾਈਂ ਗੰਗਾ ਦਾ ਪਾਣੀ ਨਹਾਉਣ ਯੋਗ ਨਹੀਂ-ਸਰਵੇਖਣ




**ਪਟਨਾ:** ਤਾਜ਼ਾ ਆਰਥਿਕ ਸਰਵੇਖਣ ਵਿਚ ਸਾਹਮਣੇ ਆਇਆ ਹੈ ਕਿ ਬਿਹਾਰ ਗੰਗਾ ਨਦੀ ਦਾ ਪਾਣੀ ਜ਼ਿਆਦਾਤਰ ਸਥਾਨਾਂ 'ਤੇ ਨਹਾਉਣ ਦੇ ਯੋਗ ਨਹੀਂ ਹੈ ਕਿਉਂਕਿ ਇੱਥੇ ਬੈਬਟੀਰੀਆਲੋਜੀਕਲ ਆਬਾਦੀ ਉੱਚ ਮਾਤਰਾ 'ਚ ਪਾਈ ਗਈ ਹੈ। ਅਧਿਕਾਰੀਆਂ ਨੇ ਕਿਹਾ ਕਿ ਬਿਹਾਰ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ (ਬੀ.ਐਸ.ਪੀ.ਸੀ.ਬੀ.) ਹਰ ਪੰਦਰਵਾੜੇ ਸੂਬੇ ਦੇ 34 ਸਥਾਨਾਂ 'ਤੇ ਗੰਗਾ ਦੇ ਪਾਣੀ ਦੀ ਗੁਣਵੱਤਾ ਦੀ ਨਿਗਰਾਨੀ ਕਰਦਾ ਹੈ। ਹਾਲ ਹੀ 'ਚ ਰਾਜ ਵਿਧਾਨ ਸਭਾ 'ਚ ਪੇਸ਼ ਕੀਤੇ ਗਏ ਆਰਥਿਕ ਸਰਵੇਖਣ ਦੇ ਅਨੁਸਾਰ ਗੰਗਾ ਦੇ ਪਾਣੀ ਦੀ ਗੁਣਵੱਤਾ 'ਬੈਕਟੀਰੀਆਲੋਜੀਕਲ ਆਬਾਦੀ ਦਾ ਉੱਚ ਪੱਧਰ ਦਰਜਾਉਂਦੀ ਹੈ। ਇਹ ਮੁੱਖ ਤੌਰ 'ਤੇ ਗੰਗਾ ਅਤੇ ਉਸ ਦੀਆਂ ਸਹਾਇਕ ਨਦੀਆਂ ਦੇ ਕੰਢੇ ਸਥਿਤ ਸ਼ਹਿਰਾਂ ਤੋਂ ਸੀਵਰੇਜ/ਘਰੇਲੂ ਗੰਦੇ ਪਾਣੀ ਦੇ ਨਿਕਾਸ ਕਾਰਨ ਹੈ।

## ਕਿਸਾਨਾਂ ਤੇ ਸਰਕਾਰ 'ਚ ਬੈਠਕ ਰਹੀ ਬੇਨਤੀਜਾ

### ਮੁੱਖ ਮੰਤਰੀ ਗੁੱਸੇ 'ਚ ਉੱਠ ਕੇ ਚਲੇ ਗਏ

**ਚੰਡੀਗੜ੍ਹ:** ਸੰਯੁਕਤ ਕਿਸਾਨ ਮੋਰਚਾ (ਐਸਕੇਐਮ) ਸਿਆਸੀ ਦੀ ਸੋਮਵਾਰ ਨੂੰ ਚੰਡੀਗੜ੍ਹ 'ਚ ਮੁੱਖ ਮੰਤਰੀ ਭਗਵੰਤ ਮਾਨ ਨਾਲ ਦੋ ਘੰਟੇ ਤੱਕ ਚੱਲੀ ਬੈਠਕ ਬੇਨਤੀਜਾ ਰਹੀ। ਮੁੱਖ ਮੰਤਰੀ ਨੇ ਕਿਹਾ ਕਿ ਉਹ ਉਨ੍ਹਾਂ ਦੇ ਮੋਰਚੇ ਦੇ ਡਰ ਨਾਲ ਨਹੀਂ ਬਲਕਿ ਉਨ੍ਹਾਂ ਦੀਆਂ ਮੰਗਾਂ ਨੂੰ ਜਾਣਨ ਲਈ ਆਏ ਹਨ ਪਰ ਤੁਸੀਂ ਧਰਨਾ ਲਾਉਣਾ ਹੀ ਹੈ ਤਾਂ ਫਿਰ ਕੋਈ ਮੰਗ ਨਹੀਂ ਮੰਨੀ ਜਾਵੇਗੀ। ਇਹ ਕਹਿੰਦੇ ਹੀ ਉਹ ਬੈਠਕ ਤੋਂ ਚਲੇ ਗਏ। ਇਸ ਤੋਂ ਬਾਅਦ ਕਿਸਾਨ ਆਗੂਆਂ ਨੇ ਵੀ ਐਲਾਨ ਕਰ ਦਿੱਤਾ ਕਿ ਉਹ ਪੰਜ ਮਾਰਚ ਤੋਂ ਚੰਡੀਗੜ੍ਹ 'ਚ ਸੱਤ ਦਿਨਾਂ ਦਾ ਧਰਨਾ ਸ਼ੁਰੂ ਕਰਨਗੇ। ਖ਼ਾਸ ਗੱਲ ਇਹ ਹੈ ਕਿ ਕਿਸਾਨਾਂ ਨੇ ਚੰਡੀਗੜ੍ਹ ਦੇ ਸੈਕਟਰ 34 'ਚ ਧਰਨਾ ਦੇਣ ਦਾ ਐਲਾਨ ਕੀਤਾ ਹੋਇਆ ਹੈ ਜਿਸ ਦੀ ਹੁਣ ਤੱਕ ਚੰਡੀਗੜ੍ਹ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਇਜਾਜ਼ਤ ਨਹੀਂ ਦਿੱਤੀ ਹੈ। ਬੈਠਕ ਤੋਂ ਬਾਅਦ ਕਿਸਾਨ ਆਗੂਆਂ ਨੇ ਦੱਸਿਆ ਕਿ ਸਲਾਹ ਕਰਕੇ ਫੈਸਲਾ ਕਰਨਗੇ।



ਮੰਤਰੀ ਕਿਸਾਨਾਂ ਵੱਲੋਂ ਚੰਡੀਗੜ੍ਹ 'ਚ ਧਰਨਾ ਦੇਣ ਦੀ ਗੱਲ 'ਤੇ ਇਹ ਕਹਿ ਕੇ ਬੈਠਕ ਤੋਂ ਚਲੇ ਗਏ ਕਿ ਜੇ ਤੁਸੀਂ ਛੋਟੀਆਂ-ਛੋਟੀਆਂ ਗੱਲਾਂ ਨੂੰ ਲੈ ਕੇ ਧਰਨਾ ਦੇ ਕੇ ਸੂਬੇ ਦੇ ਲੋਕਾਂ ਦਾ ਨੁਕਸਾਨ ਹੀ ਕਰਨਾ ਹੈ ਤਾਂ ਫਿਰ ਬੈਠਕ ਦਾ ਕੀ ਫ਼ਾਇਦਾ। ਇਸ 'ਤੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਤੁਸੀਂ ਕਿਸਾਨਾਂ ਦੇ ਮੋਰਚੇ ਦੇ ਡਰ ਨਾਲ ਹੀ ਉਨ੍ਹਾਂ ਨੂੰ ਬੈਠਕ ਲਈ ਬੁਲਾਇਆ ਹੈ। ਇਸ 'ਤੇ ਮੁੱਖ ਮੰਤਰੀ ਨੂੰ ਗੁੱਸਾ ਆ ਗਿਆ ਤੇ ਉਹ ਬੈਠਕ ਚੋਂ ਚਲੇ ਗਏ।ਬੈਠਕ 'ਚ ਮੌਜੂਦ ਸੂਤਰਾਂ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਦੋ ਘੰਟੇ ਤੱਕ ਕਿਸਾਨਾਂ ਦੀ ਕੋਈ ਅਜਿਹੀ ਮੰਗ ਨਹੀਂ ਸੀ ਜੋ ਨਹੀਂ ਮੰਨੀ ਸੀ।

## ਮਾਇਆਵਤੀ ਨੇ ਆਕਾਸ਼ ਆਨੰਦ ਨੂੰ ਪਾਰਟੀ 'ਚੋਂ ਕੱਢਿਆ

### ਕਿਹਾ, ਜਿਊਂਦੇ ਜੀਅ ਉਤਰਾਧਿਕਾਰੀ ਨਿਯੁਕਤ ਨਹੀਂ ਕਰਾਂਗੀ



**ਲਖਨਊ:** ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ ਨੇ ਆਪਣੇ ਉਤਰਾਧਿਕਾਰੀ ਆਕਾਸ਼ ਆਨੰਦ ਨੂੰ ਪਾਰਟੀ ਵਿਚੋਂ ਹੀ ਬਾਹਰ ਕੱਢ ਦਿੱਤਾ। ਲਖਨਊ ਵਿਖੇ ਮੀਟਿੰਗ ਦੌਰਾਨ ਬਸਪਾ ਸੁਪਰੀਮੋ ਮਾਇਆ ਨੇ ਇਕ ਦਿਨ ਪਹਿਲਾਂ ਉਸਨੂੰ ਪਾਰਟੀ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਤੋਂ ਮੁਕਤ ਕਰ ਦਿੱਤਾ ਸੀ। ਮਾਇਆਵਤੀ ਨੇ ਲਖਨਊ 'ਚ ਪਾਰਟੀ ਦੀ ਕਾਰਜਕਾਰਨੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨੂੰ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਪਾਰਟੀ ਦੇ ਹਿਤਾਂ 'ਚ ਆਕਾਸ਼ ਨੂੰ ਸਾਰੇ ਅਹੁਦਿਆਂ ਤੋਂ ਹਟਾਇਆ ਗਿਆ ਹੈ। ਬਸਪਾ ਮੁਖੀ ਨੇ ਆਪਣੇ ਭਰਾ ਆਨੰਦ ਕੁਮਾਰ ਅਤੇ ਰਾਮਜੀ ਗੌਤਮ ਨੂੰ ਦੇਸ਼ ਭਰ 'ਚ ਪਾਰਟੀ ਮਾਮਲਿਆਂ ਦੀ ਨਿਗਰਾਨੀ ਕਰਨ ਲਈ ਕੌਮੀ ਕੋਆਰਡੀਨੇਟਰ ਨਿਯੁਕਤ ਕੀਤਾ ਸੀ। ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਉਹ ਆਪਣੇ ਜਿਉਂਦੇ ਜੀਅ ਪਾਰਟੀ 'ਚ ਆਪਣੇ ਉੱਤਰਾਧਿਕਾਰੀ ਦਾ ਐਲਾਨ ਨਹੀਂ ਕਰੇਗੀ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਉਨ੍ਹਾਂ ਲਈ ਪਾਰਟੀ ਸਰਵਉੱਚ ਹੈ। ਬਸਪਾ ਪ੍ਰਧਾਨ ਮਾਇਆਵਤੀ ਨੇ ਇਸ ਤੋਂ ਪਹਿਲਾਂ ਆਪਣੇ ਭਤੀਜੇ ਆਕਾਸ਼ ਆਨੰਦ ਦੇ ਸਹੁਰੇ ਅਸ਼ੋਕ ਸਿਧਾਰਥ ਨੂੰ ਗੁੱਟਬਾਜ਼ੀ ਅਤੇ ਪਾਰਟੀ ਵਿਰੋਧੀ ਗਤੀਵਿਧੀਆਂ 'ਚ ਸ਼ਾਮਿਲ ਹੋਣ ਦਾ ਦੋਸ਼ ਲਾਉਂਦਿਆਂ ਬਸਪਾ 'ਚੋਂ. ਕੱਢ ਦਿੱਤਾ ਸੀ। ਆਨੰਦ (30) ਬਸਪਾ ਦਾ ਕੌਮੀ ਕੋਆਰਡੀਨੇਟਰ ਅਤੇ ਮਾਇਆਵਤੀ ਦਾ ਸਿਆਸੀ ਉਤਰਾਧਿਕਾਰੀ ਸੀ। ਮਾਇਆਵਤੀ ਨੇ ਪਿਛਲੇ ਸਾਲ ਆਨੰਦ ਨੂੰ ਬਰਖ਼ਾਸਤ ਕਰ ਦਿੱਤਾ ਸੀ। ਹਾਲਾਂਕਿ, ਬਾਅਦ 'ਚ ਉਸ ਨੂੰ ਬਹਾਲ ਕਰਦਿਆਂ ਆਪਣਾ ਸਿਆਸੀ ਉਤਰਾਧਿਕਾਰੀ ਨਿਯੁਕਤ ਕਰ ਦਿੱਤਾ ਸੀ।

## 'ਸਾਹਿਤ ਸਦਭਾਵਨਾ ਪੁਰਸਕਾਰ 2025' ਹਰਪ੍ਰੀਤ ਕੌਰ ਸੰਧੂ ਨੂੰ ਮਿਲੇਗਾ

### ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਵਲੋਂ ਐਲਾਨ



**ਜਲੰਧਰ:** ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਿਟਡ ਲੁਧਿਆਣਾ ਵੱਲੋਂ ਹਰ ਸਾਲ ਦਿੱਤਾ ਜਾਂਦਾ "ਸਾਹਿਤ ਸਦਭਾਵਨਾ ਪੁਰਸਕਾਰ 2025" ਇਸ ਵਾਰ ਪਟਿਆਲਾ ਵਿੱਚ ਰਹਿਣ ਵਾਲੀ ਉੱਘੀ ਪੰਜਾਬੀ ਲੇਖਿਕਾ ਹਰਪ੍ਰੀਤ ਕੌਰ ਸੰਧੂ ਨੂੰ ਦਿੱਤਾ ਜਾਵੇਗਾ। ਇਸ ਪੁਰਸਕਾਰ ਦਾ ਐਲਾਨ ਕਰਦਿਆਂ ਸੁਸਾਇਟੀ ਦੇ ਪ੍ਰਧਾਨ ਡਾਕਟਰ ਲਖਵਿੰਦਰ ਸਿੰਘ ਜੌਹਲ,ਸਕੱਤਰ ਡਾਕਟਰ ਹਰਜਿੰਦਰ ਸਿੰਘ ਅਟਵਾਲ ਅਤੇ ਮੀਡੀਆ ਸਕੱਤਰ ਡਾਕਟਰ ਦਰਸ਼ਨ ਸਿੰਘ ਆਸ਼ਟ ਨੇ ਦੱਸਿਆ ਕਿ ਇਸ ਪੁਰਸਕਾਰ ਵਿੱਚ 21 ਹਜ਼ਾਰ ਰੁਪਏ ਨਗਦ ਅਤੇ ਸਨਮਾਨ ਚਿੰਨ੍ਹ ਭੇਟ ਕੀਤਾ ਜਾਂਦਾ ਹੈ। ਇਹ ਤੀਸਰਾ ਪੁਰਸਕਾਰ ਹੈ ਇਸ ਤੋਂ ਪਹਿਲਾਂ ਇਹ ਪੁਰਸਕਾਰ ਡਾਕਟਰ ਬਿਕਰਮ ਸਿੰਘ ਘੁੰਮਣ ਅਤੇ ਹਰਮੀਤ ਵਿਦਿਆਰਥੀ ਨੂੰ ਦਿੱਤਾ ਜਾ ਚੁੱਕਾ ਹੈ। ਇਹ ਪੁਰਸਕਾਰ ਪੰਜਾਬੀ ਭਾਸ਼ਾ ਦਾ ਪ੍ਰਚਾਰ ਪ੍ਰਸਾਰ ਕਰਨ ਵਾਲੇ ਅਤੇ ਸਾਹਿਤਕ ਜਥੇਬੰਦੀਆਂ ਦੀ ਮਜ਼ਬੂਤੀ ਲਈ ਨਿਰੰਤਰ ਕਾਰਜਸ਼ੀਲ ਰਹਿਣ ਵਾਲੇ ਸਾਹਿਤਕਾਰਾਂ ਅਤੇ ਕਾਰਕੁੰਨਾ ਨੂੰ ਦਿੱਤਾ ਜਾਂਦਾ ਹੈ। ਡਾਕਟਰ ਦਰਸ਼ਨ ਸਿੰਘ ਆਸ਼ਟ ਨੇ ਦੱਸਿਆ ਕਿ ਇਹ ਪੁਰਸਕਾਰ ਅਪ੍ਰੈਲ ਵਿੱਚ ਹੋਣ ਵਾਲੇ ਸੁਸਾਇਟੀ ਦੇ ਸਮਾਗਮ ਵਿੱਚ ਭੇਟ ਕੀਤਾ ਜਾਵੇਗਾ।

# 1993 ਦਾ ਫ਼ਰਜ਼ੀ ਪੁਲਿਸ ਮਕਾਬਲਾ; ਥਾਣੇਦਾਰ ਦੋਸ਼ੀ ਕਰਾਰ

**ਐਸ.ਏ.ਐਸ. ਨਗਰ:** ਮੁਹਾਲੀ ਦੀ ਇਕ ਅਦਾਲਤ ਨੇ 1993 ਦੇ ਇਕ ਫਰਜ਼ੀ ਮੁਕਾਬਲੇ ਦੇ ਮਾਮਲੇ 'ਚ ਪੰਜਾਬ ਪੁਲਿਸ ਦੇ ਤੱਤਕਾਲੀ ਐਸ.ਐੱਚ.ਓ. ਸੀਤਾ ਰਾਮ ਤੇ ਤੱਤਕਾਲੀ ਕਾਂਸਟੇਬਲ ਰਾਜਪਾਲ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ।

32 ਸਾਲ ਬਾਅਦ ਆਏ ਫ਼ੈਸਲੇ 'ਚ ਸੀਤਾ ਰਾਮ ਨੂੰ ਆਈ.ਪੀ.ਸੀ. ਦੀ ਧਾਰਾ 302, 201 ਤੇ 218 ਤਹਿਤ ਅਪਰਾਧਾਂ ਲਈ ਦੋਸ਼ੀ ਠਹਿਰਾਇਆ ਗਿਆ ਹੈ। ਰਾਜਪਾਲ (57) ਨੂੰ ਧਾਰਾ 201 ਤੇ 120-ਬੀ ਤਹਿਤ ਅਪਰਾਧਾਂ ਲਈ ਦੋਸ਼ੀ ਠਹਿਰਾਇਆ ਗਿਆ ਹੈ।

ਸੀਬੀਆਈ ਦੇ ਵਕੀਲ ਅਨਮੋਲ ਨਾਰੰਗ ਨੇ ਦੱਸਿਆ ਕਿ ਸਾਲ 1993 'ਚ ਤਰਨਤਾਰਨ ਪੁਲਿਸ ਨੇ ਦੋ ਨੌਜਵਾਨਾਂ ਨੂੰ ਮੁਕਾਬਲੇ 'ਚ ਮਾਰ ਕੇ ਉਨ੍ਹਾਂ ਦਾ ਸਸਕਾਰ ਕਰ ਦਿੱਤਾ ਸੀ। ਇਸ ਮਾਮਲੇ 'ਚ ਦੋਵਾਂ ਦੇ ਪਰਿਵਾਰਾਂ ਨੇ 11 ਪੁਲਿਸ ਅਧਿਕਾਰੀਆਂ 'ਤੇ ਅਗਵਾ, ਗ਼ੈਰ-ਕਾਨੂੰਨੀ ਕੈਦ ਤੇ ਕਤਲ ਦੇ ਦੋਸ਼ ਲਗਾਏ ਸਨ। ਮਾਮਲਾ ਸੁਪਰੀਮ ਕੋਰਟ ਪੁੱਜਾ ਤਾਂ ਸੁਪਰੀਮ ਕੋਰਟ ਨੇ ਸੀਬੀਆਈ ਜਾਂਚ ਦੇ ਹੁਕਮ ਦਿੱਤੇ। ਜਾਂਚ 'ਚ ਖੁਲਾਸਾ ਹੋਇਆ ਕਿ 30 ਜਨਵਰੀ, 1993 ਨੂੰ ਪੁਲਿਸ ਚੌਕੀ ਕੈਰ ਤਰਨਤਾਰਨ ਦਾ ਇੰਚਾਰਜ ਏਐੱਸਆਈ ਨੌਰੰਗ ਸਿੰਘ ਅਗਵਾਈ 'ਚ ਆਈ ਪੁਲਿਸ ਟੀਮ ਗਲੀਲੀਪੁਰ ਵਾਸੀ ਗੁਰਦੇਵ ਸਿੰਘ ਉਰਫ਼ ਦੇਬਾ ਨੂੰ ਉਸ ਦੇ ਘਰੋਂ ਹਿਰਾਸਤ 'ਚ ਲੈ ਗਈ ਸੀ।

ਇਸ ਤੋਂ ਬਾਅਦ 5 ਫਰਵਰੀ 1993 ਨੂੰ ਥਾਣਾ ਪੱਟੀ ਦੇ ਏਐੱਸਆਈ ਦੀਦਾਰ ਸਿੰਘ ਦੀ ਅਗਵਾਈ ਹੇਠ ਪੁਲਿਸ ਟੀਮ ਨੇ ਪਿੰਡ ਬਾਹਮਣੀ ਵਾਲਾ ਤੋਂ ਇਕ ਹੋਰ ਨੌਜਵਾਨ ਸੁਖਵੰਤ ਸਿੰਘ ਨੂੰ ਹਿਰਾਸਤ 'ਚ ਲਿਆ ਗਿਆ। ਬਾਅਦ 'ਚ ਪੁਲਿਸ ਨੇ ਦੋਵਾਂ ਨੂੰ 6 ਫਰਵਰੀ 1993 ਨੂੰ ਥਾਣਾ ਪੱਟੀ ਦੇ ਭਾਗੂਪੁਰ ਇਲਾਕੇ 'ਚ ਮੁਕਾਬਲੇ 'ਚ ਮਾਰ ਕੇ ਮਨਘੜਤ ਕਹਾਣੀ ਬਣਾ ਕੇ ਪੁਲਿਸ ਸਟੇਸ਼ਨ ਪੱਟੀ ਤਰਨਤਾਰਨ ਵਿਖੇ ਐੱਫ.ਆਈ.ਆਰ. ਦਰਜ ਕਰ ਦਿੱਤੀ। ਦੋਵਾਂ ਦੀਆਂ ਲਾਸ਼ਾਂ ਨੂੰ ਲਾਵਾਰਸ ਦੱਸ ਕੇ ਪੁਲਿਸ ਨੇ ਉਨ੍ਹਾਂ ਦਾ ਸਸਕਾਰ ਵੀ ਕਰ ਦਿੱਤਾ।

ਪੁਲਿਸ ਨੇ ਦਾਅਵਾ ਕੀਤਾ ਸੀ ਕਿ ਦੋਵੇਂ ਕਤਲ, ਜਬਰੀ ਵਸੂਲੀ ਦੇ 300 ਮਾਮਲਿਆ 'ਚ ਸ਼ਾਮਲ ਸਨ ਪਰ ਸੀਬੀਆਈ ਜਾਂਚ ਦੌਰਾਨ ਇਹ ਤੱਥ ਗਲਤ ਪਾਇਆ ਗਿਆ। ਸਾਲ 2000 'ਚ ਜਾਂਚ ਪੂਰੀ ਕਰਨ ਤੋਂ ਬਾਅਦ, ਸੀਬੀਆਈ ਨੇ ਤਰਨਤਾਰਨ ਦੇ 11 ਪੁਲਿਸ ਅਧਿਕਾਰੀਆਂ ਖਿਲਾਫ ਚਾਰਜਸ਼ੀਟ ਦਾਖ਼ਲ ਕੀਤੀ ਸੀ।



ਇਨ੍ਹਾਂ 'ਚ ਪੁਲਿਸ ਚੌਕੀ ਕੇਵੇਂ ਦੇ ਤੱਤਕਾਲੀ ਇੰਚਾਰਜ ਨੌਰੰਗ ਸਿੰਘ, ਏ.ਐੱਸ.ਆਈ. ਦੀਦਾਰ ਸਿੰਘ, ਕਸ਼ਮੀਰ ਸਿੰਘ, ਤਾਤਕਾਲੀ ਡੀਐਸਪੀ ਪੱਟੀ, ਸੀਤਾ ਰਾਮ, ਤੱਤਕਾਲੀ ਐੱਸ.ਐੱਚ.ਓ. ਪੱਟੀ, ਦਰਸ਼ਨ ਸਿੰਘ, ਗੋਬਿੰਦਰ ਸਿੰਘ, ਤੱਤਕਾਲੀ ਐੱਸਐੱਚਓ ਵਲਟੋਹਾ, ਏ.ਐੱਸ.ਆਈ. ਸ਼ਮੀਰ ਸਿੰਘ, ਏ.ਐਸ.ਆਈ. ਫਕੀਰ ਸਿੰਘ, ਕਾਂਸਟੇਬਲ ਸਰਦੂਲ ਸਿੰਘ, ਕਾਂਸਟੇਬਲ ਰਾਜਪਾਲ ਤੇ ਕਾਂਸਟੇਬਲ ਅਮਰਜੀਤ ਸਿੰਘ ਸ਼ਾਮਲ ਸਨ। 2001 'ਚ ਉਨ੍ਹਾਂ ਵਿਰੁੱਧ ਦੋਸ਼ ਤੈਅ ਕੀਤੇ ਗਏ ਸਨ ਪਰ ਪੰਜਾਬ ਡਿਸਟਰਬਡ ਏਰੀਆਜ਼ ਐਕਟ, 1983 ਤਹਿਤ ਜ਼ਰੂਰੀ ਪ੍ਰਵਾਨਗੀ ਲਈ ਦੋਸ਼ੀਆਂ ਵੱਲੋਂ ਦਾਇਰ ਪਟੀਸ਼ਨਾਂ ਦੇ ਆਧਾਰ 'ਤੇ ਉੱਚ ਅਦਾਲਤਾਂ ਨੇ ਕੇਸ 2021 ਤਕ ਮੁਲਤਵੀ ਕਰੀ ਰੱਖਿਆ।

ਸੀਬੀਆਈ ਨੇ ਮਾਮਲੇ 'ਚ 48 ਗਵਾਹਾਂ ਦਾ ਹਵਾਲਾ ਦਿੱਤਾ ਸੀ, ਪਰ ਮੁਕੱਦਮੇ ਦੌਰਾਨ ਸਿਰਫ਼ 22 ਗਵਾਹਾਂ ਨੇ ਹੀ ਗਵਾਹੀ ਦਿੱਤੀ, ਕਿਉਂਕਿ ਦੇਰ ਤਕ ਚੱਲੇ ਮੁਕੱਦਮੇ ਦੌਰਾਨ 23 ਗਵਾਹਾਂ ਦੀ ਮੌਤ ਹੋ ਗਈ ਸੀ ਤੇ ਇਸ ਕਾਰਨ ਕੁੱਝ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਗਿਆ ਸੀ। ਇਸੇ ਤਰ੍ਹਾਂ ਚਾਰ ਮੁਲਜ਼ਮ ਸਰਦੂਲ ਸਿੰਘ, ਅਮਰਜੀਤ ਸਿੰਘ, ਦੀਦਾਰ ਸਿੰਘ ਤੇ ਸਮੀਰ ਸਿੰਘ ਦੀ ਮੁਕੱਦਮੇ ਦੀ ਲੰਬਿਤ ਮਿਆਦ ਦੌਰਾਨ ਮੌਤ ਹੋ ਗਈ, ਜਦੋ ਕਿ 5 ਮੁਲਜ਼ਮਾਂ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਗਿਆ।

# ਮਨੂ ਸਮ੍ਰਿਤੀ ਤੇ ਬਾਬਰਨਾਮਾ ਨੂੰ ਪਾਠਕ੍ਰਮ ਵਿਚ ਸ਼ਾਮਿਲ ਕਰਨ 'ਤੇ ਵਿਵਾਦ

**ਨਵੀਂ ਦਿੱਲੀ:** ਦਿੱਲੀ ਯੂਨੀਵਰਸਿਟੀ ਦੇ ਇਤਿਹਾਸ ਆਨਰਜ਼ ਦੇ ਪਾਠਕ੍ਰਮ ਵਿਚ ਮਨੂ ਸਮ੍ਰਿਤੀ ਅਤੇ ਤੁਜ਼ਕ-ਏ-ਬਾਬਰੀ (ਬਾਬਰਨਾਮਾ) ਨੂੰ ਸ਼ਾਮਲ ਕਰਨ ਦਾ ਪ੍ਰਸਤਾਵ ਦਿੱਤਾ ਗਿਆ ਹੈ। ਚਾਰ ਸਾਲਾ ਸਨਾਤਕ ਪ੍ਰੋਗਰਾਮ (ਐਫ.ਵਾਈ.ਯੂ.ਪੀ.) ਦੇ ਤਹਿਤ ਡੀ.ਯੂ. ਵਿਚ ਚੌਥੇ ਸਾਲ ਲਈ ਪਾਠਕ੍ਰਮ ਤਿਆਰ ਕੀਤੇ ਜਾ ਰਹੇ ਹਨ। ਇਸ ਲਈ ਕਮੇਟੀਆਂ ਗਠਿਤ ਕੀਤੀਆਂ ਗਈਆਂ ਹਨ। ਇਤਿਹਾਸ ਵਿਭਾਗ ਦੀ ਕਮੇਟੀ ਨੇ ਸੱਤਵੇ ਸਮੇਸਟਰ ਲਈ ਜੋ ਨਵਾਂ ਸਿਲੇਬਸ ਤਿਆਰ ਕੀਤਾ ਹੈ, ਉਸ ਵਿਚ ਮਨੂਸਮ੍ਰਿਤੀ ਅਤੇ ਬਾਬਰਨਾਮਾ ਨੂੰ ਸ਼ਾਮਲ ਕਰਨ ਦਾ ਪ੍ਰਸਤਾਵ ਦਿੱਤਾ ਹੈ। ਕੁਝ ਵਿਦਿਆਰਥੀਆ ਦੇ ਵਿਰੋਧ ਤੋਂ ਬਾਅਦ ਸਿਲੇਬਸ ਦੀ ਸਮੀਖਿਆ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਐਫ.ਵਾਈ.ਯੂ.ਪੀ. ਦੇ ਤਹਿਤ ਡੀ.ਯੂ. ਵਿਚ ਅਗਲੇ ਸਾਲ ਤੋਂ ਚੌਥੇ ਸਾਲ ਯਾਨੀ ਸੱਤਵੇਂ ਤੇ ਅੱਠਵੇਂ ਸਮੈਸਟਰ ਦੀ ਪੜ੍ਹਾਈ ਸ਼ੁਰੂ ਹੋਵੇਗੀ। ਉਸ ਲਈ ਸਿਲੇਬਸ ਤਿਆਰ ਕੀਤੇ ਜਾ ਰਹੇ ਹਨ। ਇਤਿਹਾਸ ਵਿਭਾਗ ਵਿਚ ਇਤਿਹਾਸ ਆਨਰਜ਼ ਦੇ ਕੋਰ ਪੇਪਰ 'ਭਾਰਤੀ ਇਤਿਹਾਸ ਦੇ ਸਰੋਤ ਨੂੰ 15 ਮੈਂਬਰੀ ਕਮੇਟੀ ਨੇ ਤਿਆਰ ਕੀਤਾ ਹੈ। ਕਮੇਟੀ ਦੀ 19 ਫਰਵਰੀ ਨੂੰ ਹੋਈ ਮੀਟਿੰਗ ਵਿੱਚ ਇਸ ਨੂੰ ਮਨਜ਼ੂਰ ਕੀਤਾ ਗਿਆ ਹੈ। ਇਸ ਤੋਂ ਬਾਅਦ ਇਸ ਨੂੰ ਸਟੈਡਿੰਗ ਕਮੇਟੀ ਅਤੇ ਅਕਾਦਮਿਕ ਕੌਂਸਲ ਵਿਚ ਪੇਸ਼ ਕੀਤਾ ਜਾਣਾ ਸੀ ਪਰ ਡੀ.ਯੂ. ਪ੍ਰਸ਼ਾਸਨ ਨੇ ਵਿਵਾਦ ਦੇ ਕਾਰਨ ਪਹਿਲਾਂ ਹੀ ਸਮੀਖਿਆ ਦੇ ਨਿਰਦੇਸ਼ ਦੇ ਦਿੱਤੇ ਹਨ। ਕਮੇਟੀ ਨੇ ਪਾਠਕ੍ਰਮ ਵਿੱਚ ਹਰਸ਼ ਚਰਿੱਤਰ, ਮਤਸਯਪੁਰਾਣ, ਸੰਗਮ ਕਵਿਤਾਵਾਂ ਅਤੇ ਦਿੱਲੀ ਸਲਤਨਤ ਦੇ ਸੰਸਕ੍ਰਿਤ ਸ਼ਿਲਾਲੇਖ ਆਦਿ ਨੂੰ ਵੀ ਸ਼ਾਮਲ ਕੀਤਾ ਹੈ। ਪਰ ਮਨੂਸਮ੍ਰਿਤੀ ਤੇ ਬਾਬਰਨਾਮਾ ਨੂੰ ਲੈ ਕੇ ਵਿਵਾਦ ਦੀ ਸਥਿਤੀ ਉਤਪੰਨ ਹੋ ਗਈ ਹੈ। ਪਿਛਲੇ ਸਾਲ ਡੀ.ਯੂ. ਵਿਚ ਇਕ ਪੇਪਰ ਵਿਚ ਮਨੂਸਮ੍ਰਿਤੀ ਨੂੰ ਜੋੜ ਦਿੱਤਾ ਗਿਆ ਸੀ। ਅਧਿਆਪਕ ਜਥੇਬੰਦੀਆਂ ਅਤੇ ਵਿਦਿਆਰਥੀਆਂ ਦੇ ਵਿਰੋਧ ਜਤਾਉਣ 'ਤੇ ਕੁਲਪਤੀ ਪ੍ਰੋ. ਯੋਗੇਸ਼ ਸਿੰਘ ਨੇ ਇਸ ਨੂੰ ਹਟਾਉਣ ਦੀ ਗੱਲ ਕੀਤੀ ਸੀ। ਦੁਬਾਰਾ ਸਿਲੇਬਸ ਵਿਚ ਜੋੜਨ ਨਾਲ ਯੂਨੀਵਰਸਿਟੀ ਅਸਹਿਜ ਹੋ ਗਈ ਹੈ।

## ਕੀ ਹੈ ਮਨੁਸਮ੍ਰਿਤੀ ਤੇ ਬਾਬਰਨਾਮਾ

ਡੀ.ਯੂ. ਵਿੱਚ ਹਿੰਦੂ ਅਧਿਐਨ ਕੇਂਦਰ ਵਿਚ ਪ੍ਰੋ. ਪ੍ਰੇਰਨਾ ਮਲਹੋਤਰਾ ਨੇ ਕਿਹਾ, ਮਨੂਸਮ੍ਰਿਤੀ ਢਾਈ ਹਜ਼ਾਰ ਸਾਲ ਪਹਿਲਾਂ ਲਿਖੀ ਮੰਨੀ ਜਾਂਦੀ ਹੈ। ਭਾਰਤ ਵਿਚ ਸ਼ਰੁਤੀ ਅਤੇ ਸਮ੍ਰਿਤੀ ਦੀ ਪਰੰਪਰਾ ਰਹੀ ਹੈ। ਵੇਦ ਅਤੇ ਉਪਨਿਸ਼ਦ ਸ਼ਰੁਤੀ ਕਹੇ ਜਾਂਦੇ ਹਨ। ਸਮ੍ਰਿਤੀ ਸੁਣ ਕੇ ਸ਼ਾਸਤਰ ਲਿਖੇ ਗਏ ਹਨ। ਮਨੁਸਮ੍ਰਿਤੀ ਅਕੇਲੀ ਨਹੀਂ ਹੈ ਅਤੇ ਇਸਦੇ ਨਾਲ ਨਾਰਦ ਅਤੇ ਯਾਜ਼ਨਵਲਕਯ ਸਮ੍ਰਿਤੀ ਵੀ ਲਿਖੀਆਂ ਗਈਆਂ ਹਨ।

ਰਾਜੇ ਦੇ ਅਧਿਕਾਰ, ਨਾਰੀ ਦੇ ਅਧਿਕਾਰ, ਜਾਤੀਆਂ ਨੂੰ ਲੈ ਕੇ ਲਿਖਿਆ ਗਿਆ ਹੈ। ਹਾਲਾਂਕਿ, ਉਸ ਨੂੰ ਵਿਵਾਦਿਤ ਦੱਸਿਆ ਜਾਂਦਾ ਹੈ। ਇਸ ਵਿਚ ਸਮੇਂ-ਸਮੇਂ 'ਤੇ ਕਾਫੀ ਬਦਲਾਅ ਹੋਏ ਹਨ, ਇਸ ਲਈ ਕਈ ਗੱਲਾਂ ਵਿਚ ਵਿਵਾਦ ਨਜ਼ਰ ਆਉਂਦਾ ਹੈ। ਬਾਬਰਨਾਮਾ ਨੂੰ ਲੈ ਕੇ ਇਕ ਪ੍ਰੋਫੈਸਰ ਨੇ ਕਿਹਾ, 1529 ਤੋਂ 30 ਦੇ ਮੱਧ ਵਿਚ ਬਾਬਰਨਾਮਾ ਲਿਖਿਆ ਗਿਆ ਹੈ। ਬਾਬਰ ਦੀ ਆਤਮਕਥਾ ਹੈ। ਇਸ ਨੂੰ ਪਹਿਲਾਂ ਤੁਰਕੀ ਵਿਚ ਲਿਖਿਆ ਗਿਆ ਸੀ। ਬਾਅਦ ਵਿਚ ਫਾਰਸੀ ਵਿਚ ਅਨੁਵਾਦ ਹੋਇਆ ਅਤੇ ਫਿਰ ਅੰਗਰੇਜ਼ੀ ਵਿਚ ਇਤਿਹਾਸਕਾਰ ਸਮਕਾਲੀ ਘਟਨਾਵਾਂ ਨੂੰ ਸਮਝਣ ਲਈ ਕਈ ਵਾਰ ਇਸ ਦਾ ਸੰਦਰਭ ਦਿੰਦੇ ਹਨ।

# ਰੋਹਿਤ ਸ਼ਰਮਾ 'ਤੇ ਟਿੱਪਣੀ ਕਰ ਕੇ ਫਸੀ ਕਾਂਗਰਸ ਦੀ ਤਰਜਮਾਨ

**ਨਵੀਂ ਦਿੱਲੀ:** ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਰੋਹਿਤ ਸ਼ਰਮਾ ਦੀ ਕਪਤਾਨੀ 'ਚ ਭਾਰਤ ਨੇ ਚੈਂਪੀਅਨਜ਼ ਟਰਾਫੀ 'ਚ ਲਗਾਤਾਰ ਜਿੱਤ ਹਾਸਲ ਕਰਦੇ ਹੋਏ ਸੈਮੀਫਾਈਨਲ 'ਚ ਥਾਂ ਬਣਾ ਲਈ ਹੈ। ਪਰ, ਇਸ ਦੌਰਾਨ ਰੋਹਿਤ ਸ਼ਰਮਾ ਨੂੰ ਮੋਟਾ ਕਹਿਣਾ ਕਾਂਗਰਸ ਦੀ ਤਰਜਮਾਨ ਸ਼ਮਾ ਮੁਹੰਮਦ ਨੂੰ ਭਾਰੀ ਪੈ ਗਿਆ।

ਇੰਟਰਨੈੱਟ ਮੀਡੀਆ 'ਤੇ ਲੋਕਾਂ ਨੇ ਕਾਂਗਰਸ ਦੀ ਤਰਜਮਾਨ ਨੂੰ ਲੰਬੇ ਹੱਥੀਂ ਲਿਆ, ਤਾਂ ਭਾਜਪਾ ਨੇ ਤਨਜ਼ ਕੱਸਿਆ ਕਿ ਰਾਹੁਲ ਗਾਂਧੀ ਦੀ ਕਪਤਾਨੀ 'ਚ ਕਾਂਗਰਸ 90 ਚੋਣਾਂ ਹਾਰ ਚੁੱਕੀ ਹੈ। ਖੇਡ ਮੰਤਰੀ ਮਨਸੁੱਖ ਮਾਂਡਵੀਆ ਨੇ ਸ਼ਮਾ ਮੁਹੰਮਦ ਦੀ ਟਿੱਪਣੀ ਨੂੰ ਬਹੁਤ ਸ਼ਰਮਨਾਕ ਤੇ ਪੂਰੀ ਤਰ੍ਹਾਂ ਨਿਰਾਸ਼ਾਜਨਕ ਦੱਸਿਆ। ਉਨ੍ਹਾਂ ਨੇ ਐਕਸ 'ਤੇ ਲਿਖਿਆ ਕਿ ਇਸ ਤਰ੍ਹਾਂ ਦੀਆਂ ਟਿੱਪਣੀਆਂ ਸਾਡੇ ਖਿਡਾਰੀਆਂ ਦੀ ਸਖ਼ਤ ਮਿਹਨਤ ਤੇ ਤਿਆਗ ਨੂੰ ਘੱਟ ਮੰਨਦੀਆਂ ਹਨ, ਜਿਹੜਾ ਉਹ ਵਿਸ਼ਵ ਪੱਧਰੀ ਮੰਚ 'ਤੇ ਦੇਸ਼ ਦੀ ਨੁਮਾਇੰਦਗੀ ਕਰਨ ਲਈ ਕਰਦੇ ਹਨ। ਸਰੀਰ ਨੂੰ ਲੈ ਕੇ ਸ਼ਰਮਿੰਦਗੀ ਦੀ ਭਾਵਨਾ ਪੈਦਾ ਕਰਨਾ ਤੇ ਟੀਮ 'ਚ ਖਿਡਾਰੀਆਂ ਦੀ ਥਾਂ 'ਤੇ ਸਵਾਲ ਚੁੱਕਣਾ ਸ਼ਰਮਨਾਕ ਹੈ।

ਵਿਵਾਦ ਵਧਦਾ ਦੇਖ ਕਾਂਗਰਸ ਨੇ ਸ਼ਮਾ ਮੁਹੰਮਦ ਦੀ ਟਿੱਪਣੀ ਤੋਂ ਦੂਰੀ ਬਣਾ ਲਈ ਤੇ ਉਨ੍ਹਾਂ ਨੂੰ ਇੰਟਰਨੈੱਟ ਮੀਡੀਆ ਤੋਂ ਆਪਣੀ ਪੋਸਟ ਹਟਾਉਣ ਲਈ ਕਹਿ ਦਿੱਤਾ। ਨਾਲ ਹੀ ਭਵਿੱਖ 'ਚ ਅਜਿਹੀਆਂ ਟਿੱਪਣੀਆਂ ਤੋਂ ਬਚਣ ਲਈ ਵੀ ਕਹਿ ਦਿੱਤਾ ਗਿਆ ਹੈ। ਕਾਂਗਰਸ ਦੇ ਮੀਡੀਆ ਵਿਭਾਗ ਦੇ ਮੁਖੀ ਪਵਨ ਖੇੜਾ ਨੇ ਕਿਹਾ ਕਿ ਸ਼ਮਾ ਦੀ ਟਿੱਪਣੀ ਪਾਰਟੀ ਦਾ ਵਿਚਾਰ ਨਹੀਂ ਹੈ। ਸ਼ਮਾ ਮੁਹੰਮਦ ਨੇ ਐਕਸ 'ਤੇ ਐਤਵਾਰ ਦੇਰ ਰਾਤ ਇਕ ਪੋਸਟ ਕੀਤੀ ਸੀ, ਜਿਸ ਵਿਚ ਉਨ੍ਹਾਂ ਨੇ ਰੋਹਿਤ ਸ਼ਰਮਾ ਨੂੰ ਮੋਟਾ ਤੇ ਬੇਅਸਰ ਕਪਤਾਨ ਕਿਹਾ ਸੀ। ਉਨ੍ਹਾਂ ਕਿਹਾ ਸੀ ਕਿ ਰੋਹਿਤ ਇਕ ਖਿਡਾਰੀ ਹੋਣ ਦੇ ਲਿਹਾਜ਼ ਨਾਲ ਮੋਟੇ ਹਨ। ਉਨ੍ਹਾਂ ਨੂੰ ਭਾਰ ਘੱਟ ਕਰਨ ਦੀ ਲੋੜ ਹੈ ਤੇ ਨਿਸ਼ਚਿਤ ਰੂਪ ਨਾਲ ਉਹ ਭਾਰਤ ਦੇ ਹੁਣ ਤੱਕ ਦੇ ਸਭ ਤੋਂ ਬੇਅਸਰ ਕਪਤਾਨ ਹਨ। ਉਨ੍ਹਾਂ ਦੀ ਇਸ ਪੋਸਟ 'ਤੇ ਭਾਜਪਾ ਆਗੂਆਂ ਸਮੇਤ ਕਈ ਲੋਕਾਂ ਨੇ ਪ੍ਰਤੀਕ੍ਰਿਆ ਪ੍ਰਗਟ ਕੀਤੀ ਤੇ ਮੁੱਖ ਵਿਰੋਧੀ ਪਾਰਟੀ ਨੂੰ ਨਿਸ਼ਾਨੇ 'ਤੇ ਲਿਆ। ਭਾਜਪਾ ਆਗੂ ਸ਼ਹਿਜ਼ਾਦ ਪੂਨਾਵਾਲਾ ਨੇ ਐਕਸ 'ਤੇ ਲਿਖਿਆ ਕਿ ਜਿਹੜੇ ਲੋਕ ਰਾਹੁਲ ਗਾਂਧੀ ਦੀ ਕਪਤਾਨੀ 'ਚ 90 ਚੋਣਾਂ ਹਾਰ ਚੁੱਕੇ ਹਨ, ਉਹ ਰੋਹਿਤ ਸ਼ਰਮਾ ਦੀ ਕਪਤਾਨੀ ਨੂੰ ਬੇਅਸਰ ਦੱਸ ਰਹੇ ਹਨ। ਦਿੱਲੀ 'ਚ ਛੇ ਵਾਰ ਸਿਫ਼ਰ 'ਤੇ ਆਊਟ ਹੋਣਾ ਤੇ 90 ਵਾਰ ਚੋਣ ਹਾਰ ਪ੍ਰਭਾਵਸ਼ਾਲੀ ਹੈ, ਪਰ ਟੀ-20 ਵਿਸ਼ਵ ਕੱਪ ਜਿੱਤਣਾ ਨਹੀਂ। ਵੈਸੇ, ਕਪਤਾਨ ਦੇ ਰੂਪ 'ਚ ਰੋਹਿਤ ਦਾ ਟ੍ਰੈਕ ਰਿਕਾਰਡ ਸ਼ਾਨਦਾਰ ਹੈ। ਸ਼ਿਵ ਸੈਨਾ (ਯੂ.ਬੀ.ਟੀ.) ਦੀ ਸੰਸਦ ਮੈਂਬਰ ਪ੍ਰਿਅੰਕਾ ਚਤੁਰਵੇਦੀ ਨੇ ਵੀ ਰੋਹਿਤ ਸ਼ਰਮਾ ਦਾ ਸਮਰਥਨ ਕੀਤਾ। ਉਨ੍ਹਾਂ ਕਿਹਾ ਕਿ ਮੈਂ ਕੋਈ ਵੱਡੀ ਕ੍ਰਿਕਟ ਪ੍ਰਸ਼ੰਸਕ ਨਹੀਂ ਹਾਂ। ਖੇਡ 'ਚ ਮੇਰੀ ਸੀਮਤ ਦਿਲਚਸਪੀ ਦੇ ਬਾਵਜੂਦ, ਮੈਂ ਕਹਿ ਸਕਦੀ ਹਾਂ ਕਿ ਰੋਹਿਤ ਸ਼ਰਮਾ ਨੇ ਭਾਰਤੀ ਟੀਮ ਨੂੰ ਮਹਾਨ ਉਚਾਈਆਂ ਤੱਕ ਪਹੁੰਚਾਇਆ ਹੈ। ਕੰਮ ਦੇ ਪ੍ਰਤੀ ਵਚਨਬੱਧਤਾ ਮਾਅਨੇ ਰੱਖਦੀ ਹੈ।ਵਿਵਾਦ ਵਧਣ ਤੋਂ ਬਾਅਦ ਪਵਨ ਖੇੜਾ ਨੇ ਕਿਹਾ ਕਿ ਕਾਂਗਰਸ ਦੀ ਰਾਸ਼ਟਰੀ ਤਰਜਮਾਨ ਸ਼ਮਾ ਮੁਹੰਮਦ ਨੇ ਕ੍ਰਿਕਟ ਦੇ ਇਕ ਦਿੱਗਜ ਦੇ ਬਾਰੇ ਕੁਝ ਟਿੱਪਣੀਆਂ ਕੀਤੀਆਂ, ਜਿਹੜੇ ਪਾਰਟੀ ਦੀ ਸਥਿਤੀ ਨੂੰ ਨਹੀਂ ਦਰਸਾਉਂਦੀਆਂ।





**ਇੰਟਰਨੈੱਟ ਮੀਡੀਆ 'ਤੇ ਲੋਕਾਂ ਨੇ ਕਾਂਗਰਸ ਦੀ ਤਰਜਮਾਨ ਨੂੰ ਲੰਬੇ ਹੱਥੀਂ ਲਿਆ, ਤਾਂ ਭਾਜਪਾ ਨੇ ਤਨਜ਼ ਕੱਸਿਆ ਕਿ ਰਾਹੁਲ ਗਾਂਧੀ ਦੀ ਕਪਤਾਨੀ 'ਚ ਕਾਂਗਰਸ 90 ਚੋਣਾਂ ਹਾਰ ਚੁੱਕੀ ਹੈ। ਖੇਡ ਮੰਤਰੀ ਮਨਸੁੱਖ ਮਾਂਡਵੀਆ ਨੇ ਸ਼ਮਾ ਮੁਹੰਮਦ ਦੀ ਟਿੱਪਣੀ ਨੂੰ ਬਹੁਤ ਸ਼ਰਮਨਾਕ ਤੇ ਪੂਰੀ ਤਰ੍ਹਾਂ ਨਿਰਾਸ਼ਾਜਨਕ ਦੱਸਿਆ।**

# ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਮੰਟੋ ਦੀਆਂ ਕਹਾਣੀਆਂ 'ਤੇ ਵਿਸ਼ੇਸ਼ ਲੈਕਚਰ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਜਲ੍ਹਿਆਂਵਾਲਾ ਬਾਗ ਚੇਅਰ ਵੱਲੋਂ ਜਲ੍ਹਿਆਂਵਾਲਾ ਬਾਗ ਕਤਲੇਆਮ : ਸਆਦਤ ਹਸਨ ਮੰਟੋ ਦੀਆਂ ਕਹਾਣੀਆਂ ਵਿਸ਼ੇ 'ਤੇ ਪ੍ਰੋ. ਹਰੀਸ਼ ਸ਼ਰਮਾ, ਸਾਬਕਾ ਮੁਖੀ, ਇਤਿਹਾਸ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਲੈਕਚਰ ਕਰਵਾਇਆ ਗਿਆ। ਪ੍ਰੋ: ਅਮਨਦੀਪ ਬੱਲ, ਚੇਅਰਪਰਸਨ ਨੇ ਇਸ ਦੂਜੇ ਲੈਕਚਰ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਉਸਨੇ ਕਤਲੇਆਮ 'ਤੇ ਕਹਾਣੀਆਂ ਉਸ ਸਮੇਂ ਲਿਖੀਆਂ ਜਦੋਂ ਅੰਗਰੇਜ਼ਾਂ ਦਾ ਬਹੁਤ ਡਰ ਸੀ। ਪ੍ਰੋ. ਹਰੀਸ਼ ਸ਼ਰਮਾ ਨੇ ਆਪਣੇ ਲੈਕਚਰ ਵਿੱਚ ਮੰਟੋ ਨੂੰ ਇੱਕ ਗੈਰ-ਰਵਾਇਤੀ ਲੇਖਕ ਕਿਹਾ ਜਿਸ ਨੇ ਉਹ ਹੋਰਾਂ ਤੋਂ ਹਟਕੇ ਹਿੰਮਤ ਨਾਲ ਲਿਖਿਆ। 'ਤਮਾਸ਼ਾ' ਅਤੇ ਦੇਵਾਨਾ ਸ਼ਾਇਰ' ਆਜ਼ਾਦੀ ਤੋਂ ਪਹਿਲਾਂ ਲਿਖੀਆਂ ਗਈਆਂ ਸਨ, ਜਦੋਂ ਕਿ ਤੀਜੀ '1919 ਕਾ ਇਕ ਵਾਕਿਆ' 1954 ਵਿਚ ਪਾਕਿਸਤਾਨ ਜਾਣ ਤੋਂ ਬਾਅਦ ਲਿਖੀ ਗਈ ਸੀ। ਤਮਾਸ਼ਾ ਵਿੱਚ, ਇੱਕ ਨੌਜਵਾਨ ਲੜਕੇ ਖਾਲਿਦ ਦਾ ਸੰਵੇਦਨਸ਼ੀਲ ਮਨ ਕਤਲੇਆਮ ਦੇ ਤਮਾਸ਼ੇ ਨੂੰ ਦੇਖ ਕੇ ਦੁਖੀ ਹੁੰਦਾ ਹੈ ਅਤੇ ਕਤਲੇਆਮ ਦੇ ਦੋਸ਼ੀਆਂ ਨੂੰ ਹਟਾਉਣ ਲਈ ਪ੍ਰਾਰਥਨਾ ਕਰਦਾ ਹੈ। ਦੀਵਾਨਾ ਸ਼ਾਇਰ ਵਿਚ ਉਹ ਰਾਸ਼ਟਰਵਾਦੀ ਇਨਕਲਾਬੀ ਦੇ ਨਜ਼ਰੀਏ ਨੂੰ ਬਿਆਨ ਕਰਦਾ ਹੈ। ਉਨ੍ਹਾਂ ਕਿਹਾ ਕਿ ਉਹ ਕਲਪਨਾ ਕਰਦਾ ਹੈ ਕਿ ਤਬਦੀਲੀ ਦੀ ਪ੍ਰੇਰਨਾ ਜਲਿਆਂਵਾਲਾ ਬਾਗ ਦੀ ਮਿੱਟੀ ਦੇ ਹੇਠਾਂ ਹੈ। ਉਹ ਨੌਜਵਾਨਾਂ ਨੂੰ ਪੁਰਸ਼ਾਂ, ਔਰਤਾਂ ਅਤੇ ਬੱਚਿਆਂ ਦੀਆਂ ਕੁਰਬਾਨੀਆਂ ਤੋਂ ਪ੍ਰੇਰਨਾ ਲੈਣ ਅਤੇ ਆਪਣੀ ਜ਼ਮੀਰ ਨੂੰ ਜਗਾਉਣ ਅਤੇ ਦ੍ਰਿੜ ਵਿਦਰੋਹ ਲਈ ਉੱਠਣ ਦੀ ਅਪੀਲ ਕਰਦਾ ਹੈ। ਅੰਮ੍ਰਿਤਸਰ ਅਤੇ ਜਲ੍ਹਿਆਂਵਾਲਾ ਬਾਗ ਮੰਟੋ ਦੇ ਮਨ ਵਿਚ ਵਸੇ ਹੋਏ ਸਨ। ਉਨ੍ਹਾਂ ਕਿਹਾ ਕਿ ਉਹ ਰੋਲੇਟ ਅੰਦੋਲਨ ਅਤੇ 13 ਅਪ੍ਰੈਲ 1919 ਦੇ ਕਤਲੇਆਮ ਦੌਰਾਨ ਸ਼ਹਿਰ ਦੀ ਫਿਰਕੂ ਸਦਭਾਵਨਾ ਦੀਆਂ ਯਾਦਾਂ ਨੂੰ ਆਪਣੀ ਸ਼ਕਤੀਸ਼ਾਲੀ ਕਹਾਣੀ '1919 ਕਾ ਇਕ ਹੱਕੀਆ' ਵਿਚ ਯਾਦ ਕਰਦਾ ਹੈ। ਉਨ੍ਹਾਂ ਕਿਹਾ ਕਿ ਮੰਟੋ ਇਸ ਗੱਲ 'ਤੇ ਜ਼ੋਰ ਦੇ ਰਿਹਾ ਹੈ ਕਿ ਰੋਲੇਟ ਅੰਦੋਲਨ ਅਤੇ ਉਸ ਤੋਂ ਬਾਅਦ ਦੇ ਆਜ਼ਾਦੀ ਦੇ ਸੰਘਰਸ਼ ਦੌਰਾਨ ਸਮਾਜ ਦੇ ਹੇਠਲੇ ਤਬਕਿਆਂ ਦੀਆਂ ਕੁਰਬਾਨੀਆਂ ਨੂੰ ਉਚਿਤ ਮਹੱਤਵ ਦਿੱਤੇ ਜਾਣ ਦੀ ਲੋੜ ਹੈ ਜਿਸ ਦੇ ਉਹ ਹੱਕਦਾਰ ਹਨ।







# ਹੈਰੋਇਨ ਦੀ ਖੇਪ ਬਰਾਮਦ

**ਤਰਨਤਾਰਨ:** ਪਿੰਡ ਡੱਲ ਦੀ ਡਰੇਨ ਕੋਲੋਂ ਥਾਣਾ ਖਾਲੜਾ ਦੀ ਪੁਲਿਸ ਨੇ ਅੱਧਾ ਕਿੱਲੋ ਤੋਂ ਵੱਧ ਹੈਰੋਇਨ ਦੀ ਖੇਪ ਬਰਾਮਦ ਕੀਤੀ ਹੈ। ਉਕਤ ਹੈਰੋਇਨ ਡ੍ਰੋਨ ਦੀ ਮਦਦ ਨਾਲ ਸਰਹੱਦ ਪਾਰੋਂ ਆਈ ਸੀ। ਐੱਸ.ਐੱਸ.ਪੀ. ਅਭਿਮੰਨਿਊ ਰਾਣਾ ਨੇ ਦੱਸਿਆ ਕਿ ਥਾਣਾ ਖਾਲੜਾ ਦੀ ਪੁਲਿਸ ਨੂੰ



ਸੂਚਨਾ ਮਿਲੀ ਸੀ ਕਿ ਪਿੰਡ ਡੱਲ ਕੋਲ ਡਰੇਨ ਦੀ ਪੱਟੜੀ 'ਤੇ ਪੀਲੇ ਰੰਗ ਦਾ ਪੈਕੇਟ ਡਿੱਗਾ ਪਿਆ ਹੈ। ਥਾਣਾ ਖਾਲੜਾ ਤੋਂ ਏਐੱਸਆਈ ਨਿਰਮਲ ਸਿੰਘ ਪੁਲਿਸ ਪਾਰਟੀ ਨਾਲ ਮੌਕੇ 'ਤੇ ਗਏ ਅਤੇ ਬੀਐੱਸਐੱਫ ਦੇ ਅਧਿਕਾਰੀਆਂ ਸਮੇਤ ਪੈਕੇਟ ਨੂੰ ਕਬਜ਼ੇ ਵਿਚ ਲੈ ਲਿਆ ਜਿਸ ਵਿੱਚੋਂ 533 ਗ੍ਰਾਮ ਹੈਰੋਇਨ ਬਰਾਮਦ ਹੋਈ। ਫਿਲਹਾਲ ਅਣਪਛਾਤੇ ਵਿਅਕਤੀ ਵਿਰੁੱਧ ਕਾਰਵਾਈ ਕੀਤੀ ਗਈ ਹੈ ਅਤੇ ਹੈਰੋਇਨ ਦੀ ਉਕਤ ਖੇਪ ਮੰਗਵਾਉਣ ਵਾਲੇ ਦਾ ਜਲਦ ਪਤਾ ਲਗਾ ਕੇ ਉਸ ਨੂੰ ਕਾਬੂ ਕਰ ਲਿਆ ਜਾਵੇਗਾ।

# ਨੈਤਿਕਤਾ ਦੇ ਮਾਪਦੰਡ ਬਣਾਈ ਰੱਖਣੇ ਜ਼ਰੂਰੀ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਇੰਡੀਆ ਗਾਟ ਲੈਟੇਟ ਸ਼ੋਅ 'ਚ ਪਰਿਵਾਰਕ ਮੈਂਬਰਾਂ ਬਾਰੇ ਇਤਰਾਜ਼ਯੋਗ ਟਿੱਪਣੀ ਕਰਨ ਦੇ ਮੁਲਜ਼ਮ ਇਲਾਹਾਬਾਦੀਆ ਨੂੰ ਸ਼ਰਤਾਂ ਸਮੇਤ ਸ਼ੋਅ ਚਲਾਉਣ ਦੀ ਇਜਾਜ਼ਤ ਦੇ ਦਿੱਤੀ ਹੈ। ਰਣਵੀਰ ਵੱਲੋਂ ਸੋਮਵਾਰ ਨੂੰ ਆਪਣੀ ਤੇ 280 ਹੋਰ

**ਪਿਛਲੀ ਸੁਣਵਾਈ 'ਚ ਪਿਛਲੀ 19 ਫਰਵਰੀ ਨੂੰ ਕੋਰਟ ਨੇ ਇਲਾਹਾਬਾਦੀਆ ਨੂੰ ਗ੍ਰਿਫ਼ਤਾਰੀ ਤੇ ਅੰਤ੍ਰਿਮ ਰਾਹਤ ਤਾਂ ਦੇ ਦਿੱਤੀ ਸੀ ਪਰ ਸ਼ੋਅ 'ਚ ਉਸ ਵੱਲੋਂ ਵਰਤੀ ਗਈ ਭਾਸ਼ਾ ਨੂੰ ਇਤਰਾਜ਼ਯੋਗ ਤੇ ਗਲਤ ਦੱਸਦੇ ਹੋਏ ਸਖ਼ਤ ਝਾੜ ਪਾਈ ਸੀ।**

ਮੁਲਾਜ਼ਮਾਂ ਦੀ ਰੋਜ਼ੀ-ਰੋਟੀ ਦੀ ਦੁਹਾਈ ਦਿੰਦੇ ਹੋਏ ਸ਼ੋਅ 'ਤੇ ਲੱਗੀ ਰੋਕ ਹਟਾਉਣ ਦੀ ਬੇਨਤੀ ਕੀਤੀ ਗਈ। ਇਸ 'ਤੇ ਕੋਰਟ ਨੇ ਇਜਾਜ਼ਤ ਤਾਂ ਦਿੱਤੀ ਪਰ ਸ਼ਰਤ ਲਾਈ ਕਿ ਉਸ ਨੂੰ ਲਿਖਤੀ ਭਰੋਸਾ ਦੇਣਾ ਪਵੇਗਾ ਕਿ ਸ਼ੋਅ 'ਚ ਨਿਮਰਤਾ ਤੇ ਨੈਤਿਕਤਾ ਦੇ ਮਾਪਦੰਡਾਂ ਨੂੰ ਬਣਾਈ ਰੱਖਿਆ ਜਾਵੇਗਾ। ਇਸ ਨਾਲ ਹੀ ਕੋਰਟ ਨੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੇ ਨਾਂ 'ਤੇ ਕੀਤੀ ਜਾ ਰਹੀ ਬੇਸ਼ਰਮੀ ਤੇ ਅਸ਼ਲੀਲਤਾ 'ਤੇ ਰੋਕ ਦੀ ਲੋੜ ਦੱਸਦੇ ਹੋਏ ਕਿਹਾ ਕਿ ਵਿਚਾਰਾਂ



ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਮੌਲਿਕ ਅਧਿਕਾਰ ਦੇ ਨਾਲ ਫ਼ਰਜ਼ ਵੀ ਜੁੜਿਆ ਹੋਇਆ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਅਸੀਂ ਸੈਂਸਰਸ਼ਿਪ ਨਹੀਂ ਚਾਹੁੰਦੇ, ਪਰ ਖੁੱਲ੍ਹੀ ਛੋਟ ਵੀ ਨਹੀਂ ਦੇ ਸਕਦੇ। ਕੋਰਟ ਨੇ ਕੇਂਦਰ ਸਰਕਾਰ ਨੂੰ ਇਸ ਸਬੰਧੀ ਰੈਗੂਲੇਸ਼ਨ ਦੇ ਤਰੀਕੇ ਲੱਭਣ ਤੇ ਸਾਰੇ ਹਿਤਧਾਰਕਾਂ ਨਾਲ ਸਲਾਹ ਕਰ ਕੇ ਇਕ ਪ੍ਰਸਤਾਵ ਤਿਆਰ ਕਰਨ ਲਈ ਕਿਹਾ ਹੈ।

ਇਹ ਹੁਕਮ ਸੋਮਵਾਰ ਨੂੰ ਜਸਟਿਸ ਸੂਰਿਆ ਕਾਂਤ ਤੇ ਐੱਨਕੇ ਸਿੰਘ ਦੇ ਬੈਂਚ ਨੇ ਰਣਵੀਰ ਇਲਾਹਾਬਾਦੀਆ ਤੋਂ ਉਸ ਦੇ ਸਾਥੀ ਅਜੋਕ ਚੰਚਲਾਨੀ ਦੀਆਂ ਪਟੀਸ਼ਨਾਂ 'ਤੇ ਸੁਣਵਾਈ ਦੌਰਾਨ ਦਿੱਤੇ।

ਪਿਛਲੀ ਸੁਣਵਾਈ 'ਚ ਪਿਛਲੀ 19 ਫਰਵਰੀ ਨੂੰ ਕੋਰਟ ਨੇ ਇਲਾਹਾਬਾਦੀਆ ਨੂੰ ਗ੍ਰਿਫ਼ਤਾਰੀ ਤੇ ਅੰਤ੍ਰਿਮ ਰਾਹਤ ਤਾਂ ਦੇ ਦਿੱਤੀ ਸੀ ਪਰ ਸ਼ੋਅ 'ਚ ਉਸ ਵੱਲੋਂ ਵਰਤੀ ਗਈ ਭਾਸ਼ਾ ਨੂੰ ਇਤਰਾਜ਼ਯੋਗ ਤੇ ਗਲਤ ਦੱਸਦੇ ਹੋਏ ਸਖ਼ਤ ਝਾੜ ਪਾਈ ਸੀ। ਏਨਾ ਹੀ ਨਹੀਂ ਕੋਰਟ ਨੇ ਇਲਾਹਾਬਾਦੀਆ ਤੇ ਉਸ ਦੇ ਸਾਥੀਆਂ ਵੱਲੋਂ ਅੱਗੇ ਸ਼ੋਅ ਕਰਨ 'ਤੇ ਰੋਕ ਲਾ ਦਿੱਤੀ ਸੀ। ਕੋਰਟ ਨੇ ਵਿਦੇਸ਼ ਜਾਣ ਦੀ ਅਰਜ਼ੀ 'ਤੇ ਫਿਲਹਾਲ ਹੁਕਮ ਨਹੀਂ ਦਿੱਤਾ।

ਸੁਣਵਾਈ ਦੌਰਾਨ ਕੇਂਦਰ ਤੋਂ ਇਲਾਵਾ ਅਸਾਮ ਤੇ ਮਹਾਰਾਸ਼ਟਰ ਸਰਕਾਰ ਵੱਲੋਂ ਪੇਸ਼ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਰੋਕ ਹਟਾਉਣ ਦਾ ਵਿਰੋਧ ਕਰਦੇ ਹੋਏ ਕਿਹਾ ਕਿ ਰਣਵੀਰ ਵੱਲੋਂ ਸ਼ੋਅ 'ਚ ਵਰਤੀ ਗਈ ਭਾਸ਼ਾ ਸਿਰਫ਼ ਅਸ਼ਲੀਲ ਹੀ ਨਹੀਂ ਬਲਕਿ ਵਿਗੜੀ ਹੋਈ ਵੀ ਸੀ ਪਰ ਬੈਂਚ ਨੇ ਇਸ ਸਬੰਧ 'ਚ ਕੁਝ ਦਿਸ਼ਾ-ਨਿਰਦੇਸ਼ ਤੈਅ ਕਰਨ ਦੀ ਮਹਿਤਾ ਦੀ ਦਲੀਲ ਨਾਲ ਸਹਿਮਤੀ ਜ਼ਾਹਰ ਕੀਤੀ। ਕਿਹਾ ਕਿ ਸਰਕਾਰ ਇਸ 'ਤੇ ਵਿਚਾਰ ਕਰੇ ਤੇ ਡਰਾਫਟ ਤਿਆਰ ਕਰੇ ਜਿਸ 'ਚ ਸਾਰੇ ਹਿਤਧਾਰਕਾਂ ਨਾਲ ਸਲਾਹ ਕੀਤੀ ਜਾਵੇ।

## ਖੁਦ ਨੂੰ ਓਵਰ ਸਮਾਰਟ ਸਮਝਣ ਵਾਲਿਆਂ ਨਾਲ ਸਾਨੂੰ ਨਜਿੱਠਣਾ ਆਉਂਦੈ

ਸੁਪਰੀਮ ਕੋਰਟ ਨੇ ਸ਼ੋਅ ਦੇ ਇਕ ਹੋਰ ਸਾਥੀ ਵੱਲੋਂ ਵਿਦੇਸ਼ ਜਾ ਕੇ ਕੋਰਟ 'ਚ ਲੰਬਿਤ ਮਾਮਲੇ ਦੀ ਚਰਚਾ ਕਰਨ 'ਤੇ ਨਾਰਾਜ਼ਗੀ ਜ਼ਾਹਰ ਕਰਦੇ ਹੋਏ ਕਿਹਾ ਕਿ ਕੁਝ ਨੌਜਵਾਨ ਆਪਣੇ ਆਪ ਨੂੰ ਓਵਰ ਸਮਾਰਟ ਸਮਝਦੇ ਹਨ ਪਰ ਸਾਨੂੰ ਉਨ੍ਹਾਂ ਨਾਲ ਨਜਿੱਠਣਾ ਆਉਂਦਾ ਹੈ। ਬੈਂਚ ਨੇ ਕਿਹਾ ਕਿ ਸੰਭਵ ਤੌਰ 'ਤੇ ਉਹ ਇਸ ਅਦਾਲਤ ਦਾ ਅਧਿਕਾਰ ਖੇਤਰ ਨਹੀਂ ਜਾਣਦੇ। ਉਹ ਸੁਧਰ ਜਾਣ ਨਹੀਂ ਤਾਂ ਸਾਨੂੰ ਨਜਿੱਠਣਾ ਆਉਂਦਾ ਹੈ। ਕੋਰਟ ਨੇ ਰਣਵੀਰ ਨੂੰ ਕਿਹਾ ਕਿ ਉਹ ਲੰਬਿਤ ਮਾਮਲੇ 'ਤੇ ਸ਼ੋਅ 'ਚ ਕੋਈ ਟਿੱਪਣੀ ਨਹੀਂ ਕਰੇਗਾ।

# ਬੀ.ਐੱਸ.ਐੱਫ. ਨੇ ਪਾਕਿਸਤਾਨੀ ਘੁਸਪੈਠੀਆ ਕੀਤਾ ਢੇਰ

ਅੰਮ੍ਰਿਤਸਰ: ਬੀ.ਐੱਸ.ਐੱਫ. ਦੇ ਜਵਾਨਾਂ ਨੇ ਭਾਰਤ ਅਤੇ ਪਾਕਿਸਤਾਨ ਸਰਹੱਦ 'ਤੇ



ਬੀ.ਓ.ਪੀ. ਕੋਰਟ ਰਜਾਦਾ ਦੇ ਕੋਲ ਪਾਕਿ ਘੁਸਪੈਠੀਏ ਨੂੰ ਗੋਲੀ ਮਾਰ ਕੇ ਢੇਰ ਕਰ ਦਿੱਤਾ ਹੈ। ਘਟਨਾ ਸੋਮਵਾਰ ਸਵੇਰ ਦੀ ਹੈ। ਥਾਣਾ ਰਮਦਾਸ ਦੀ ਪੁਲਿਸ ਨੇ ਲਾਸ਼ ਕਬਜ਼ੇ 'ਚ ਲੈ ਲਈ ਹੈ। ਮੁਲਜ਼ਮ ਦੇ ਕਬਜ਼ੇ 'ਚੋਂ ਇਕ ਮੋਬਾਈਲ ਫੋਨ ਬਰਾਮਦ ਕੀਤਾ ਗਿਆ ਹੈ।

# ਫੋਕਲ ਪੁਆਇੰਟਾਂ 'ਚ ਪਲਾਟ ਧਾਰਕਾਂ ਲਈ ਨਵੀਆਂ ਯੋਜਨਾਵਾਂ



**ਚੰਡੀਗੜ੍ਹ:** ਸੂਬਾ ਸਰਕਾਰ ਨੇ ਉਦਯੋਗਾਂ ਲਈ ਦੋ ਵਨ ਟਾਈਮ ਸੈਟਲਮੈਂਟ ਯੋਜਨਾਵਾਂ ਨੂੰ ਮਨਜ਼ੂਰੀ ਦਿੱਤੀ ਹੈ, ਜਿਨ੍ਹਾਂ ਨਾਲ ਉਦਯੋਗਿਕ ਪਲਾਟਾਂ 'ਚ ਚਾਰ ਹਜ਼ਾਰ ਤੋਂ ਵੱਧ ਪਲਾਟ ਧਾਰਕਾਂ ਨੂੰ ਲਾਭ ਮਿਲੇਗਾ।

ਕੈਬਨਿਟ 'ਚ ਸੋਮਵਾਰ ਨੂੰ ਹੋਏ ਇਸ ਮਹੱਤਵਪੂਰਨ ਫ਼ੈਸਲੇ ਦੀ ਜਾਣਕਾਰੀ ਦਿੰਦੇ ਹੋਏ ਉਦਯੋਗ ਮੰਤਰੀ ਤਰੁਣਪ੍ਰੀਤ ਸਿੰਘ ਸੋਂਧ ਨੇ ਦੱਸਿਆ ਕਿ ਪੰਜਾਬ ਦੇ ਕੁੱਲ 52 ਫੋਕਲ ਪੁਆਇੰਟ ਹਨ ਜਿਨ੍ਹਾਂ 'ਚ 14 ਹਜ਼ਾਰ ਪਲਾਟਾਂ 'ਚੋਂ ਚਾਰ ਹਜ਼ਾਰ ਅਜਿਹੇ ਪਲਾਟ ਹਨ ਜਿਨ੍ਹਾਂ ਦੀਆਂ ਜਾਂ ਤਾਂ ਇਨਹਾਸਮੈਂਟ ਕਿਸ਼ਤਾਂ ਨਹੀਂ ਦਿੱਤੀਆਂ ਗਈਆਂ ਹਨ ਜਾਂ ਪਲਾਟ ਅਲਾਟ ਹੋਣ 'ਤੇ ਕਿਸ਼ਤਾਂ ਟੁੱਟ ਗਈਆਂ ਹਨ। ਉਨ੍ਹਾਂ ਨੇ ਕਿਹਾ ਕਿ ਕੈਬਨਿਟ ਅਜਿਹੇ ਦੋਵਾਂ ਮਾਮਲਿਆਂ 'ਚ ਪਲਾਟ ਧਾਰਕਾਂ ਨੂੰ ਵਨ ਟਾਈਮ ਸੈਟਲਮੈਂਟ ਯੋਜਨਾਵਾਂ ਦੇ ਰਹੀ ਹੈ। ਦੋਵਾਂ ਯੋਜਨਾਵਾਂ 'ਚ ਉਦਯੋਗਪਤੀਆਂ ਤੇ ਪਲਾਟ ਧਾਰਕਾ ਨੂੰ ਪੈਨਲਟੀ ਤੇ ਚੱਕਰਵਰਤੀ ਵਿਆਜ ਤੋਂ ਪੂਰੀ ਤਰ੍ਹਾਂ ਛੁਟਕਾਰਾ ਮਿਲ ਜਾਵੇਗਾ। ਇਹ ਦੋਵੇਂ ਯੋਜਨਾਵਾਂ ਸਰਕਾਰ ਨੇ ਉਦਯੋਗਪਤੀਆਂ ਤੇ ਪਲਾਟ ਧਾਰਕਾਂ ਨਾਲ ਮਿਲ ਕੇ ਬਣਾਈਆਂ ਹਨ। ਉਨ੍ਹਾਂ ਨਾਲ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਵੀ ਸਨ। ਉਦਯੋਗ ਮੰਤਰੀ ਨੇ ਕਿਹਾ ਕਿ ਇਸ ਫ਼ੈਸਲੇ ਨਾਲ ਉਦਯੋਗਾਂ ਨੂੰ ਕਾਫ਼ੀ ਲਾਭ ਮਿਲੇਗਾ। ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਇਸ ਨਾਲ ਸਰਕਾਰ ਨੂੰ ਕਿੰਨੀ ਰਕਮ ਮਿਲੇਗੀ। ਉਨ੍ਹਾਂ ਨੇ ਕਿਹਾ ਕਿ ਅਸੀਂ ਇਹ ਯੋਜਨਾ ਸੀ.ਆਈ.ਆਈ., ਪੀ.ਐੱਚ.ਡੀ. ਚੈਂਬਰਸ ਆਦਿ ਨਾਲ ਗੱਲ ਕਰ ਕੇ ਬਣਾਈ ਹੈ। ਜਿਸ ਲਈ 4,19 ਤੇ 24 ਅਕਤੂਬਰ ਨੂੰ ਬੈਠਕਾਂ ਕੀਤੀਆਂ ਗਈਆਂ।

## ਇਹ ਹਨ ਵਨ ਟਾਈਮ ਸੈਟਲਮੈਂਟ ਦੀਆਂ ਦੋ ਯੋਜਨਾਵਾਂ

ਪਹਿਲੀ ਯੋਜਨਾ ਉਨ੍ਹਾਂ ਪਲਾਟ ਧਾਰਕਾਂ ਲਈ ਹੈ ਜਿਸ 'ਚ ਕਿਸਾਨਾਂ ਤੋਂ ਜ਼ਮੀਨ ਲੈ ਕੇ ਫੋਕਲ ਪੁਆਇੰਟ ਸਥਾਪਿਤ ਕੀਤਾ ਗਿਆ ਸੀ ਤੇ ਪਲਾਟ ਕੱਟ ਕੇ ਉਦਯੋਗਾਂ ਲਈ ਅਲਾਟ ਕੀਤੇ ਗਏ ਸਨ ਪਰ ਬਾਅਦ 'ਚ ਕਿਸਾਨਾਂ ਨੂੰ ਅਦਾਲਤੀ ਕੇਸਾਂ ਦੇ ਕਾਰਨ ਇਨਹਾਸਮੈਂਟ (ਮੂਲ ਰਕਮ 'ਚ ਵਾਧਾ) ਮਿਲੀ ਸੀ। ਪੰਜਾਬ ਸਟੇਟ ਇੰਡਸਟ੍ਰੀਜ਼ ਐਕਸਪੋਰਟ ਕਾਰਪੋਰੇਸ਼ਨ ਨੇ ਇਹ ਇਨਹਾਸਮੈਂਟ ਪਲਾਟ ਧਾਰਕਾਂ 'ਤੇ ਪਾ ਦਿੱਤੀ ਸੀ। ਬਹੁਤ ਸਾਰੇ ਪਲਾਟ ਧਾਰਕਾਂ ਨੇ ਇਹ ਰਕਮ ਅਦਾ ਨਹੀਂ ਕੀਤੀ ਤੇ ਉਨ੍ਹਾਂ 'ਤੇ ਚੱਕਰਵਰਤੀ ਵਿਆਜ ਤੇ ਪੈਨਲਟੀ ਲਾਈ ਗਈ। ਹੁਣ ਸਰਕਾਰ ਨੇ ਫ਼ੈਸਲਾ ਲਿਆ ਹੈ ਕਿ ਪਲਾਟ ਧਾਰਕਾਂ ਤੋਂ ਸਿਰਫ਼ ਬਕਾਇਆ ਰਕਮ ਤੇ ਉਸ 'ਤੇ ਅੱਠ ਫ਼ੀਸਦੀ ਵਿਆਜ ਹੀ ਲਿਆ ਜਾਵੇਗਾ।

**ਅਲਾਟਮੈਂਟ ਕਿਸ਼ਤ ਬਾਕੀ :** ਦੂਜੀ ਯੋਜਨਾ ਪੇਰੇਂਟ ਪਲਾਟ ਦੀ ਹੈ ਜਿਸ ਦੇ ਹੋਲਡਰਾਂ ਤੋਂ ਜਿੰਨੇ ਸਾਲ 'ਚ ਪਲਾਟ ਦੀ ਕੁੱਲ ਕੀਮਤ ਲੈ ਕੇ ਪਲਾਟ ਉਨ੍ਹਾਂ ਦੇ ਨਾਂ 'ਤੇ ਕੀਤਾ ਜਾਣਾ ਸੀ, ਓਨੇ ਸਾਲਾਂ 'ਚ ਕਿਸ਼ਤਾਂ ਪੂਰੀਆਂ ਨਹੀਂ ਹੋਈਆਂ ਤੇ ਵਿਚਾਲੇ ਟੁੱਟ ਗਈਆਂ। ਕਿਸ਼ਤਾਂ ਨਾ ਦੇਣ ਵਾਲਿਆਂ 'ਤੇ ਪੀਐੱਸਆਈਈਸੀ ਨੇ ਪੈਨਲਟੀ ਤੇ ਚੱਕਰਵਰਤੀ ਵਿਆਜ ਲਾਇਆ ਹੋਇਆ ਹੈ। ਪਲਾਟ ਧਾਰਕਾਂ ਨੂੰ ਇਸ ਦਾ ਨੁਕਸਾਨ ਇਹ ਹੋ ਰਿਹਾ ਸੀ ਕਿ ਪਲਾਟ ਉਨ੍ਹਾਂ ਦੇ ਨਾਂ 'ਤੇ ਨਹੀਂ ਹੋ ਪਾ ਰਹੇ ਸਨ। ਹੁਣ ਮੂਲ ਰਕਮ (ਪ੍ਰਿੰਸੀਪਲ ਅਮਾਊਂਟ) ਦੀਆਂ ਟੁੱਟੀਆਂ ਹੋਈਆਂ ਕਿਸ਼ਤਾਂ 'ਤੇ ਪਲਾਟ ਧਾਰਕਾਂ ਤੋਂ ਅੱਠ ਫ਼ੀਸਦੀ ਬਕਾਇਆ ਲੈ ਕੇ ਚੱਕਰਵਰਤੀ ਵਿਆਜ ਤੇ ਪੈਨਲਟੀ ਤੋਂ ਛੋਟ ਦਿੱਤੀ ਗਈ ਹੈ।

# ਹਿਰਨ ਮਾਰਨ 'ਤੇ ਚਾਰ ਪੰਜਾਬੀ ਰਾਜਸਥਾਨ 'ਚ ਗ੍ਰਿਫ਼ਤਾਰ

ਸ੍ਰੀ ਮੁਕਤਸਰ ਸਾਹਿਬ: ਰਾਜਸਥਾਨ 'ਚ ਚਿੰਕਾਰਾ ਹਿਰਨ ਦਾ ਸ਼ਿਕਾਰ ਕਰਨ 'ਤੇ ਮੁਕਤਸਰ ਜ਼ਿਲ੍ਹੇ ਦੇ ਚਾਰ ਨੌਜਵਾਨਾਂ ਨੂੰ ਰਾਜਸਥਾਨ ਪੁਲਿਸ



ਨੇ ਗ੍ਰਿਫ਼ਤਾਰ ਕਰ ਲਿਆ ਹੈ। ਸਾਹਿਲ ਕਟਾਰੀਆ, ਹਰਜੀਤ ਸਿੰਘ, ਸੁਖਵੰਤ ਸਿੰਘ ਤੇ ਮਲੋਟ ਦੇ ਸਨੇਹਵੀਰ ਸਿੰਘ ਘੁੰਮਣ ਲਈ ਰਾਜਸਥਾਨ ਗਏ ਸਨ। ਉੱਥੇ ਚਾਰਾਂ ਨੇ ਤਿੰਨ ਹੋਰ ਸਥਾਨਕ ਦੋਸਤਾਂ ਨਾਲ ਮਿਲ ਕੇ ਬੀਕਾਨੇਰ ਦੇ ਬੱਜੂ ਦੰਤੋਰ ਇਲਾਕੇ 'ਚ ਚਿੰਕਾਰਾ ਹਿਰਨ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਪੁਲਿਸ ਨੇ ਸਾਰਿਆਂ ਨੂੰ ਹਿਰਾਸਤ 'ਚ ਲੈ ਲਿਆ ਹੈ।

# ਮਈ 'ਚ ਹੋਵੇਗੀ ਏਸ਼ੀਅਨ ਸ਼ੇਰਾਂ ਦੀ ਗਿਣਤੀ: ਮੋਦੀ

**ਨਵੀਂ ਦਿੱਲੀ:** ਦੇਸ਼ ਵਿੱਚ ਵਣਜੀਵਾਂ ਦੀ ਤੇਜ਼ੀ ਨਾਲ ਵੱਧਦੀ ਅਬਾਦੀ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਸ਼ੀ ਪ੍ਰਗਟ ਕੀਤੀ ਹੈ ਤੇ ਕਿਹਾ ਹੈ ਕਿ ਇਹ ਮੁਲਕ ਲਈ ਫਖਰ ਵਾਲੀ ਗੱਲ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਜੰਗਲਾਤ ਜੀਵਾਂ ਦੇ ਬਿਹਤਰ ਪ੍ਰਬੰਧ ਤੇ ਮਨੁੱਖ ਦੇ ਨਾਲ ਵੱਧਦੇ ਟਕਰਾਅ ਨੂੰ ਰੋਕਣ ਲਈ ਦੇਸ਼ ਵਿਚ ਐਕਸੀਲੈਂਸ ਸੈਂਟਰ ਬਣਾਉਣ ਦਾ ਐਲਾਨ ਕੀਤਾ ਹੈ। ਇਹ ਸੈਂਟਰ ਤਾਮਿਲਨਾਡੂ ਦੇ ਕੋਇੰਬਟੂਰ ਸਥਿਤ ਸਲੀਮ ਅਲੀ ਪੰਛੀ ਵਿਗਿਆਨ ਤੇ ਕੁਦਰਤੀ ਇਤਿਹਾਸ ਕੇਂਦਰ (ਐਸ.ਏ.ਸੀ.ਓ.ਐਨ.) ਵਿਚ ਸਥਾਪਤ ਹੋਵੇਗਾ। ਮੋਦੀ ਨੇ ਇਸੇ ਵਰ੍ਹੇ ਮਈ ਵਿਚ ਏਸ਼ੀਆਈ ਸ਼ੇਰਾਂ ਦੀ ਗਿਣਤੀ ਕਰਵਾਉਣ ਦਾ ਐਲਾਨ ਵੀ ਕੀਤਾ ਹੈ।ਇਸ ਤੋਂ ਪਹਿਲਾਂ ਪੀਐਮ ਮੋਦੀ ਨੇ ਗਿਰ ਵਿਚ ਟਾਈਗਰ ਸਫਾਈ ਦਾ ਅਨੰਦ ਲਿਆ।

ਉਨ੍ਹਾਂ ਨੇ ਇਕ ਪੋਸਟ ਵਿਚ ਕਿਹਾ ਕਿ



ਸਮੂਹਿਕ ਯਤਨਾਂ ਕਾਰਨ ਏਸ਼ੀਆਈ ਸ਼ੇਰਾਂ ਦੀ ਅਬਾਦੀ ਵਿਚ ਲਗਾਤਾਰ ਵਾਧਾ ਹੋਇਆ ਹੈ ਤੇ ਏਸ਼ੀਆਈ ਸ਼ੇਰਾਂ ਦੀ ਰਿਹਾਇਸ਼ ਨੂੰ ਸੁਰੱਖਿਅਤ ਰੱਖਣ ਵਿਚ ਆਸ-ਪਾਸ ਦੇ ਖੇਤਰਾਂ ਵਿਚ ਰਹਿਣ ਵਾਲੇ ਆਦਿਵਾਸੀਆਂ ਤੇ ਔਰਤਾਂ ਦਾ ਯੋਗਦਾਨ ਸ਼ਲਾਘਾਯੋਗ ਹੈ। ਇਸ ਦੌਰਾਨ ਪ੍ਰਧਾਨ ਮੰਤਰੀ ਨੇ ਸੋਮਵਾਰ ਨੂੰ ਗੁਜਰਾਤ ਦੇ ਗੀਰ ਸੈਂਕਚੁਰੀ ਤੇ ਗੁਜਰਾਤ ਦੇ ਬੰਨੀ ਸਥਿਤ ਘਾਹ ਦੇ ਮੈਦਾਨਾਂ ਵਿਚ ਵਸਾਉਣ ਨੂੰ ਮਨਜ਼ੂਰੀ 5 ਦਿੱਤੀ ਹੈ। ਦੱਸਣਯੋਗ ਹੈ ਕਿ ਚੀਤਿਆਂ ਦੀਆਂ ਪਹਿਲੀਆਂ ਦੋ ਖੇਪਾਂ ਨੂੰ ਹਾਲੇ ਮੱਧ ਪ੍ਰਦੇਸ਼ ਦੀ ਕੂਨੋ ਸੈਕਚੁਰੀ ਵਿਚ ਰੱਖਿਆ ਗਿਆ ਹੈ, ਜਿੱਥੇ ਇਨ੍ਹਾਂ ਦਾ ਕੁਨਬਾ ਤੇਜ਼ੀ ਨਾਲ ਵੱਧ ਰਿਹਾ ਹੈ। ਬੈਠਕ ਵਿਚ ਵਣਜੀਵਾਂ ਤੇ ਮਨੁੱਖਾਂ ਦੇ ਸੰਘਰਸ਼ ਨੂੰ ਰੋਕਣ ਲਈ ਮੁਹਾਰਤ ਕੇਂਦਰ ਖੋਲ੍ਹਣ ਦੇ ਐਲਾਨ ਨੂੰ ਬੇਹੱਦ ਅਹਿਮ ਮੰਨਿਆ ਜਾ ਰਿਹਾ ਹੈ

## ਡਾਲਫਿਨ ਦੀ ਗਿਣਤੀ ਪੱਖੋਂ ਯੂਪੀ ਸਿਖਰ 'ਤੇ

ਦੇਸ਼ ਵਿਚ ਡਾਲਫਿਨ ਦੀ ਗਿਣਤੀ ਵਿਚ ਭਾਰੀ ਵਾਧਾ ਹੋਇਆ ਹੈ। ਇਹ ਗਿਣਤੀ 2000 ਤੋਂ ਵੱਧ ਕੇ 6327 ਹੋ ਗਈ ਹੈ। ਅੱਠ ਸੂਬਿਆਂ ਵਿਚ ਡਾਲਫਿਨ ਨੂੰ ਲੈ ਕੇ ਕਰਵਾਏ ਸਰਵੇਖਣ ਵਿਚ



ਇਹ ਜਾਣਕਾਰੀ ਉੱਭਰੀ ਹੈ। ਮੋਦੀ ਨੇ ਸੋਮਵਾਰ ਨੂੰ ਦੇਸ਼ ਦੀ ਪਹਿਲੀ ਨਦੀ ਡਾਲਫਿਨ ਗਿਣਤੀ ਰਿਪੋਰਟ ਜਾਰੀ ਕੀਤੀ। ਡਾਲਫਿਨ ਦੀ ਵਧੀ ਗਿਣਤੀ ਨੂੰ ਨਦੀਆਂ ਦੀ ਸੁਧਰ ਰਹੀ ਸਹਿਤ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ. ਸਵੱਛ ਨਦੀਆਂ ਵਿਚ ਵੀ ਡਾਲਫਿਨ ਦਾ ਵਿਕਾਸ ਹੁੰਦਾ ਹੈ।

ਪੰਜਾਬ ਟਾਈਮਜ਼

8 ਮਾਰਚ, ਸ਼ਨਿਚਰਵਾਰ

# ਟਰੰਪ ਦੀ ਕਾਹਲੀ ਅੱਗੇ ਟੋਏ

ਯੂਕਰੇਨ ਦੇ ਮੁਖੀ ਜ਼ੇਲੈਂਸਕੀ ਵਲੋਂ ਕੀਤੇ ਗਏ ਅਮਰੀਕੀ ਦੌਰੇ ਦੌਰਾਨ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਹੋਈ ਉਸਦੀ ਬਹਿਸ ਉਪਰੰਤ ਜ਼ੇਲੈਂਸਕੀ ਵਲੋਂ ਕੀਤੇ ਗਏ ਯੂਰਪ ਦੇ ਦੌਰੇ ਨੇ, ਵਿਸ਼ਵ ਰਾਜਨੀਤੀ ਵਿਚ ਵੱਡਾ ਭੂਚਾਲ ਲਿਆ ਦਿੱਤਾ ਹੈ। ਯੂਕਰੇਨ ਨੂੰ ਅਮਰੀਕਾ ਵਲੋਂ ਨਾਂਹ ਕੀਤੇ ਜਾਣ ਦੇ ਬਾਵਜੂਦ ਯੂਰਪੀਅਨ ਦੇਸ਼ਾਂ ਵਲੋਂ ਯੂਕਰੇਨ ਨੂੰ ਮਦਦ ਜਾਰੀ ਰੱਖਣ ਦਾ ਭਰੋਸਾ ਜ਼ੇਲੈਂਸਕੀ ਲਈ ਰਾਹਤ ਦੀ ਖਬਰ ਲੈ ਕੇ ਆਇਆ ਸੀ। ਪਰ ਦਿਨ ਚੜ੍ਹਦਿਆਂ ਹੀ ਅਮਰੀਕਾ ਵਲੋਂ ਯੂਕਰੇਨ ਨੂੰ ਭੇਜੀ ਜਾਣ ਵਾਲੀ ਮਦਦ ਨੂੰ ਰੋਕ ਦੇਣ ਦਾ ਟਰੰਪ ਵਲੋਂ ਕੀਤਾ ਗਿਆ ਐਲਾਨ ਯੂਕਰੇਨ ਲਈ ਨਵੀਂ ਮੁਸੀਬਤ ਲੈ ਕੇ ਆ ਗਿਆ। ਟਰੰਪ ਨੇ ਅਜੇਹੇ ਸਖਤ ਫੈਸਲੇ ਦਾ ਐਲਾਨ ਆਪਣੇ ਭਾਸ਼ਣ ਤੋਂ ਪਹਿਲਾਂ ਕਰਕੇ ਆਪਣੇ ਸੁਭਾਅ ਦੇ ਰਵਾਇਤੀ ਰੰਗ ਨੂੰ ਇਕ ਵਾਰ ਫੇਰ ਰੂਪਮਾਨ ਕਰ ਦਿੱਤਾ ਹੈ। ਇਸ ਨਾਲ ਅਮਰੀਕਾ, ਯੂਕਰੇਨ ਅਤੇ ਯੂਰਪ ਦੀ ਰਵਾਇਤੀ ਸਾਂਝ ਉਤੇ ਕੀ ਅਸਰ ਪਵੇਗਾ ਅਤੇ ਵਿਸ਼ਵ ਰਾਜਨੀਤੀ ਕਿਸ ਪਾਸੇ ਨੂੰ ਜਾਏਗੀ, ਇਹ ਤਾਂ ਸਮਾਂ ਹੀ ਦੱਸੇਗਾ, ਪਰ ਇਹ ਸਪੱਸ਼ਟ ਹੈ ਕਿ ਜਦੋਂ ਤੋਂ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੁਰਸੀ ਸੰਭਾਲੀ ਹੈ, ਉਦੋਂ ਤੋਂ ਹੀ ਉਨ੍ਹਾਂ ਦੀਆਂ ਨੀਤੀਆਂ ਕਾਰਨ ਦੂਜੇ ਦੇਸ਼ਾਂ ਵਿਚ ਤਣਾਅ ਪੈਦਾ ਹੋ ਰਿਹਾ ਹੈ। ਅਮਰੀਕਾ ਵੱਲੋਂ ਟੈਰਿਫ ਨੀਤੀ ਦੇ ਜਵਾਬ ਵਿਚ ਹਾਲਾਂਕਿ ਕੈਨੇਡਾ ਤੇ ਮੈਕਸੀਕੋ ਨੇ ਵੀ ਮੋੜਵੇਂ ਜਵਾਬ ਦਿੱਤੇ ਹਨ। ਜਿਸ ਨਾਲ ਵਿਸ਼ਵ ਪੱਧਰ 'ਤੇ ਇਕ ਖਾਸ ਸੰਦੇਸ਼ ਗਿਆ ਹੈ। ਭਾਰਤ ਨੂੰ ਦਿੱਤੇ ਜਾਂਦੇ ਚੋਣ ਫੰਡ ਦੀ ਅਮਰੀਕੀ ਪ੍ਰਸ਼ਾਸਨ ਵੱਲੋਂ ਕੀਤੀ ਗਈ ਟਿੱਪਣੀ ਨੇ ਵੀ ਨਵੀਂ ਸਥਿਤੀ ਪੈਦਾ ਕੀਤੀ ਹੈ।

ਜਿਸ ਦੀ ਕੋਈ ਜ਼ਰੂਰਤ ਨਹੀਂ ਹੈ। ਇਹ ਵੀ ਉਸ ਵੇਲੇ ਹੋਇਆ ਜਦੋਂ ਅਮਰੀਕਾ ਦੌਰੇ ਤੋਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵਾਪਸੀ ਹੋਈ ਸੀ। ਅਮਰੀਕਾ ਦਾ ਹੁਣ ਤਾਜ਼ਾ ਰੌਲਾ ਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਨਾਲ ਪਿਆ ਹੈ। ਦੋਵਾਂ ਦੀ ਮੁਲਾਕਾਤ ਤਣਾ-ਤਣੀ ਵਿਚ ਬਦਲ ਗਈ। ਗੱਲਬਾਤ ਸੁਖਾਵੇਂ ਮਾਹੌਲ ਵਿਚ ਸ਼ੁਰੂ ਹੋਈ ਪਰ ਹਾਲਾਤ ਇਹ ਬਣੇ ਕਿ ਜ਼ੇਲੈਂਸਕੀ ਨੂੰ ਵ੍ਹਾਈਟ ਹਾਊਸ ਵਿਚੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਗਿਆ। ਅਸਲ ਵਿਚ ਉਨ੍ਹਾਂ ਅੱਗੇ ਅਮਰੀਕੀ ਰਾਸ਼ਟਰਪਤੀ ਨੇ ਰੂਸ ਨਾਲ ਸਮਝੌਤੇ ਦੀ ਪੇਸ਼ਕਸ਼ ਰੱਖੀ, ਪਰ ਉਹ ਇਸ ਗੱਲ 'ਤੇ ਅੜੇ ਹੋਏ ਸਨ ਕਿ ਉਹ ਉਦੋਂ ਤੱਕ ਕਿਸੇ ਜੰਗਬੰਦੀ 'ਤੇ ਸਮਝੌਤੇ ਵਾਲੇ ਹਸਤਾਖ਼ਰ ਨਹੀਂ ਕਰਨਗੇ, ਜਦੋਂ ਤੱਕ ਉਨ੍ਹਾਂ ਨੂੰ ਆਪਣੇ ਨਾਗਰਿਕਾਂ ਦੀ ਸੁਰੱਖਿਆ ਬਾਰੇ ਕੋਈ ਭਰੋਸਾ ਹਾਸਲ ਨਹੀਂ ਹੋ ਜਾਂਦਾ। ਇਸ ਬਹਿਸ ਤੋਂ ਬਾਅਦ ਹਾਲਾਂਕਿ ਜ਼ੇਲੈਂਸਕੀ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਐਕਸ 'ਤੇ ਇਸ ਗੱਲ ਦਾ ਜ਼ਿਕਰ ਕੀਤਾ ਕਿ ਉਹ ਸ਼ਾਂਤੀ ਚਾਹੁੰਦੇ ਹਨ।

ਉਹ ਇਸ ਗੱਲ ਲਈ ਆਸਵੰਦ ਸਨ ਕਿ ਖਣਿਜਾਂ ਬਾਰੇ ਸਮਝੌਤਾ ਸੁਰੱਖਿਆ ਦੀ ਗਾਰੰਟੀ ਅਤੇ ਸ਼ਾਂਤੀ ਦੇ ਨੇੜੇ ਜਾਣ ਵੱਲ ਪਹਿਲਾ ਕਦਮ ਹੈ। ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਯੂਕਰੇਨ ਇਸ ਵੇਲੇ ਮੁਸ਼ਕਲ 'ਚ ਹੈ ਪਰ ਉਹ ਲੜਾਈ ਨਹੀਂ ਰੋਕਣਾ ਚਾਹੁੰਦਾ।

ਜ਼ੇਲੈਂਸਕੀ ਦਾ ਸਟੈਂਡ ਬੇਸ਼ੱਕ ਟਰੰਪ ਤੇ ਰੂਸ ਨੂੰ ਕਿਸੇ ਵੀ ਰੂਪ ਵਿਚ ਹਜ਼ਮ ਨਹੀਂ ਹੋ ਸਕਦਾ ਪਰ ਇਸ ਵੇਲੇ ਉਹ ਆਪਣੇ ਨਾਗਰਿਕਾਂ ਨੂੰ ਅੱਗੇ ਰੱਖ ਕੇ ਅਮਰੀਕਾ ਵਰਗੀ ਤਾਕਤ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਗੱਲ ਕਰਨਾ, ਅਤੇ ਆਪਣੀ ਇਹ ਤੜ ਰੱਖਣੀ ਹਾਲਾਂ ਕਿ ਉਸਨੂੰ ਮਹਿੰਗੀ ਪੈ ਰਹੀ ਹੈ ਪਰ ਦੂਜੇ ਯੂਰਪੀ ਦੇਸ਼ਾਂ ਨੇ ਇਸ ਵੇਲੇ ਉਨ੍ਹਾਂ ਨੂੰ ਸਮਰਥਨ ਦੇਣ ਦੀ ਗੱਲ ਕਹੀ ਹੈ। ਅਮਰੀਕਾ ਵੱਲੋਂ ਵੀ ਜਦੋਂ ਕਦੇ ਉੱਥੇ ਵਸਣ ਵਾਲੇ ਗ਼ੈਰ-ਕਾਨੂੰਨੀ ਨਾਗਰਿਕਾਂ ਬਾਰੇ ਕੋਈ ਨੀਤੀ ਘੜੀ ਜਾਂਦੀ ਹੈ ਜਾਂ ਕੋਈ ਨਵਾਂ ਟੈਰਿਫ ਲਗਾਇਆ ਜਾਂਦਾ ਹੈ ਤਾਂ ਇਸ ਦੇ ਨਾਲ ਹੀ ਟਰੰਪ ਇਹ ਬਿਆਨ ਦਿੰਦੇ ਹਨ ਕਿ ਉਹ ਸਾਰਾ ਕੁਝ ਆਪਣੇ ਨਾਗਰਿਕਾਂ ਦੀ ਸੁਰੱਖਿਆ ਦੇ ਲਿਹਾਜ਼ ਨਾਲ ਕਰ ਰਹੇ ਹਨ। ਜ਼ੇਲੈਂਸਕੀ ਦੇ ਅਜਿਹੇ ਪਿੱਛੇ ਇਕ ਕਾਰਨ ਇਹ ਵੀ ਹੈ ਕਿ ਰੂਸ ਦੇ ਰਾਸ਼ਟਪਤੀ ਪਹਿਲਾਂ ਵੀ ਜੰਗਬੰਦੀ ਦੀ ਉਲੰਘਣਾ ਕਰ ਚੁੱਕੇ ਹਨ ਤੇ ਮੁੜ ਤੋਂ ਵੀ ਹਾਲਾਤ ਇਹੋ ਜਿਹੇ ਬਣ ਸਕਦੇ ਹਨ। ਪਰ ਇਕ ਗੱਲ ਜੋ ਹੈਰਾਨ ਕਰਨ ਵਾਲੀ ਹੈ ਕਿ ਅਮਰੀਕਾ ਲਗਾਤਾਰ ਟਰੰਪ ਦੀ ਸੱਤਾ ਆਉਣ ਤੋਂ ਬਾਅਦ ਦੂਜੇ ਦੇਸ਼ਾਂ ਖ਼ਿਲਾਫ਼ ਹਮਲਾਵਰ ਹੋ ਰਿਹਾ ਹੈ। ਉਸ ਦੀ ਗੱਲ ਨਾ ਮੰਨਣ ਦੀ ਸੂਰਤ ਵਿਚ ਗੰਭੀਰ ਸਿੱਟੇ ਭੁਗਤਣੇ ਪੈ ਰਹੇ ਹਨ। ਅਮਰੀਕਾ ਦੀ ਵਪਾਰਕ ਸਾਂਝ ਤਕਰੀਬਨ ਸਾਰੇ ਦੇਸ਼ਾਂ ਨਾਲ ਹੈ। ਇਸ ਲਈ ਅਮਰੀਕੀ ਪ੍ਰਸ਼ਾਸਨ ਤੇ ਹੁਕਮਰਾਨਾਂ ਨੂੰ ਠੰਢੇ ਦਿਮਾਗ਼ ਨਾਲ ਇਸ ਗੱਲ 'ਤੇ ਵਿਚਾਰ ਕਰਨਾ ਚਾਹੀਦਾ ਹੈ ਕਿ ਅਜਿਹੇ ਦਬਾਅ ਨਾਲ ਵਿਸ਼ਵ ਪੱਧਰ 'ਤੇ ਉਸ ਪ੍ਰਤੀ ਬਣ ਰਹੀ ਰਾਏ ਉਲਟ ਹਾਲਾਤ ਵੀ ਪੈਦਾ ਕਰ ਸਕਦੀ ਹੈ।

ਉੱਖਲੀ 'ਚ ਸਿਰ ਦੇਣ ਤੋਂ ਗੁਰੇਜ਼ ਨਾ ਕਰਨ ਵਾਲੇ ਯੂਕਰੇਨ ਮੁਖੀ ਵਲਾਦੀਮੀਰ ਜ਼ੇਲੈਂਸਕੀ ਨੇ ਡੋਨਲਡ ਟਰੰਪ ਨਾਲ ਸਿੱਧਾ ਦਸਤਪੰਜਾ ਲੜਾ ਕੇ ਇਤਿਹਾਸ ਵਿਚ ਆਪਣਾ ਨਾਂ ਦਰਜ ਕਰਵਾ ਲਿਆ ਹੈ। ਵ੍ਹਾਈਟ ਹਾਊਸ ਦੇ ਓਵਲ ਦਫ਼ਤਰ ਵਿਚ ਕੌਮਾਂਤਰੀ ਮੀਡੀਆ ਦੀ ਹਾਜ਼ਰੀ ਵਿਚ ਟਰੰਪ ਅਤੇ ਜ਼ੇਲੈਂਸਕੀ ਦਰਮਿਆਨ ਹੋਈ ਨੋਕ-ਝੋਕ ਨੂੰ ਪੂਰੇ ਵਿਸ਼ਵ ਨੇ ਲਾਈਵ ਦੇਖਿਆ। ਜ਼ੇਲੈਂਸਕੀ ਦੀਆਂ ਖਰੀਆਂ-ਖਰੀਆਂ ਕਾਰਨ ਯੂਕਰੇਨ ਨੂੰ ਭਾਵੇਂ ਭਾਰੀ ਖ਼ਮਿਆਜ਼ਾ ਭੁਗਤਣਾ ਪਵੇ ਪਰ ਟਰੰਪ ਦੀ ਬਦਕਲਾਮੀ ਤੇ ਦਾਬੇ ਅੱਗੇ ਨਾ ਝੁਕ ਕੇ ਉਸ ਨੇ ਆਪਣੇ ਦੇਸ਼ ਵਾਸੀਆਂ ਦੇ ਆਤਮ-ਸਨਮਾਨ ਨੂੰ ਵਧਾਇਆ ਹੈ।

ਵ੍ਹਾਈਟ ਹਾਊਸ ਵਿਚ ਅਜਿਹਾ ਵਰਤਾਰਾ ਪਹਿਲਾਂ ਕਦੇ ਨਹੀਂ ਸੀ ਵਾਪਰਿਆ ਜਦੋਂ ਕੋਈ ਆਪਣੇ ਮਹਿਮਾਨ ਨੂੰ 'ਮੂਰਖ ਰਾਸ਼ਟਰਪਤੀ' ਕਹਿ ਕੇ ਸੰਬੋਧਨ ਕਰ ਰਿਹਾ ਹੋਵੇ। ਅਜਿਹੀ 'ਮਹਿਮਾਨ-ਨਿਵਾਜ਼ੀ' ਕਿਸੇ ਨੇ ਪਹਿਲਾਂ ਕਦੇ ਨਹੀਂ ਸੀ ਵੇਖੀ। ਪਰ ਟਰੰਪ ਨੂੰ ਜ਼ੇਲੈਂਸਕੀ ਨੇ ਸਪਸ਼ਟ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਕਿ ਉਹ ਗਿੱਦੜ ਭਬਕੀਆਂ ਤੋਂ ਦੱਬਣ ਵਾਲਾ ਨਹੀਂ ਹੈ। ਉਸ ਨੂੰ ਔਸਤ ਦਰਜੇ ਦਾ ਕਾਮੇਡੀਅਨ ਕਹਿਣ ਵਾਲੇ ਟਰੰਪ ਨੇ ਕਦੇ ਸੁਪਨੇ ਵਿਚ ਨਹੀਂ ਸੋਚਿਆ ਹੋਣਾ ਕਿ ਇਕ ਅਦਨੇ ਜੇਹੇ ਦੇਸ਼ ਦਾ ਰਾਸ਼ਟਰਪਤੀ ਉਸ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਗੱਲ ਕਰਨ ਦੀ ਜੁਰਅਤ ਰੱਖ ਸਕਦਾ ਹੈ। ਖਣਿਜ ਪਦਾਰਥਾਂ ਨਾਲ ਮਾਲਾਮਾਲ ਯੂਕਰੇਨ ਨੂੰ ਟਰੰਪ ਨੇ ਧਨਾਢ ਵਪਾਰੀ ਵਾਂਗ ਤੋਲ ਕੇ ਵ੍ਹਾਈਟ ਹਾਊਸ ਵਿਚ ਆਉਣ ਲਈ ਸੱਦਾ ਭੇਜਿਆ ਸੀ। ਟਰੰਪ ਨੇ ਬਾਹਰ ਆ ਕੇ ਉਸ ਨੂੰ ਖ਼ੁਸ਼ਆਮਦੀਦ ਕਹੀ ਸੀ। ਖਣਿਜਾਂ 'ਤੇ ਅੱਖ ਟਿਕਾਈ ਬੈਠੇ ਟਰੰਪ ਨੇ ਗਰਮਜੋਸ਼ੀ ਨਾਲ ਵਾਰਤਾ ਸ਼ੁਰੂ ਕੀਤੀ। ਲੀਹ ਤੋਂ ਹਟ ਕੇ ਟਰੰਪ ਨੇ ਯੂਕਰੇਨ-ਰੂਸ ਜੰਗਬੰਦੀ ਦੀ ਗੱਲ ਛੋਹ ਲਈ। ਇਸ 'ਤੇ ਜ਼ੇਲੈਂਸਕੀ ਤਿਲਮਿਲਾ ਉੱਠਿਆ। ਉਸ ਨੇ ਕਿਹਾ ਕਿ ਜੰਗ ਤਾਂ ਮਨੁੱਖਤਾ ਦੇ ਕਾਤਲ ਰੂਸ ਦੇ ਰਾਸ਼ਟਰਪਤੀ ਪੁਤਿਨ ਨੇ ਛੇੜੀ ਹੈ। ਪੁਤਿਨ ਨੇ ਘੱਟੋ-ਘੱਟ 25 ਵਾਰ ਯੁੱਧਬੰਦੀ ਦੀ ਉਲੰਘਣਾ ਕਰ ਕੇ ਮਨੁੱਖਤਾ ਦਾ ਘਾਣ ਕੀਤਾ ਹੈ। ਇਸ 'ਤੇ ਟਰੰਪ ਲਾਲ-ਪੀਲਾ ਹੋ ਗਿਆ। ਟਰੰਪ ਨੇ ਉਸ ਨੂੰ 'ਸਟੂਪਿਡ ਪ੍ਰੈਜ਼ੀਡੈਂਟ' ਕਹਿੰਦਿਆਂ ਕਿਹਾ ਕਿ ਉਸ ਦੇ ਪੱਲੇ ਹੀ ਕੀ ਹੈ? ਉਸ ਕੋਲ ਕੋਈ ਪੱਤਾ ਨਹੀਂ ਬਚਿਆ ਜਿਸ ਨੂੰ ਖੇਡ ਕੇ ਉਹ ਰੂਸ ਤੋਂ ਜੰਗ ਜਿੱਤ ਸਕੇ। 'ਤੁਹਾਨੂੰ ਨਹੀਂ ਪਤਾ ਕਿ ਯੂਕਰੇਨ ਕਿਸ ਗੰਭੀਰ ਸਮੱਸਿਆ ਨਾਲ ਜੂਝ ਰਿਹਾ ਹੈ? ਅਮਰੀਕਾ ਨਾ ਹੁੰਦਾ ਤਾਂ ਤਿੰਨ ਸਾਲ ਤੋਂ ਛਿੜੀ ਜੰਗ ਦੋ ਹਫ਼ਤਿਆਂ ਵਿਚ ਖ਼ਤਮ ਹੋ ਜਾਣੀ ਸੀ। ਭਾਵ, ਰੂਸ ਨੇ ਯੂਕਰੇਨ ਨੂੰ ਹੜੱਪਣ ਲਈ ਵੱਧ ਤੋਂ ਵੱਧ ਪੰਦਰਾਂ ਦਿਨ ਲਾਉਣੇ ਸਨ। ਟਰੰਪ ਕਹਿ ਰਿਹਾ ਸੀ ਕਿ ਅਮਰੀਕਾ ਵੱਲੋਂ ਦਿੱਤੇ ਹਥਿਆਰਾਂ ਤੋਂ ਬਗ਼ੈਰ ਜੰਗ ਇੰਨੀ ਲੰਬੀ ਨਹੀਂ ਸੀ ਚੱਲਣੀ। ਜ਼ੇਲੈਂਸਕੀ ਨੇ ਟਰੰਪ ਦਾ ਮੌਜੂ ਉਡਾਉਂਦਿਆਂ ਦੋ ਟੁੱਕ ਕਿਹਾ, "ਮੈਨੂੰ ਪਤਾ ਹੈ ਕਿ ਅਸੀਂ ਸੰਕਟ ਵਿਚ ਹਾਂ। ਰਹੀ ਗੱਲ ਜੰਗ ਦੀ, ਪੁਤਿਨ ਤਾਂ ਦਮਗਜ਼ੇ ਮਾਰ ਰਿਹਾ ਸੀ ਕਿ ਉਹ ਯੂਕਰੇਨ ਨੂੰ ਤਿੰਨ ਦਿਨਾਂ ਦੇ ਅੰਦਰ-ਅੰਦਰ ਰੂਸ ਨਾਲ ਮਿਲਾ ਲਵੇਗਾ। ਤਿੱਖੀ ਬਹਿਸ ਦੌਰਾਨ ਜ਼ੇਲੈਂਸਕੀ ਦੇ ਚਿਹਰੇ 'ਤੇ ਕੋਈ ਸ਼ਿਕਨ ਜਾਂ ਡਰ ਨਹੀਂ ਸੀ।

ਰੂਸ ਨਾਲ ਦੋਸਤੀ ਦਾ ਹੱਥ ਵਧਾ ਕੇ ਤੇ ਯੂਕਰੇਨ ਨਾਲ ਯੁੱਧਬੰਦੀ ਲਈ ਸਾਲਸੀ ਕਰ ਕੇ ਉਹ ਨਵੀਆਂ ਵਪਾਰਕ ਸੰਧੀਆਂ ਸਹੀਬੱਧ ਕਰਨ ਦਾ ਚਾਹਵਾਨ ਹੈ। ਰੂਸ ਨਾਲ ਦੋਸਤੀ ਨਿਭ ਗਈ ਤਾਂ ਉਹ ਚੀਨ ਨੂੰ ਵੱਡੀ ਚੁਣੌਤੀ ਦੇਣ ਦੇ ਸਮਰੱਥ ਹੋ ਜਾਵੇਗਾ। ਇਸ ਵੇਲੇ ਚੀਨ ਦਾ ਸਰਬਪੱਖੀ ਵਿਕਾਸ ਟਰੰਪ ਦੀਆਂ ਅੱਖਾਂ ਵਿਚ ਰੜਕ ਰਿਹਾ ਹੈ। ਔਖੇ-ਸੌਖੇ ਦਿਨਾਂ ਵਿਚ ਅਮਰੀਕਾ ਨਾਲ ਚੱਟਾਨ ਵਾਂਗ ਖੜ੍ਹੇ ਰਹਿਣ ਵਾਲੇ ਕੈਨੇਡਾ, ਮੈਕਸੀਕੋ ਤੇ ਹੋਰ ਮਿੱਤਰ ਦੇਸ਼ਾਂ ਨੂੰ ਵੀ ਉਹ ਅੱਖਾਂ ਦਿਖਾ ਰਿਹਾ ਹੈ। ਬ੍ਰਿਕਸ ਨੂੰ ਉਹ ਪਹਿਲਾਂ ਹੀ 'ਮ੍ਰਿਤਕ ਘੋਸ਼ਿਤ ਕਰ ਕੇ ਇਸ ਦੇ ਮੈਂਬਰ ਦੇਸ਼ਾਂ ਨੂੰ ਜ਼ਲੀਲ ਕਰ ਚੁੱਕਾ ਹੈ। ਪੂੰਜੀ ਦੀ ਵਿਸ਼ਵ ਜੰਗ ਵਿਚ ਉਹ ਦਰਾਮਦ-ਬਰਾਮਦ 'ਤੇ ਲੱਗਦੇ ਟੈਰਿਫਾਂ 'ਤੇ ਆਪਣੀ ਮਰਜ਼ੀ ਥੋਪ ਕੇ ਸ਼ੇਅਰ ਬਾਜ਼ਾਰ ਨੂੰ ਲਹੂ ਲੁਹਾਣ ਕਰ ਚੁੱਕਾ ਹੈ। ਟਰੰਪ ਦੀ ਹੈਂਕੜਬਾਜ਼ੀ ਹੋਰ ਕੀ ਗੁਲ ਖਿੜਾਏਗੀ, ਇਹ ਭਵਿੱਖ ਦੀ ਬੁੱਕਲ ਵਿਚ ਹੈ। ਟਰੰਪ ਵੱਲੋਂ ਜ਼ੇਲੈਂਸਕੀ ਨੂੰ ਇਹ ਕਹਿਣਾ ਕਿ ਉਹ ਦੁਨੀਆ ਨੂੰ ਤੀਜੀ ਵਿਸ਼ਵ ਜੰਗ ਵੱਲ ਲਿਜਾ ਕੇ ਮਨੁੱਖੀ ਜਿੰਦੜੀਆਂ ਨਾਲੇ ਜੂਆ ਖੇਡ ਰਿਹਾ ਹੈ, ਗੁੱਝੇ ਅਰਥ ਰੱਖਦਾ ਹੈ। ਇਨ੍ਹਾਂ ਅਰਥਾਂ ਦੇ ਕਈ ਵਿਸਥਾਰ ਹੋ ਸਕਦੇ ਹਨ। ਇਸ ਇਤਿਹਾਸ ਬਿੰਦੂ ਉਤੇ ਇਹ ਸਾਰੇ ਰਾਹ ਕੰਡਿਆਂ ਨਾਲ ਭਰੇ ਨਜ਼ਰ ਆ ਰਹੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਧਾਮੀ ਦੀ ਹਾਮੀ?

ਅਹੁਦਾ ਛੱਡਿਆ ਭਾਵੇਂ 'ਪ੍ਰਧਾਨਗੀ' ਦਾ, ਫਿਰ ਵੀ ਆਪਣਾ ਹੁਕਮ ਚਲਾਈ ਜਾਵੇ।
ਪਹਿਲੇ 'ਕਾਰੇ' ਨਹੀਂ ਪੰਥ ਨੇ ਮਾਫ ਕੀਤੇ, ਹਾਂਡੀ ਕਾਠ ਦੀ ਮੁੜ ਮੁੜ ਚੜ੍ਹਾਈ ਜਾਵੇ।
ਰੱਸੀ ਸੜ ਗਈ ਵੱਟ ਨਹੀਂ ਗਿਆ ਹਾਲੇ, ਤਖਤ ਸਾਹਿਬ ਦੇ ਨਾਲ ਟਕਰਾਈ ਜਾਵੇ।
ਦੋ ਦਸੰਬਰ ਨੂੰ 'ਖੰਡਾ ਜੋ ਖੜਕਿਆ' ਸੀ, ਹੁਕਮਨਾਮੇ ਦੇ ਅਰਥ 'ਉਲਟਾਈ' ਜਾਵੇ।
ਜਥੇਦਾਰ ਨੂੰ 'ਲਾਹੁਣ' ਦਾ ਭਾਰ ਦਿਲ 'ਤੇ, ਹੁਣ ਦੁਬਾਰਾ ਗੁਨਾਹ ਨਹੀਂ ਕਰਨ ਲੱਗੇ।
ਸਾਰਾ ਲਾਣਾ ਹੁਸ਼ਿਆਰਪੁਰ ਜਾਈ ਜਾਂਦਾ, ਧਾਮੀ ਸੁਬ ਪਰ ਹਾਮੀ ਨਹੀਂ ਭਰਨ ਲੱਗੇ।

# ਕੀ ਵਾਕਿਆ ਹੀ 'ਮੋਦੀ ਹੈ ਤੋ ਮੁਮਕਿਨ ਹੈ'?

ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ: 97816-46008

ਕੌਮੀ ਸਿਆਸਤ ਵਿਚ ਹਰ ਹਰਬਾ ਵਰਤ ਕੇ ਵੱਡੀਆਂ ਮੱਲਾਂ ਮਾਰਨ ਵਾਲੀ ਸਿਆਸੀ ਪਾਰਟੀ ਭਾਜਪਾ ਦੇ ਆਈ.ਟੀ.ਸੈੱਲ ਦੀ ਬਖ਼ਸ਼ਿਸ਼ ਸਦਕਾ ਭਾਜਪਾ ਦੇ ਪਹਿਲੀ ਕਤਾਰ ਦੇ ਆਗੂ ਸ੍ਰੀ ਨਰਿੰਦਰ ਮੋਦੀ ਨੂੰ 'ਮਹਾਂਮਾਨਵ' ਐਲਾਨਿਆ ਹੋਇਆ ਹੈ ਤੇ 'ਮੋਦੀ ਹੈ ਤੋ ਮੁਮਕਿਨ ਹੈ' ਦੀ ਟੈਗਲਾਈਨ ਲਗਾ ਕੇ ਮੋਦੀ ਸਬੰਧੀ ਪ੍ਰਚਾਰ ਇਕ ਧਾਕੜ ਅਤੇ ਅਣਖੀਲੇ ਆਗੂ ਵਜੋਂ ਕੀਤਾ ਜਾਂਦਾ ਹੈ। ਲੋਕ ਸਭਾ ਜਾਂ ਵਿਧਾਨ ਸਭਾ ਚੋਣਾਂ ਪਿੱਛੋਂ ਜਿਨ੍ਹਾਂ ਖਿੱਤਿਆਂ ਵਿਚ ਭਾਜਪਾ ਜਿੱਤ ਜਾਂਦੀ ਹੈ, ਉਥੇ ਜਿੱਤ ਦਾ ਸਾਰਾ ਮਾਣ ਨਰਿੰਦਰ ਮੋਦੀ ਦੀ ਝੋਲੀ ਪਾ ਦਿੱਤਾ ਜਾਂਦਾ ਹੈ ਤੇ ਜਿਨ੍ਹਾਂ ਖਿੱਤਿਆਂ ਵਿਚ ਸ੍ਰੀ ਮੋਦੀ ਦੀਆਂ ਧੂੰਆਂਧਾਰ ਰੈਲੀਆਂ ਦੇ ਬਾਵਜੂਦ ਭਾਜਪਾ ਨੂੰ ਹਾਰ ਦਾ ਸਾਹਮਣਾ ਕਰਨਾ ਪੈਂਦਾ ਹੈ, ਉਥੇ ਹਾਰ ਦਾ ਸਾਰਾ ਠੀਕਰਾ ਸਥਾਨਕ ਲੀਡਰਸ਼ਿਪ ਦੇ ਸਿਰ ਭੰਨ੍ਹ ਦਿੱਤਾ ਜਾਂਦਾ ਹੈ। ਇਸੇ ਨੀਤੀ 'ਤੇ ਅਮਲ ਕਰਦਿਆਂ ਭਾਜਪਾ ਦੇ ਆਈ.ਟੀ.ਸੈੱਲ ਦੇ ਦਿਸ਼ਾ ਨਿਰਦੇਸ਼ਾਂ ਸਦਕਾ ਕੌਮੀ ਮੀਡੀਆ ਨੇ ਮੋਦੀ ਨੂੰ ਕੌਮੀ ਪੱਧਰ 'ਤੇ 'ਅਜੇਤੂ' ਰਾਜਨੇਤਾ ਅਤੇ ਵਿਸ਼ਵ ਪੱਧਰ 'ਤੇ 'ਚੋਟੀ' ਦਾ ਸਿਆਸੀ ਆਗੂ ਬਣਾ ਦਿੱਤਾ ਹੈ। ਆਓ ਵਿਸ਼ਲੇਸ਼ਣ ਕਰੀਏ ਕਿ ਇਸ ਮਹਾਂਮਾਨਵ ਬਾਰੇ ਕੀਤੇ ਜਾਂਦੇ 'ਮਹਾਂਪ੍ਰਚਾਰ' ਦੇ ਪਿੱਛੇ ਦਾ ਸੱਚ ਕੀ ਹੈ ਤੇ ਕੀ 'ਮੋਦੀ ਹੈ ਤੋ ਮੁਮਕਿਨ ਹੈ' ਦਾ ਨਾਅਰਾ ਹਕੀਕਤਨ ਸੱਚ ਹੈ ਜਾਂ ਫਿਰ ਫ਼ੋਕਾ ਕੂੜ ਪ੍ਰਚਾਰ ਹੈ?

ਸੋਸ਼ਲ ਮੀਡੀਆ ਅਤੇ ਬਿਜਲਈ ਮੀਡੀਆ ਰਾਹੀਂ ਸ੍ਰੀ ਨਰਿੰਦਰ ਮੋਦੀ ਨੂੰ 'ਸ਼ਕਤੀਸ਼ਾਲੀ' ਆਗੂ ਵਜੋਂ ਪ੍ਰਚਾਰਿਤ ਅਤੇ ਸਥਾਪਿਤ ਕਰਨ ਵਾਲੇ ਐਂਕਰ ਅਤੇ ਸਮਾਚਾਰ ਸੰਪਾਦਕ ਇਹ ਭੁੱਲ ਜਾਂਦੇ ਹਨ ਕਿ ਸੋਸ਼ਲ ਮੀਡੀਆ 'ਤੇ ਅਜਿਹਾ ਬਹੁਤ ਕੁਝ ਮੌਜੂਦ ਹੈ ਜੋ ਉਨ੍ਹਾਂ ਵੱਲੋਂ ਫ਼ੈਲਾਏ ਜਾ ਰਹੇ ਝੂਠ ਦੀ ਪੋਲ ਖੋਲ੍ਹਣ ਲਈ ਕਾਫੀ ਹੈ। ਉਦਾਹਰਨ ਵਜੋਂ ਸੋਸ਼ਲ ਮੀਡੀਆ 'ਤੇ ਸ੍ਰੀ ਮੋਦੀ ਦਾ ਇਕ ਵੀਡੀਓ ਉਪਲੱਬਧ ਹੈ ਜਿਸ ਵਿਚ ਉਹ ਬਾਹਵਾਂ ਉਲਾਰ-ਉਲਾਰ ਕੇ ਸ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਭੰਡਦਿਆਂ ਆਖ ਰਹੇ ਹਨ,"ਜਬ ਜਬ ਰੁਪਿਆ ਗਿਰਤਾ ਹੈ, ਦੇਸ਼ ਕੀ ਇੱਜ਼ਤ ਗਿਰਤੀ ਹੈ।" ਨਰਿੰਦਰ ਮੋਦੀ ਨੂੰ 'ਸਫ਼ਲ' ਆਗੂ ਸਾਬਿਤ ਕਰਨ ਲਈ ਦਿਨ-ਰਾਤ ਚਾਕਰੀ ਕਰ ਰਹੇ ਟੀ.ਵੀ. ਚੈਨਲ ਇਸ ਗੱਲ ਦਾ ਜ਼ਿਕਰ ਤੱਕ ਵੀ ਨਹੀਂ ਕਰਦੇ ਕਿ ਜੇਕਰ ਸ. ਮਨਮੋਹਨ ਸਿੰਘ ਦੇ ਕਾਰਜਕਾਲ ਸਮੇਂ ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ 60 ਰੁਪਏ ਪ੍ਰਤੀ ਡਾਲਰ ਸੀ ਤਾਂ ਅੱਜ ਇਹ ਕੀਮਤ 88 ਰੁਪਏ ਪ੍ਰਤੀ ਡਾਲਰ ਹੈ ਤਾਂ ਫਿਰ ਦੇਸ਼ ਦੀ ਇੱਜ਼ਤ ਤੇ ਸਾਖ਼ ਜ਼ਿਆਦਾ ਕਿਸ ਦੇ ਰਾਜ ਵਿਚ ਡਿੱਗ ਰਹੀ ਹੈ?

ਅਸਲੀਅਤ ਵਿਚ ਆਪਣੇ ਹਰੇਕ ਬਿਆਨ ਦੇ ਬਿਲਕੁਲ ਉਲਟ ਜਾ ਕੇ ਵੀ 'ਹੀਰੋ' ਬਣੇ ਰਹਿਣ ਵਾਲੇ ਨਰਿੰਦਰ ਮੋਦੀ ਨਾਲ ਜੁੜੀਆਂ ਕੁਝ ਸੱਚਾਈਆਂ ਇਹ ਸਾਬਿਤ ਕਰਦੀਆਂ ਹਨ ਕਿ ਝੂਠੇ ਵਾਅਦੇ ਕਰਨ ਅਤੇ ਜਨਤਾ ਨੂੰ ਮੂਰਖ ਬਣਾਉਣ ਵਿਚ ਜੇਕਰ 'ਮੋਦੀ ਹੈ ਤੋ ਨਾਮੁਮਕਿਨ ਹੈ':

1. ਸ੍ਰੀ ਮੋਦੀ ਨੇ ਆਪਣੇ ਇਕ ਸੰਬੋਧਨ ਵਿਚ ਕਿਹਾ ਸੀ,"ਮੈਂ ਇਕ ਗ਼ਰੀਬ ਦਾ ਬੇਟਾ ਹਾਂ" ਤੇ ਇਸੇ ਬਿਆਨ ਤੋਂ ਬਿਲਕੁਲ ਉਲਟ ਜਾਂਦਿਆਂ ਉਨ੍ਹਾ ਨੇ ਪ੍ਰਧਾਨ ਮੰਤਰੀ ਬਣਦਿਆਂ ਹੀ ਦਸ ਲੱਖ ਦਾ ਸੂਟ ਪਹਿਨ ਲਿਆ ਸੀ ਤੇ ਫਿਰ ਬਾਅਦ ਵਿਚ ਕਈ ਸੌ ਕਰੋੜ ਰੁਪਏ ਦਾ ਵਿਸ਼ੇਸ਼ ਹਵਾਈ ਜਹਾਜ਼ ਵੀ ਖ਼ਰੀਦ ਲਿਆ ਸੀ।

2. ਇੰਟਰਨੈੱਟ 'ਤੇ ਜਨਤਕ ਖੇਤਰ ਵਿਚ ਮੌਜੂਦ ਇਕ ਟੀ.ਵੀ. ਇੰਟਰਵਿਊ ਵਿਚ ਨਰਿੰਦਰ ਮੋਦੀ ਨੇ ਕਿਹਾ ਸੀ "ਮੈਂ ਜ਼ਿਆਦਾ ਪੜ੍ਹਾ ਲਿਖਾ ਨਹੀਂ ਹੂੰ।" ਪਰ ਉਨ੍ਹਾਂ ਦੀ ਇਸ ਸਵੈ-ਘੋਸ਼ਣਾ ਦੇ ਬਾਵਜੂਦ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਉਨ੍ਹਾਂ ਦੀਆਂ ਬੀ.ਏ. ਅਤੇ ਐਮ.ਏ. ਦੀਆਂ ਡਿਗਰੀਆਂ ਦੀਆਂ ਕਾਪੀਆਂ ਜਨਤਕ ਕੀਤੀਆਂ ਜਾਂਦੀਆਂ ਹਨ। ਹੁਣ ਇਨ੍ਹਾਂ ਦੋਵਾਂ ਆਗੂਆਂ ਵਿੱਚੋਂ ਸੱਚ ਕੌਣ ਬੋਲ ਰਿਹਾ ਹੈ, ਇਹ ਤਾਂ ਰੱਬ ਹੀ ਜਾਣਦਾ ਹੈ ਪਰ ਜਾਣਕਾਰਾਂ ਅਨੁਸਾਰ ਜਿਸ ਜ਼ਮਾਨੇ ਵਿਚ ਹੱਥ ਲਿਖ਼ਤ ਸਰਟੀਫ਼ਿਕੇਟ ਜਾਰੀ ਕੀਤੇ ਜਾਂਦੇ ਸਨ, ਉਸ ਜ਼ਮਾਨੇ ਨਾਲ ਸਬੰਧਿਤ ਸ੍ਰੀ ਮੋਦੀ ਦੀਆਂ ਡਿਗਰੀਆਂ ਕੰਪਿਊਟਰ ਨਿਰਮਿਤ ਹਨ ਅਤੇ ਅੱਜ ਤੱਕ ਇਕ ਵੀ ਅਜਿਹਾ ਸ਼ਖ਼ਸ ਸਾਹਮਣੇ ਨਹੀਂ



ਆਇਆ ਹੈ ਜਿਸਨੇ ਉਨ੍ਹਾਂ ਨਾਲ ਕਾਲਜ ਜਾਂ ਯੂਨੀਵਰਸਿਟੀ ਦੀ ਪੜ੍ਹਾਈ ਕਰਨ ਜਾਂ ਪ੍ਰੀਖਿਆ ਦੇਣ ਦੀ ਹਾਮੀ ਭਰੀ ਹੋਵੇ।

3. ਬਚਪਨ ਵਿਚ ਸਟੇਸ਼ਨ 'ਤੇ ਚਾਹ ਵੇਚਣ ਅਤੇ ਘੋਰ ਗ਼ਰੀਬੀ ਦਾ ਜੀਵਨ ਬਤੀਤ ਕਰਨ ਦੇ ਦਾਅਵਿਆਂ ਵਾਲੇ ਸ੍ਰੀ ਨਰਿੰਦਰ ਮੋਦੀ ਦੇ ਬਿਆਨਾਂ ਦੇ ਬਿਲਕੁਲ ਉਲਟ ਉਨ੍ਹਾਂ ਦੀਆਂ ਵਿਦੇਸ਼ਾਂ ਵਿਚ ਸੈਰਾਂ ਕਰਦਿਆਂ ਦੀਆਂ ਤਸਵੀਰਾਂ ਵੱਡੀ ਮਾਤਰਾ ਵਿਚ ਉਪਲੱਬਧ ਹਨ। ਇਕ ਟੀ.ਵੀ.ਇੰਟਰਵਿਊ ਵਿਚ ਤਾਂ ਉਨ੍ਹਾਂ ਨੇ ਆਪਣੇ ਕੋਲ ਇਕ ਡਿਜੀਟਲ ਕੈਮਰਾ ਉਸ ਵਕਤ ਮੌਜੂਦ ਹੋਣ ਦਾ ਦਾਅਵਾ ਵੀ ਕੀਤਾ ਸੀ ਜਿਸ ਵਕਤ ਇਹ ਮਹਿੰਗਾ ਡਿਜੀਟਲ ਕੈਮਰਾ ਅਜੇ ਭਾਰਤ ਤਾਂ ਕੀ ਅਮੀਰ ਮੁਲਕਾਂ ਦੇ ਅਮੀਰ ਲੋਕਾਂ ਕੋਲ ਵੀ ਉਪਲੱਬਧ ਨਹੀਂ ਸੀ।

4. ਭਾਜਪਾ ਦੇ ਵਿਰੋਧੀ ਦਲਾਂ ਵੱਲੋਂ ਨਰਿੰਦਰ ਮੋਦੀ 'ਤੇ 'ਜੁਮਲੇਬਾਜ਼' ਹੋਣ ਦਾ ਇਲਜ਼ਾਮ ਲਗਾਇਆ ਜਾਂਦਾ ਹੈ, ਜਿਸ ਨੂੰ ਸੱਚ ਸਾਬਿਤ ਕਰਨ ਲਈ ਕੁਝ ਪੁਖ਼ਤਾ ਸਬੂਤ ਵੀ ਪੇਸ਼ ਕੀਤੇ ਜਾਂਦੇ ਹਨ ਜਿਨ੍ਹਾਂ ਵਿਚੋਂ "ਸਭ ਕੇ ਖਾਤੇ ਮੇਂ 15-15 ਲਾਖ ਰੁਪਏ ਆਏਂਗੇ" ਵਾਲੀ ਗੱਲ ਨੂੰ ਤਾਂ ਸ੍ਰੀ ਅਮਿਤ ਸ਼ਾਹ ਨੇ ਇਕ ਟੀ.ਵੀ. ਮੁਲਾਕਾਤ ਦੌਰਾਨ ਖ਼ੁਦ ਹੀ 'ਇਲੈਕਸ਼ਨ ਟਾਈਮ ਜੁਮਲਾ' ਤਸਲੀਮ ਕੀਤਾ ਸੀ। ਇਸ ਤੋਂ ਇਲਾਵਾ "ਸਾਲ 2022 ਤੱਕ ਕਿਸਾਨਾਂ ਦੀ ਆਮਦਨੀ ਦੁੱਗਣੀ ਕਰ ਦਿਆਂਗੇ" ਵਾਲਾ ਉਨ੍ਹਾਂ ਦਾ ਵਾਅਦਾ ਵੀ 'ਜੁਮਲਾ' ਹੀ ਸਾਬਿਤ ਹੋਇਆ ਸੀ। ਆਪਣੀ ਸਰਕਾਰ ਆਉਣ 'ਤੇ ਪੈਟਰੋਲ ਦੀ ਕੀਮਤ 40 ਰੁਪਏ ਪ੍ਰਤੀ ਲੀਟਰ ਕਰ ਦੇਣ ਦਾ ਵਾਅਦਾ ਕਰਨ ਵਾਲੇ ਸ੍ਰੀ ਮੋਦੀ ਦਾ ਇਹ ਵਾਅਦਾ ਵੀ 'ਜੁਮਲਾ' ਸਾਬਿਤ ਹੋਇਆ ਹੈ ਜਦੋਂ ਕਿ ਪੈਟਰੋਲ ਦੀ ਕੀਮਤ ਸੌ ਰੁਪਏ ਪ੍ਰਤੀ ਲੀਟਰ ਦਾ ਅੰਕੜਾ ਛੂਹ ਚੁੱਕੀ ਹੈ। ਕਾਂਗਰਸ ਰਾਜ ਸਮੇਂ ਚਾਰ ਸੌ ਰੁਪਏ ਦਾ ਮਿਲਣ ਵਾਲਾ ਸਿਲੰਡਰ ਅੱਜ ਨੌਂ ਸੌ ਰੁਪਏ ਦਾ ਹੈ, ਦਾਲਾਂ ਤੇ ਸਬਜ਼ੀਆਂ ਦੇ ਭਾਅ ਅਸਮਾਨ ਛੂਹ ਰਹੇ ਹਨ ਅਤੇ ਸੋਨਾ ਤਾਂ ਸਾਰੇ ਰਿਕਾਰਡ ਮਾਤ ਪਾ ਕੇ ਟੀਸੀ 'ਤੇ ਜਾ ਪੁੱਜਾ ਹੈ ਪਰ ਸਮੂਹ ਮੀਡੀਆ ਚੈਨਲਾਂ ਅਤੇ ਮੀਡੀਆ ਹਾਊਸਾਂ ਨੂੰ ਦੇਸ਼ ਵਿਚ ਕਿਧਰੇ ਵੀ 'ਮਹਿੰਗਾਈ' ਵਿਖਾਈ ਨਹੀਂ ਦੇ ਰਹੀ ਤੇ ਹਰੇਕ ਚੈਨਲ ਰਿਕਾਰਡ ਤੋੜ 'ਮਹਿੰਗਾਈ' 'ਤੇ ਚਰਚਾ ਕਰਨ ਦੀ ਥਾਂ ਇਸ ਗੱਲ 'ਤੇ ਬਹਿਸ ਕਰ ਰਿਹਾ ਹੈ ਕਿ 'ਰਾਹੁਲ ਗਾਂਧੀ ਜੀ ਮਹਾਂਕੁੰਭ 'ਚ ਇਸ਼ਨਾਨ ਕਰਨ ਕਿਉਂ ਨਹੀਂ ਗਏ ਹਨ?" ਇਹ ਸਭ ਭਾਜਪਾ ਦੁਆਰਾ ਕੀਤੀ ਗਈ ਵਧੀਆ 'ਮੀਡੀਆ ਮੈਨੇਜਮੈਂਟ' ਦਾ ਹੀ ਸਿੱਟਾ ਹੈ।

5. ਸੰਸਦ ਵਿਚ ਦਿੱਤੇ ਗਏ ਆਪਣੇ ਇਕ ਭਾਸ਼ਣ ਦੌਰਾਨ ਇਕ ਸਾਬਕਾ ਪ੍ਰਧਾਨ ਮੰਤਰੀ 'ਤੇ ਤੰਜ਼ ਕੱਸਣ ਵੇਲੇ ਨਰਿੰਦਰ ਮੋਦੀ ਨੇ ਕਿਹਾ ਸੀ,"ਡਾ. ਸਾਹਿਬ ਤੋ ਬਾਥਰੂਮ ਮੇਂ ਭੀ ਰੇਨ ਕੋਟ ਪਹਿਨ ਕੇ ਨਹਾਤੇ ਹੈਂ।" ਉਨ੍ਹਾਂ ਦਾ ਇਹ ਬਿਆਨ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਅੱਜ ਵੀ ਉਪਲੱਬਧ ਹੈ ਤੇ ਉਸ ਵੇਲੇ ਇਸ ਬਿਆਨ ਨੂੰ ਵਾਰ-ਵਾਰ ਵਿਖਾਉਣ ਵਾਲੇ ਟੀ.ਵੀ. ਚੈਨਲਾਂ ਵਿਚੋਂ ਕਿਸੇ ਇਕ ਵੀ ਟੀ.ਵੀ. ਚੈਨਲ ਨੇ 'ਮਹਾਂਕੁੰਭ-2025' ਦੌਰਾਨ ਸ੍ਰੀ ਮੋਦੀ ਵੱਲੋਂ ਪੂਰੇ ਕੱਪੜੇ ਪਹਿਨ ਕੇ 'ਇਸ਼ਨਾਨ' ਕੀਤੇ ਜਾਣ 'ਤੇ ਜ਼ਰ੍ਹਾ ਜਿੰਨੀ ਵੀ ਚੁਟਕੀ ਨਹੀਂ ਲਈ ਤੇ ਨਾ ਹੀ ਮਹਾਂਕੁੰਭ ਦੌਰਾਨ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਦੀਆਂ ਕੀਮਤਾਂ ਵਿਚ ਤਿੰਨ ਸੌ ਫ਼ੀਸਦੀ ਵਾਧਾ ਹੋ ਜਾਣ 'ਤੇ ਕਿਸੇ ਟੀ.ਵੀ. ਐਂਕਰ ਜਾਂ ਪੱਤਰਕਾਰ ਨੇ ਮੋਦੀ ਦੇ ਉਸ ਬਿਆਨ ਨੂੰ ਨਹੀਂ ਵਿਖਾਇਆ ਜਿਸ ਵਿਚ ਉਨ੍ਹਾਂ ਨੇ ਕਿਸੇ ਵੇਲੇ ਹੁੱਬ ਕੇ ਆਖਿਆ ਸੀ, "ਹਵਾਈ ਚੱਪਲ ਵਾਲਾ ਵੀ ਹਵਾਈ ਜਹਾਜ਼ ਦੀ ਯਾਤਰਾ ਕਰੇਗਾ।" ਹਕੀਕਤ ਤਾਂ ਇਹ ਸੀ ਕਿ ਹਵਾਈ ਚੱਪਲ ਵਾਲਾ ਤਾਂ ਛੱਡੋ ਸੂਟ-ਬੂਟ ਪਾਉਣ ਵਾਲਾ ਵੀ ਹਵਾਈ ਟਿਕਟ ਲੈਣ ਤੋਂ ਅਸਮਰੱਥ ਨਜ਼ਰ ਆ ਰਿਹਾ ਸੀ।

6. ਕਿੰਨੇ ਸਿਤਮਜ਼ਰੀਫ਼ੀ ਦੀ ਗੱਲ ਹੈ ਕਿ ਭਾਜਪਾ ਸ਼ਾਸਿਤ ਉੱਤਰ ਪ੍ਰਦੇਸ਼ ਰਾਜ ਦੀ ਯੋਗੀ ਸਰਕਾਰ ਹਰ ਰੋਜ਼ ਅੰਕੜੇ ਜਾਰੀ ਕਰਦੀ ਰਹੀ ਕਿ ਕਿੰਨੇ ਸ਼ਰਧਾਲੂਆਂ ਨੇ ਉਸ ਦਿਨ ਮਹਾਂਕੁੰਭ ਵਿਚ ਸ਼ਿਰਕਤ ਕਰ ਕੇ ਪਵਿੱਤਰ ਇਸ਼ਨਾਨ ਕੀਤਾ ਸੀ ਪਰ ਭਾਜਪਾ ਸਰਕਾਰ ਇਹ ਅੱਜ ਤੱਕ ਨਹੀਂ ਦੱਸ ਸਕੀ ਕਿ ਭਗਦੜ ਵਿਚ ਮਰੇ ਸ਼ਰਧਾਲੂਆਂ ਦੀ ਅਸਲ ਸੰਖਿਆ ਕਿੰਨੀ ਸੀ? ਲੱਗਦਾ ਹੈ ਕਿ ਡਬਲ ਇੰਜਣ ਵਾਲੀ ਮੋਦੀ-ਯੋਗੀ ਸਰਕਾਰ ਨੂੰ 'ਕਰੋੜ' ਗਿਣਨਾ ਸੌਖਾ ਲੱਗਦਾ ਹੈ ਪਰ 'ਸੌ' ਗਿਣਨਾ ਔਖਾ ਜਾਪਦਾ ਹੈ। ਹਰ ਹਾਦਸੇ ਲਈ ਪ੍ਰਦੇਸ਼ ਸਰਕਾਰ ਅਤੇ ਰੇਲ ਮੰਤਰੀ ਨੂੰ ਕਟਹਿਰੇ 'ਚ ਖੜ੍ਹੇ ਕਰਨ ਵਾਲੇ ਮੀਡੀਆ ਚੈਨਲਾਂ ਨੇ ਇਸ ਵਾਰ 'ਮੋਦੀ ਜੀ ਦੀ ਕਿਰਪਾ' ਸਦਕਾ ਜ਼ਰ੍ਹਾ ਵੀ ਹਾਲ-ਪਾਰ੍ਹਿਆ ਨਹੀਂ ਮਚਾਈ ਤੇ ਸ਼ਰਧਾਲੂਆਂ ਦੀ ਭੀੜ ਨੂੰ ਸਾਂਭਣ ਦੇ ਪ੍ਰਬੰਧਾਂ ਦੇ ਨਾਕਸ ਹੋਣ ਕਰਕੇ ਰੇਲ ਮੰਤਰੀ ਜਾਂ ਮੁੱਖ ਮੰਤਰੀ ਦਾ ਅਸਤੀਫ਼ਾ ਮੰਗਣ ਦਾ ਤਾਂ 'ਡਰਾਮਾ' ਵੀ ਨਹੀਂ ਰਚਿਆ ਸਗੋਂ 'ਮੌਨ' ਹੀ ਧਾਰੀ ਰੱਖਿਆ ਜੋ ਅੱਜ ਤੱਕ ਕਾਇਮ ਹੈ।

7. ਬੇਟੀਆਂ ਦੀ ਪੜ੍ਹਾਈ ਅਤੇ ਸੁਰੱਖਿਆ ਸਬੰਧੀ ਸ੍ਰੀ ਨਰਿੰਦਰ ਮੋਦੀ ਦੇ ਬਿਆਨਾਂ ਨੂੰ ਬੜੀ ਪ੍ਰਮੁੱਖਤਾ ਨਾਲ ਪੇਸ਼ ਕਰਨ ਵਾਲੇ ਮੀਡੀਆ ਨੇ 'ਮਣੀਪੁਰ ਕਾਂਡ' ਅਤੇ ਭਾਜਪਾ ਦੇ ਸੰਸਦ ਮੈਂਬਰ ਬ੍ਰਿਜ ਭੂਸ਼ਨ ਸ਼ਰਣ ਸਿੰਘ ਦੀਆਂ ਸਤਾਈਆਂ ਹੋਈਆਂ ਮਹਿਲਾ ਪਹਿਲਵਾਨਾਂ ਨੂੰ ਇਨਸਾਫ਼ ਦੇਣ ਦੀ ਥਾਂ ਸ਼ਰ੍ਹੇਆਮ ਨਵੀਂ ਦਿੱਲੀ ਵਿਖੇ ਉਨ੍ਹਾਂ ਨਾਲ ਕੀਤੇ ਗਏ ਦੁਰਵਿਹਾਰ ਸਬੰਧੀ ਪ੍ਰਧਾਨ ਮੰਤਰੀ ਦੀ 'ਖ਼ਾਮੋਸ਼ੀ' 'ਤੇ ਸੁਆਲ ਚੁੱਕਣ ਦੀ ਹਿੰਮਤ ਅਤੇ ਜੁਰੱਅਤ ਅੱਜ ਤੱਕ ਨਹੀਂ ਵਿਖਾਈ ਹੈ। ਬਲਾਤਕਾਰ ਅਤੇ ਕਤਲ ਜਿਹੇ ਸੰਗੀਨ ਇਲਜ਼ਾਮਾਂ ਹੇਠ ਸਜ਼ਾ ਭੁਗਤ ਰਹੇ ਬਾਬਾ ਰਾਮ ਰਹੀਮ ਨੂੰ ਭਾਜਪਾ ਸਰਕਾਰਾਂ ਦੀ ਮਦਦ ਨਾਲ ਵਾਰ-ਵਾਰ ਪੈਰੋਲ ਮਿਲਣਾ ਅਤੇ ਬਿਲਕੀਸ ਬਾਨੋ ਦੇ ਗੁਨਾਹਗਾਰਾਂ ਨੂੰ ਰਿਹਾਅ ਕਰ ਕੇ ਉਨ੍ਹਾਂ ਦਾ 'ਸ਼ਾਨਦਾਰ ਸੁਆਗਤ' ਕਰਨਾ ਇਹ ਸਾਬਿਤ ਕਰਦਾ ਹੈ ਕਿ ਬੇਟੀਆਂ ਦੇ ਬਲਾਤਕਾਰੀਆਂ ਪ੍ਰਤੀ ਭਾਜਪਾ ਦੀ ਸੋਚ ਕੀ ਹੈ? ਹੋਰ ਤਾਂ ਹੋਰ ਦੇਸ਼ ਦੇ ਸਰਬਉੱਚ ਅਹੁਦੇ 'ਤੇ ਬਿਰਾਜਮਾਨ ਸ੍ਰੀਮਤੀ ਦ੍ਰੋਪਦੀ ਮੁਰਮੂ ਨੂੰ ਅਯੁੱਧਿਆ ਵਿਖੇ ਰਾਮ ਮੰਦਿਰ ਦੇ ਉਦਘਾਟਨ ਅਤੇ ਸੰਸਦ ਭਵਨ ਦੀ ਨਵੀਂ ਇਮਾਰਤ ਸਮੇਂ ਸੱਦਾ ਨਾ ਦੇ ਕੇ ਸ੍ਰੀ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੇ ਸਾਫ਼ ਕਰ ਦਿੱਤਾ ਸੀ ਕਿ ਮਹਿਲਾਵਾਂ ਅਤੇ ਦਲਿਤਾਂ ਦੇ ਸਨਮਾਨ ਪ੍ਰਤੀ ਭਾਜਪਾ ਦੀ ਸੋਚ ਕੀ ਹੈ।

8. ਦੇਸ਼ ਦੇ ਠੱਗਾਂ, ਸਮੱਗਲਰਾਂ ਅਤੇ ਭ੍ਰਿਸ਼ਟਾਚਾਰੀਆਂ ਦਾ ਵਿਦੇਸ਼ਾਂ ਵਿਚ ਪਿਆ ਕਾਲਾ ਧਨ ਵਾਪਿਸ ਭਾਰਤ ਲਿਆ ਕੇ ਭਾਰਤ ਦੇ ਵਿਕਾਸ ਵਿਚ ਯੋਗਦਾਨ ਪਾਉਣ ਦੇ ਦਮਗਜ਼ੇ ਮਾਰਨ ਵਾਲੇ ਨਰਿੰਦਰ ਮੋਦੀ ਨੂੰ ਅੱਜ ਤੱਕ ਕਿਸੇ ਪੱਤਰਕਾਰ ਜਾਂ ਐਂਕਰ ਨੇ ਇਹ ਸੁਆਲ ਨਹੀਂ ਕੀਤਾ ਕਿ "ਦੇਸ਼ ਦਾ ਕਰੋੜਾਂ ਰੁਪਿਆ ਡਕਾਰ ਕੇ ਭਾਜਪਾ ਰਾਜਕਾਲ ਦੌਰਾਨ ਵਿਦੇਸ਼ਾਂ ਨੂੰ ਭੱਜ ਗਏ ਨੀਰਵ ਮੋਦੀ, ਵਿਜੇ ਮਾਲਿਆ ਅਤੇ ਮੇਹੁਲ ਚੌਕਸੀ ਆਦਿ ਜਿਹੇ ਕਈ ਹੋਰ ਠੱਗਾਂ 'ਤੇ ਬੀਤੇ ਦਸ ਸਾਲਾਂ ਵਿਚ ਕਾਰਵਾਈ ਕਰਦਿਆਂ ਅਜੇ ਤੱਕ ਭਾਰਤ ਕਿਉਂ ਨਹੀਂ ਲਿਆਂਦਾ ਗਿਆ ਹੈ?" ਇਸ ਤੋਂ ਇਲਾਵਾ ਨਾ ਹੀ ਕੋਈ ਸਾਡੇ 'ਮਹਾਂਮਾਨਵ' ਮੋਦੀ ਤੋਂ ਇਹ ਪੁੱਛਦਾ ਹੈ,"ਨਾ ਖਾਵਾਂਗਾ, ਨਾ ਖਾਣ ਦਿਆਂਗਾ" ਜਿਹੇ ਉੱਚ-ਆਦਰਸ਼ਾਂ ਦਾ ਢਿੰਡੋਰਾ ਪਿੱਟਣ ਵਾਲੇ ਮਾਣਯੋਗ ਸ੍ਰੀ ਮੋਦੀ ਸਾਹਿਬ ਨੇ ਜਦੋਂ ਖ਼ੁਦ ਕਈ ਮੰਚ ਤੋਂ 'ਅਜੀਤ ਪਵਾਰ, ਮੁਕੁਲ ਰਾਏ, ਛਗਨ ਭੁਜਬਲ, ਨਰਾਇਣ ਰਾਣੇ ਅਤੇ ਹੇਮੰਤ ਬਿਸਵਾ ਸ਼ਰਮਾ' ਆਦਿ ਸਿਆਸੀ ਆਗੂਆਂ 'ਤੇ ਕਈ ਸੌ ਕਰੋੜ ਰੁਪਿਆਂ ਦੇ ਘੁਟਾਲੇ ਕਰਨ ਦੇ ਇਲਜ਼ਾਮ ਲਗਾਏ ਸਨ ਤਾਂ ਫਿਰ ਇਹੋ ਆਗੂ ਅੱਜ ਭਾਜਪਾ ਨਾਲ ਰਲ ਕੇ ਸਰਕਾਰਾਂ ਕਿਵੇਂ ਚਲਾ ਰਹੇ ਹਨ? ਇਨ੍ਹਾ ਆਗੂਆਂ 'ਤੇ ਚੱਲ ਰਹੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਦੀ ਜਾਂਚ ਈ.ਡੀ. ਜਾਂ ਸੀ.ਬੀ.ਆਈ. ਆਦਿ ਜਾਂਚ ਏਜੰਸੀਆਂ ਓਨੀ ਮੁਸਤੈਦੀ ਅਤੇ ਤੇਜ਼ੀ ਨਾਲ ਕਿਉਂ ਨਹੀਂ ਕਰ ਰਹੀਆਂ, ਜਿੰਨੀ ਤੇਜ਼ੀ ਨਾਲ ਇਹ ਭਾਜਪਾ ਵਿਰੋਧੀ ਦਲਾਂ ਦੇ ਆਗੂਆਂ ਖ਼ਿਲਾਫ਼ ਕਰਦੀਆਂ ਹਨ। ਇਹ ਤੱਥ ਜੱਗ ਜ਼ਾਹਿਰ ਹੈ ਕਿ ਸ੍ਰੀ ਮੋਦੀ ਦੀ ਅਗਵਾਈ ਵਿਚ ਚੱਲ ਰਹੇ 'ਪੀ.ਐਮ. ਕੇਅਰ ਫੰਡ' ਦਾ ਹਿਸਾਬ ਦੇਣ ਤੋਂ

(ਬਾਕੀ ਅਗਲੇ ਸਫੇ 'ਤੇ)

# ਯੂਕਰੇਨ-ਰੂਸ ਯੁੱਧ ਅਤੇ ਅਮਰੀਕਾ ਦੀਆਂ ਬਦਲ ਰਹੀਆਂ ਤਰਜੀਹਾਂ

ਬੂਟਾ ਸਿੰਘ ਮਹਿਮੂਦਪੁਰ

ਪਿਛਲੇ ਦਿਨੀਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਤੇ ਉਪ ਰਾਸ਼ਟਰਪਤੀ ਜੇਡੀ ਵੇਨਜ਼ ਅਤੇ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਦੀ ਵ੍ਹਾਈਟ ਹਾਊਸ ਵਿਖੇ ਤਿੱਖੀ ਬਹਿਸ ਦੁਨੀਆ ਭਰ 'ਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ। 28 ਫਰਵਰੀ ਨੂੰ ਜ਼ੇਲੈਂਸਕੀ ਯੂਕਰੇਨੀ ਖਣਿਜ ਭੰਡਾਰਾਂ ਦੇ ਸੌਦੇ ਲਈ ਵ੍ਹਾਈਟ ਹਾਊਸ ਗਿਆ ਸੀ। ਟਰੰਪ ਦਾ ਸਖ਼ਤ ਸੰਦੇਸ਼ ਸੀ, ਅਸੀਂ ਜੋ ਵੀ ਕਹਿ ਰਹੇ ਹਾਂ, ਮੰਨ ਲੈ, ਅਮਰੀਕਾ ਹੁਣ ਯੁੱਧ 'ਚ ਯੂਕਰੇਨ ਦਾ ਸਾਥ ਨਹੀਂ ਦੇਵੇਗਾ। ਪ੍ਰੈੱਸ ਕਾਨਫਰੰਸ ਲਾਈਵ ਹੋਣ ਕਾਰਨ ਟਰੰਪ-ਵੇਨਜ਼ ਦੀ ਅਗਵਾਈ ਹੇਠ ਅਮਰੀਕੀ ਸਾਮਰਾਜੀ ਹਕੂਮਤ ਦਾ ਕਰੂਰ ਰੂਪ ਅਤੇ ਬਦਲਿਆ ਰੁਖ਼ ਕੁਲ ਦੁਨੀਆ ਨੇ ਦੇਖਿਆ। ਟਰੰਪ ਨੂੰ ਕਥਿਤ ਲੋਕਤੰਤਰ ਲਈ ਨਹਿਸ਼ ਵਰਤਾਰਾ ਮੰਨਣ ਵਾਲੇ ਬਹੁਤ ਸਾਰੇ ਰਾਜਨੀਤਕ ਵਿਸ਼ਲੇਸ਼ਣਕਾਰ ਖ਼ੁਸ਼ ਹਨ ਕਿ ਘੱਟੋ-ਘੱਟ ਕਿਸੇ ਮੁਲਕ ਦੇ ਮੁਖੀ ਨੇ ਤਾਂ ਹੰਕਾਰੇ ਹੋਏ ਟਰੰਪ ਅੱਗੇ ਅੜਣ ਦੀ ਜ਼ੁਅਰਤ ਦਿਖਾਈ ਹੈ। ਭਾਰਤ ਦੇ ਕਈ ਸੰਜੀਦਾ ਮੀਡੀਆ ਵਿਸ਼ਲੇਸ਼ਣਕਾਰਾਂ ਵੱਲੋਂ ਜ਼ੇਲੈਂਸਕੀ ਦੀ ਖ਼ਾਸ ਤੌਰ 'ਤੇ ਤਾਰੀਫ਼ ਕੀਤੀ ਜਾ ਰਹੀ ਹੈ ਜੋ ਸਮਝਦੇ ਹਨ ਕਿ ਹਾਲ ਹੀ ਵਿਚ 'ਵਿਸ਼ਵ ਗੁਰੂ' ਬਣਨ ਦੀਆਂ ਫੜ੍ਹਾਂ ਮਾਰਨ ਵਾਲੇ ਨਰਿੰਦਰ ਮੋਦੀ ਨੇ ਟਰੰਪ-ਮਸਕ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਅਤੇ ਚਾਪਲੂਸੀ ਕਰ ਕੇ ਭਾਰਤ ਨੂੰ ਸ਼ਰਮਸਾਰ ਕੀਤਾ ਹੈ।

ਇਸ ਘਟਨਾਕ੍ਰਮ ਨੇ ਇਹ ਦਿਖਾ ਦਿੱਤਾ ਹੈ ਕਿ ਸਾਮਰਾਜੀਆਂ, ਖ਼ਾਸ ਕਰਕੇ ਅਮਰੀਕੀ ਸਟੇਟ ਦੀਆਂ ਨਜ਼ਰਾਂ 'ਚ ਯੂਕਰੇਨ, ਭਾਰਤ ਵਰਗੇ ਮੁਲਕਾਂ ਦੇ ਹੁਕਮਰਾਨਾਂ ਦੀ ਔਕਾਤ ਕੀ ਹੈ। ਵੈਸੇ ਵੀ ਆਪਣੀ ਰੀਅਲਟਰ ਖ਼ਬਤ ਅਨੁਸਾਰ ਟਰੰਪ ਮੁਲਕਾਂ ਦੀ ਹੋਂਦ ਮਿਟਾ ਕੇ ਮਹਿਜ਼ ਸੈਰ-ਸਪਾਟੇ ਦੇ ਸਥਾਨ ਜਾਂ ਰਿਸੋਰਸ ਬਸਤੀਆਂ ਬਣਾ ਦੇਣ ਦੀ ਸੋਚ ਰੱਖਦਾ ਹੈ। ਗਾਜ਼ਾ, ਕੈਨੇਡਾ, ਯੂਕਰੇਨ ਬਾਰੇ ਉਸਦੇ ਬਿਆਨਾਂ ਵਿਚ ਉਸਦੀ ਇਹ ਸੋਚ ਬਿਲਕੁਲ ਸਪੱਸ਼ਟ ਹੈ।

ਸੱਤਾ 'ਚ ਆਉਂਦਿਆਂ ਹੀ ਟਰੰਪ ਨੇ ਲੋਕ ਵਿਰੋਧੀ ਘਰੋਗੀ ਨੀਤੀਆਂ ਦੇ ਨਾਲੋ-ਨਾਲ ਦੁਨੀਆ ਵਿਰੁੱਧ ਟਰੇਡ ਯੁੱਧ ਦੇ ਵੱਖ-ਵੱਖ ਤਰ੍ਹਾਂ ਦੇ ਮੋਰਚੇ ਖੋਲ੍ਹ ਦਿੱਤੇ ਸਨ। ਇਸੇ ਤਰ੍ਹਾਂ ਹੀ ਜ਼ੇਲੈਂਸਕੀ ਨੂੰ 'ਮਾਮੂਲੀ ਕਾਮੇਡੀਅਨ', 'ਤਾਨਾਸ਼ਾਹ' ਕਹਿ ਕੇ ਭੰਡਣਾ ਸ਼ੁਰੂ ਕਰਨ ਨਾਲ ਅਮਰੀਕਾ ਦੀ ਯੂਕਰੇਨ ਨੀਤੀ ਵਿਚ ਬਦਲਾਅ ਦੇ ਸੰਕੇਤ ਨਜ਼ਰ ਆਉਣੇ ਸ਼ੁਰੂ ਹੋ ਗਏ ਸਨ। ਹੁਣ ਪ੍ਰੈੱਸ ਕਾਨਫਰੰਸ ਵਿਚ ਤਾਂ ਟਰੰਪ ਨੇ ਸਿੱਧਾ ਕਹਿ ਦਿੱਤਾ ਕਿ ਜ਼ੇਲੈਂਸਕੀ ਸਮੇਂ ਸਿਰ ਚੋਣਾਂ ਕਰਾਏ ਬਿਨਾਂ ਹੀ ਰਾਸ਼ਟਰਪਤੀ ਬਣਿਆ ਹੋਇਆ ਹੈ ਅਤੇ ਉਸ ਨੂੰ ਸਿਰਫ਼ 5% ਯੂਕਰੇਨੀ ਲੋਕਾਂ ਦੀ ਹਮਾਇਤ ਹਾਸਲ ਹੈ। ਟਰੰਪ ਜੁੰਡਲੀ ਵੱਲੋਂ ਦੂਜੇ ਮੁਲਕ ਦੇ ਰਾਸ਼ਟਰਪਤੀ ਨੂੰ ਗੱਲਬਾਤ ਲਈ ਬੁਲਾ ਕੇ ਲਾਈਵ ਪ੍ਰੈੱਸ ਕਾਨਫਰੰਸ ਵਿਚ ਨਹਾਇਤ ਬਦਤਮੀਜ਼ੀ ਨਾਲ ਪੇਸ਼ ਆਉਣਾ ਅਤੇ ਜੰਗੀ ਮੱਦਦ ਬਦਲੇ ਦੂਜੇ ਮੁਲਕ ਦੇ ਕੁਦਰਤੀ ਵਸੀਲਿਆਂ ਉੱਪਰ ਡਾਕਾ ਮਾਰਨ ਦਾ ਖੁੱਲ੍ਹੇਆਮ ਐਲਾਨ ਬੇਹੱਦ ਨਿਖੇਧੀਯੋਗ ਹੈ। ਪਰ ਇਹ ਨਹੀਂ ਭੁੱਲਣਾ ਚਾਹੀਦਾ ਕਿ ਜ਼ੇਲੈਂਸਕੀ ਦੀ ਭੂਮਿਕਾ ਕੀ ਰਹੀ ਹੈ। ਉਹ ਰੂਸ ਨਾਲ ਟੱਕਰ ਲੈਣ ਲਈ ਅਮਰੀਕੀ ਅਗਵਾਈ ਹੇਠਲੇ ਜੰਗਬਾਜ਼ ਨਾਟੋ ਗੁੱਟ ਦਾ ਮੋਹਰਾ ਬਣ ਕੇ ਯੂਕਰੇਨ ਨੂੰ ਯੁੱਧ ਅਤੇ ਤਬਾਹੀ ਦੇ ਮੂੰਹ ਧੱਕਣ ਲਈ ਜ਼ਿੰਮੇਵਾਰ ਹੈ। ਪਿਛਲੇ ਤਿੰਨ ਸਾਲ ਤੋਂ ਚੱਲ ਰਹੇ ਯੁੱਧ ਨਾਲ ਯੂਕਰੇਨ ਦੀ ਭਿਆਨਕ ਜਾਨੀ-ਮਾਲੀ ਤਬਾਹੀ ਸਭ ਦੇ ਸਾਹਮਣੇ ਹੈ। ਵਾਸ਼ਿੰਗਟਨ ਖ਼ੁਦ ਉਸ ਨੂੰ ਨਾਇਕ ਬਣਾ ਕੇ ਪੇਸ਼ ਕਰਦਾ ਰਿਹਾ ਹੈ।

ਯੂਕਰੇਨ ਦੇ ਖਣਿਜ ਭੰਡਾਰਾਂ ਬਾਰੇ ਸੌਦਾ ਲੱਗਭੱਗ ਹੋ ਗਿਆ ਸੀ। ਟਰੰਪ ਵੱਲੋਂ ਰੂਸ ਨਾਲ ਸਮਝੌਤਾ ਕਰ ਲੈਣ ਲਈ ਪਾਈ ਜਾ ਰਹੇ ਦਬਾਅ ਕਾਰਨ ਤਲਖ਼ੀ ਪੈਦਾ ਹੋ ਗਈ। ਟਰੰਪ ਨੇ ਜ਼ੇਲੈਂਸਕੀ ਦੀ ਰੂਸ ਤੋਂ ਸੁਰੱਖਿਆ ਦੀ ਗਾਰੰਟੀ ਦੀ ਮੰਗ ਠੁਕਰਾ ਦਿੱਤੀ ਅਤੇ ਉਸ ਨੂੰ ਪ੍ਰੈੱਸ ਦੇ ਸਾਹਮਣੇ ਜ਼ਲੀਲ ਕਰਦਿਆਂ ਸਾਫ਼ ਕਿਹਾ ਕਿ ਸਾਡੀ ਮੱਦਦ ਤੋਂ ਬਿਨਾਂ ਯੂਕਰੇਨ ਰੂਸ ਵਿਰੁੱਧ ਯੁੱਧ ਵਿਚ ਇਕ ਦਿਨ ਵੀ ਨਹੀਂ ਸੀ ਟਿਕ ਸਕਦਾ। ਟਰੰਪ ਧਮਕਾ ਰਿਹਾ ਸੀ ਕਿ ਰੂਸ ਵਿਰੁੱਧ ਯੁੱਧ ਵਿਚ ਅਮਰੀਕੀ ਸਟੇਟ ਨੇ 350 ਅਰਬ ਡਾਲਰ ਦਿੱਤੇ ਹਨ (ਅੰਕੜੇ ਟਰੰਪ ਦੇ ਇਸ ਦਾਅਵੇ ਨੂੰ ਝੁਠਲਾਉਂਦੇ ਹਨ, ਅਸਲ ਰਕਮ 175 ਅਰਬ ਡਾਲਰ ਵਿਚੋਂ ਵੀ ਸਿਰਫ਼ 43 ਅਰਬ ਡਾਲਰ ਸਹਾਇਤਾ ਵਜੋਂ ਖ਼ਰਚਿਆ ਗਿਆ ਹੈ।), ਕਿਉਂਕਿ ਯੂਕਰੇਨ ਇਹ ਕਰਜ਼ਾ ਮੋੜਨ ਦੀ ਹਾਲਤ ਵਿਚ ਨਹੀਂ ਹੈ, ਇਸ ਲਈ ਉਸ ਦੇ ਬਦਲੇ ਯੂਕਰੇਨ ਆਪਣੇ ਦੁਰਲੱਭ ਖਣਿਜਾਂ ਦੇ ਕੁਦਰਤੀ ਭੰਡਾਰ ਅਮਰੀਕਾ ਦੇ ਹਵਾਲੇ ਕਰੇ। ਨਾਲ ਹੀ ਜ਼ੇਲੈਂਸਕੀ ਸਰਕਾਰ ਨੂੰ ਰੂਸ ਨਾਲ ਟਰੰਪ ਸਰਕਾਰ ਦੀ ਮਰਜ਼ੀ ਅਨੁਸਾਰ 'ਯੁੱਧਬੰਦੀ' ਸਮਝੌਤਾ ਕਰਨਾ ਪਵੇਗਾ ਅਤੇ ਉਨ੍ਹਾਂ ਇਲਾਕਿਆਂ ('ਨਵੇਂ ਰੂਸੀ ਇਲਾਕਿਆਂ') ਉੱਪਰ ਯੂਕਰੇਨ ਦਾ ਦਾਅਵਾ ਛੱਡਣਾ ਪਵੇਗਾ ਜਿਨ੍ਹਾਂ ਉੱਪਰ ਪੁਤਿਨ ਦੀਆਂ ਫ਼ੌਜਾਂ ਨੇ ਕਬਜ਼ਾ ਕੀਤਾ ਹੋਇਆ ਹੈ। ਟਰੰਪ-ਵੇਨਜ਼ ਦਾ ਮਨੋਰਥ ਇਕ ਤਰ੍ਹਾਂ ਨਾਲ ਜ਼ੇਲੈਂਸਕੀ ਉੱਪਰ ਯੂਕਰੇਨ ਨਾਲ ਸੰਬੰਧਤ ਪੁਤਿਨ ਦੀਆਂ ਪ੍ਰਮੁੱਖ ਮੰਗਾਂ ਥੋਪਣਾ ਹੀ ਸੀ ਕਿ ਯੂਕਰੇਨ ਰੂਸ ਵੱਲੋਂ ਕਬਜ਼ਾ ਕੀਤੇ ਇਲਾਕਿਆਂ ਮੁੜ ਯੂਕਰੇਨ ਨੂੰ ਵਾਪਸ ਮੋੜੇ ਜਾਣ ਦੀ ਗ਼ੈਰਹਕੀਕੀ ਇੱਛਾ ਛੱਡ ਦੇਵੇ, ਯੂਕਰੇਨ ਨਾਟੋ ਦਾ ਮੈਂਬਰ ਬਣਾਉਣ ਦੀ ਅੜੀ ਛੱਡ ਦੇਵੇ ਆਦਿ। (27 ਫਰਵਰੀ ਨੂੰ ਹੋਈ ਕੈਬਨਿਟ ਮੀਟਿੰਗ ਤੋਂ ਬਾਅਦ ਹੀ ਟਰੰਪ ਨੇ ਸਾਫ਼ ਕਹਿ ਦਿੱਤਾ ਸੀ ਕਿ ਯੂਕਰੇਨ ਨਾਟੋ ਨੂੰ ਭੁੱਲ ਜਾਵੇ! ਦਰਅਸਲ, ਅਪ੍ਰੈਲ 2008 'ਚ ਆਪਣੇ ਬੁਖਾਰੈਸਟ ਸਿਖ਼ਰ ਸੰਮੇਲਨ ਵਿਚ ਖ਼ੁਦ ਨਾਟੋ ਨੇ ਬਿਆਨ ਜਾਰੀ ਕਰ ਕੇ ਕਿਹਾ ਸੀ ਕਿ ਯੂਕਰੇਨ ਅਤੇ ਜਾਰਜੀਆ ਨਾਟੋ ਦਾ ਹਿੱਸਾ ਬਣਨਗੇ। ਰੂਸ ਨੇ ਓਦੋਂ ਹੀ ਇਹ ਸਪਸ਼ਟ ਕਰ ਦਿੱਤਾ ਸੀ ਕਿ ਇਹ ਰੂਸ ਦੀ ਹੋਂਦ ਲਈ ਖ਼ਤਰਾ ਹੋਵੇਗਾ। ਭਾਵ ਅਜਿਹਾ ਨਹੀਂ ਹੋਣ ਦੇਵੇਗਾ) ਅਮਰੀਕੀ ਫ਼ੌਜ ਨੂੰ ਲੜਨ ਲਈ ਯੂਕਰੇਨ ਨਹੀਂ ਭੇਜਿਆ ਜਾਵੇਗਾ। ਟਰੰਪ ਨੇ ਇਸ ਤੋਂ ਵੀ ਅੱਗੇ ਕਿਹਾ ਕਿ ਉਹ ਰੂਸ ਨੂੰ ਹਮਲਾਵਰ ਨਹੀਂ ਮੰਨਦੇ। ਇਸ ਤੋਂ ਪਹਿਲਾਂ ਯੂ.ਐਨ.ਓ. ਵਿਚ ਰੂਸ ਨੂੰ ਹਮਲਾਵਰ ਕਰਾਰ ਦੇਣ ਦੇ ਮਤੇ ਦੀ ਵੀ ਅਮਰੀਕਾ ਨੇ ਹਮਾਇਤ ਨਹੀਂ ਸੀ ਕੀਤੀ। 24 ਫਰਵਰੀ ਨੂੰ ਯੂਕਰੇਨ ਯੁੱਧ ਦੇ ਤਿੰਨ ਸਾਲ ਪੂਰੇ ਹੋਣ 'ਤੇ ਯੂ.ਐਨ. ਵਿਚ ਰੂਸ ਦੀ ਨਿਖੇਧੀ ਲਈ ਮਤੇ ਦੇ ਖ਼ਿਲਾਫ਼ ਵੋਟ ਪਾ ਕੇ ਅਤੇ ਬਾਇਡਨ ਸਰਕਾਰ ਦੇ ਸਮੇਂ ਅਮਰੀਕੀ ਸਰਕਾਰ ਵੱਲੋਂ ਰੂਸ ਦੀ ਨਿਖੇਧੀ ਕਰਨ ਦੀ ਪੁਜ਼ੀਸ਼ਨ ਤੋਂ ਬਿਲਕੁਲ ਉਲਟ ਪੁਜ਼ੀਸ਼ਨ ਲੈ ਕੇ ਜ਼ੇਲੈਂਸਕੀ ਨੂੰ ਸਾਫ਼ ਸੁਣਾਉਣੀ ਕਰ ਦਿੱਤੀ ਗਈ ਸੀ। ਇਸ ਦਾ ਕਾਰਨ ਇਹ ਦੱਸਿਆ ਗਿਆ ਕਿ ਅਮਰੀਕਾ ਕਿਉਂਕਿ ਰੂਸ ਨਾਲ ਸ਼ਾਂਤੀ ਲਈ ਯਤਨ ਜੁਟਾ ਰਿਹਾ ਹੈ, ਅਜਿਹੀ ਹਾਲਤ 'ਚ ਰੂਸ ਦੀ ਨਿਖੇਧੀ ਕਰਨਾ ਤਰਕਹੀਣ ਹੋਵੇਗਾ।

ਟਰੰਪ ਅਤੇ ਉਸਦੇ ਲਫਟੈਣ ਵੇਨਜ਼ ਨੇ ਜ਼ੇਲੈਂਸਕੀ ਨੂੰ ਧਮਕਾਉਂਦਿਆਂ ਕਿਹਾ ਕਿ ਰੂਸ ਖ਼ਤਰਾ ਹੋਵੇਗਾ ਯੂਕਰੇਨ ਅਤੇ ਯੂਰਪ ਲਈ, ਅਮਰੀਕਾ ਲਈ ਕੋਈ ਖ਼ਤਰਾ ਨਹੀਂ ਹੈ। ਜ਼ੇਲੈਂਸਕੀ ਤੇ ਯੂਕਰੇਨ ਨਾਲੋਂ ਪੁਤਿਨ ਅਤੇ ਰੂਸ ਦੀ ਦੋਸਤੀ ਅਮਰੀਕੀ ਹਕੂਮਤ ਲਈ ਜ਼ਿਆਦਾ ਮਹੱਤਵਪੂਰਨ ਹੈ। ਟਰੰਪ ਨੇ ਇੱਥੋਂ ਤੱਕ ਕਹਿ ਦਿੱਤਾ ਕਿ ਯੂਕਰੇਨ ਦੀ ਅਤੇ ਖੇਤਰੀ ਸੁਰੱਖਿਆ ਦੀ ਜ਼ਿੰਮੇਵਾਰੀ ਮੇਰੀ ਨਹੀਂ ਹੈ, ਇਹ ਤੁਹਾਡੀ ਅਤੇ ਤੁਹਾਡੇ ਸਹਿਯੋਗੀ ਕਹਾਉਣ ਵਾਲੇ ਯੂਰਪ ਦੀ ਹੈ। ਇਕ ਪੱਤਰਕਾਰ ਵੱਲੋਂ ਜ਼ੇਲੈਂਸਕੀ ਵੱਲੋਂ ਪਾਏ ਆਮ ਕੱਪੜਿਆਂ ਬਾਰੇ



ਸਵਾਲ ਕਰ ਕੇ ਉਸ ਨੂੰ ਇਹ ਅਹਿਸਾਸ ਕਰਾਇਆ ਗਿਆ ਕਿ ਉਸ ਨੇ ਅਜਿਹਾ ਕਰ ਕੇ ਵ੍ਹਾਈਟ ਹਾਊਸ ਦੇ ਪ੍ਰੋਟੋਕੋਲ ਦੀ ਉਲੰਘਣਾ ਕੀਤੀ ਹੈ। ਪ੍ਰੈੱਸ ਕਾਨਫਰੰਸ ਵਿਚ ਜ਼ੇਲੈਂਸਕੀ ਨੂੰ ਭੜਕਾਉਣਾ ਟਰੰਪ ਕੈਬਨਿਟ ਦੀ ਗਿਣੀ-ਮਿੱਥੀ ਚਾਲ ਸੀ, ਜੋ ਇਸ ਤੋਂ ਸਾਬਤ ਹੋ ਗਿਆ ਜਦੋਂ ਟਰੰਪ ਨੇ ਕਿਹਾ ਕਿ ਅਮਰੀਕਾ ਦੇ ਲੋਕ ਜ਼ੇਲੈਂਸਕੀ ਦਾ ਨਾਸ਼ੁਕਰਗੁਜ਼ਾਰ ਰਵੱਈਆ ਅੱਖੀਂ ਦੇਖ ਰਹੇ ਹਨ।

ਇਸ ਤੋਂ ਪਹਿਲਾਂ ਟਰੰਪ ਵਜ਼ਾਰਤ ਨੇ ਯੂਕਰੇਨ ਨੂੰ ਸ਼ਾਮਲ ਕੀਤੇ ਬਿਨਾਂ ਹੀ ਯੂਰਪੀ ਯੂਨੀਅਨ ਨੂੰ ਬਾਹਰ ਕਰ ਕੇ ਯੂਕਰੇਨ-ਰੂਸ ਯੁੱਧ ਬਾਰੇ ਸਾਊਦੀ ਅਰਬ ਦੀ ਰਾਜਧਾਨੀ ਰਿਆਦ ਵਿਚ ਗੱਲਬਾਤ ਹੀ ਨਹੀਂ ਚਲਾਈ ਸਗੋਂ ਇਕ ਤਰ੍ਹਾਂ ਨਾਲ ਸਮਝੌਤਾ ਵੀ ਤੈਅ ਕਰ ਲਿਆ। ਨਿਰਸੰਦੇਹ ਬੇਇੱਜ਼ਤ, ਬੇਵੱਸ ਅਤੇ ਠੱਗਿਆ ਗਿਆ ਮਹਿਸੂਸ ਕਰ ਰਹੇ ਜ਼ੇਲੈਂਸਕੀ ਨੇ ਪੁਤਿਨ ਅਤੇ ਵੇਨਜ਼ ਦੇ ਹਮਲਿਆਂ ਅੱਗੇ ਅੜ ਕੇ ਜਵਾਬ ਤਾਂ ਦਿੱਤੇ ਪਰ ਮੌਜੂਦਾ ਯੁੱਧ 'ਚ ਰੂਸ ਨਾਲ ਬੇਮੇਚੀ ਤਾਕਤ, ਅਮਰੀਕਾ ਅਤੇ ਉਸਦੇ ਜੋਟੀਟਾਰ ਦੀਆਂ ਸਾਮਰਾਜੀ ਚਾਲਾਂ ਅਤੇ ਜ਼ੇਲੈਂਸਕੀ ਗੁੱਟ ਵੱਲੋਂ ਲਈ ਨਾਟੋ ਦੀ ਸੁਰੱਖਿਆ ਛੱਤਰੀ ਨੇ ਯੂਕਰੇਨ ਨੂੰ ਜਿੱਥੇ ਪਹੁੰਚਾ ਦਿੱਤਾ ਹੈ, ਉੱਥੇ ਹੁਣ ਇਸ ਦਾ ਕੋਈ ਲਾਭ ਹੋਣ ਵਾਲਾ ਨਹੀਂ ਹੈ। ਜ਼ੇਲੈਂਸਕੀ ਅਮਰੀਕੀ ਧੌਂਸ ਸਾਹਮਣੇ ਜ਼ਿਆਦਾ ਚਿਰ ਨਹੀਂ ਟਿਕ ਸਕੇਗਾ। ਸ਼ੁਰੂਆਤੀ ਵਿਰੋਧ ਤੋਂ ਬਾਅਦ ਜ਼ੇਲੈਂਸਕੀ ਅਮਰੀਕਾ ਨਾਲ ਅਜਿਹਾ ਸਮਝੌਤਾ ਕਰਨਾ ਪਹਿਲਾਂ ਹੀ ਮੰਨ ਚੁੱਕਾ ਹੈ ਜਿਸ ਦਾ ਡਰਾਫਟ ਜਨਤਕ ਹੋ ਚੁੱਕਾ ਹੈ। ਜ਼ੇਲੈਂਸਕੀ ਨੂੰ ਘੇਰਨ ਲਈ ਟਰੰਪ ਸਰਕਾਰ ਵੱਲੋਂ ਅਮਰੀਕੀ ਸਾਮਰਾਜੀ ਖ਼ਸਲਤ ਅਨੁਸਾਰ ਉਸਦੇ ਵਿਰੋਧੀਆਂ ਨੂੰ ਸ਼ਹਿ ਦੇਣ ਅਤੇ ਉਭਾਰਨ ਦੀਆਂ ਕੋਸ਼ਿਸ਼ਾਂ ਵੀ ਨਾਲੋ-ਨਾਲ ਜ਼ੋਰਾਂ 'ਤੇ ਹਨ।

ਜ਼ੇਲੈਂਸਕੀ ਨੂੰ ਪੱਛਮੀ ਸਾਮਰਾਜੀ ਤਾਕਤਾਂ ਦੁਆਰਾ 'ਲੋਕਤੰਤਰ ਦਾ ਚਿਹਰਾ' ਕਹਿ ਕੇ ਸਥਾਪਤ ਕੀਤਾ ਗਿਆ, ਦਰਅਸਲ ਉਸ ਦੀ ਹੈਸੀਅਤ ਅਮਰੀਕਾ ਤੇ ਹੋਰ ਪੱਛਮੀ ਤਾਕਤਾਂ ਦੇ ਹਿਤਾਂ ਲਈ ਕੰਮ ਕਰਨ ਵਾਲੇ ਮੋਹਰੇ ਤੋਂ ਵੱਧ ਨਹੀਂ ਹੈ। ਉੱਧਰ, ਪੁਤਿਨ ਨਾਟੋ ਗੁੱਟ ਦੇ ਪਸਾਰੇ ਨੂੰ ਰੋਕਣ ਅਤੇ ਯੂਕਰੇਨ ਨੂੰ ਆਪਣੇ ਗੁਆਂਢ ਵਿਚ ਅਮਰੀਕਾ ਦੀ ਫ਼ੌਜੀ ਚੌਂਕੀ ਨਾ ਬਣਨ ਦੇਣ ਲਈ ਯੂਕਰੇਨ ਨੂੰ ਵੱਧ ਤੋਂ ਵੱਧ ਕਮਜ਼ੋਰ ਕਰਨਾ ਚਾਹੁੰਦਾ ਹੈ। 2014 'ਚ ਰੂਸ ਨੇ ਕਬਜ਼ਾ ਕਰ ਕੇ ਕਰੀਮੀਆ ਆਪਣੇ ਵਿਚ ਮਿਲਾ ਲਿਆ। ਯੂਕਰੇਨ ਦੇ ਪੂਰਬੀ ਹਿੱਸੇ 'ਚ ਇਕ ਗੁੱਟ ਵੱਖ ਹੋਣ ਲਈ ਲੜ ਰਿਹਾ ਸੀ ਜਿਸ ਨੂੰ ਪੁਤਿਨ ਦੀ ਹਮਾਇਤ ਸੀ। ਯੇਲੈਂਸਕੀ ਦੇ ਇਸ ਗੁੱਟ ਨਾਲ ਸਮਝੌਤੇ ਦੇ ਯਤਨ ਅਸਫ਼ਲ ਰਹੇ ਅਤੇ ਉਸਦੀ ਨਾਟੋ ਨਾਲ ਗੱਠਜੋੜ ਦੀ 'ਨਵੀਂ ਕੌਮੀ ਸੁਰੱਖਿਆ ਯੁੱਧਨੀਤੀ' ਵੀ ਰੂਸ ਦੇ ਪਸਾਰਵਾਦੀ ਹਮਲੇ ਨੂੰ ਠੱਲ੍ਹ ਨਹੀਂ ਪਾ ਸਕੀ। 2022 'ਚ ਪੁਤਿਨ ਨੇ ਡੋਨਬਾਸ ਦੇ ਹਿੱਸੇ ਰੂਸ ਵਿਚ ਮਿਲਾ ਲਏ ਅਤੇ ਯੂਕਰੇਨ ਉੱਪਰ ਹਮਲਾ ਕਰ ਦਿੱਤਾ। ਅਜੋਕਾ ਯੁੱਧ ਯੂਕਰੇਨੀ ਲੋਕਾਂ ਦੇ ਹਿਤਾਂ ਲਈ ਨਹੀਂ ਹੈ, ਇਹ ਸਾਮਰਾਜੀ ਸਰਮਾਏਦਾਰੀ ਦੇ ਆਪਣੇ ਹਿਤਾਂ ਲਈ ਖਹਿ-ਭੇੜ ਦਾ ਨਤੀਜਾ ਹੈ ਜਿਸਦਾ ਮੁੱਲ ਵਿਆਪਕ ਜਾਨੀ-ਮਾਲੀ ਤਬਾਹੀ ਦੇ ਰੂਪ 'ਚ ਰੂਸ ਤੇ ਯੂਕਰੇਨ ਦੇ ਆਮ ਲੋਕਾਂ ਨੂੰ ਤਾਰਨਾ ਪੈ ਰਿਹਾ ਹੈ। ਪਹਿਲਾਂ ਅਮਰੀਕੀ ਸਾਮਰਾਜੀ ਹਕੂਮਤ ਨੇ ਨਾਟੋ ਜੋਟੀਦਾਰਾਂ ਨੂੰ ਨਾਲ ਲੈ ਕੇ ਰੂਸ-ਚੀਨ ਧੁਰੀ ਵਿਰੁੱਧ ਆਪਣੀ ਹਿਤ ਪੂਰਤੀ ਲਈ ਯੂਕਰੇਨ ਯੁੱਧ ਭੜਕਾਇਆ ਅਤੇ ਧੜਾਧੜ ਜੰਗੀ ਮੱਦਦ ਦੇ ਕੇ ਆਪਣੀ ਯੁੱਧ ਸਨਅਤ ਨੂੰ ਵੱਡੇ ਮੁਨਾਫ਼ੇ ਲੈ ਕੇ ਦਿੱਤੇ। ਹੁਣ ਟਰੰਪ ਨੇ ਉਸੇ 'ਤਾਨਾਸ਼ਾਹ' ਰੂਸ ਨਾਲ 'ਦੋਸਤੀ' ਸ਼ੁਰੂ ਕਰ ਕੇ ਯੂਕਰੇਨ ਸਰਕਾਰ ਲਈ ਕਸੂਤੀ ਹਾਲਤ ਪੈਦਾ ਕਰ ਦਿੱਤੀ ਹੈ। ਟਰੰਪ ਨੇ ਆਪਣੇ 'ਮੁਕਤ ਦੁਨੀਆ' ਵਾਲੇ ਪੱਛਮੀ ਸਾਮਰਾਜੀ ਜੋਟੀਦਾਰਾਂ ਨੂੰ ਵੀ ਕਹਿ ਦਿੱਤਾ ਹੈ ਕਿ ਉਹ ਰੂਸ ਤੋਂ ਆਪਣੀ ਸੁਰੱਖਿਆ ਆਪ ਕਰਨ। ਉਪ ਰਾਸ਼ਟਰਪਤੀ ਵੇਨਜ਼ ਦਾ ਇਹ ਕਹਿਣਾ ਕਿ 'ਯੂਕਰੇਨ ਨੂੰ ਦਿੱਤੀ ਜਾਣ ਵਾਲੀ ਮੱਦਦ ਨਾਲ ਅਮਰੀਕੀ ਟੈਕਸ ਦਾਤਿਆਂ ਦਾ ਨੁਕਸਾਨ ਹੋ ਰਿਹਾ ਹੈ' ਅਮਰੀਕੀ ਸਾਮਰਾਜੀ ਰਣਨੀਤੀ 'ਚ ਇਕ ਮਹੱਤਵਪੂਰਨ ਤਬਦੀਲੀ ਦਾ ਸੰਕੇਤ ਹੈ ਜੋ ਰੂਸ ਵਿਰੁੱਧ ਯੂਕਰੇਨ ਵਿਚ ਵਸੀਲੇ ਝੋਕਣ ਤੋਂ ਮੋੜਾ ਕੱਟ ਕੇ ਚੀਨ ਉੱਪਰ ਕੇਂਦਰਤ ਹੁੰਦੀ ਨਜ਼ਰ ਆ ਰਹੀ ਹੈ। 'ਪਹਿਲ ਅਮਰੀਕਾ ਨੂੰ' ਦੇ ਹੋਕਰੇ ਮਾਰਨ ਵਾਲਾ ਟਰੰਪ ਖ਼ੁਦ ਨੂੰ ਸ਼ਾਂਤੀ ਦਾ ਮਸੀਹਾ ਬਣਾ ਕੇ ਪੇਸ਼ ਕਰ ਰਿਹਾ ਹੈ। ਉਸ ਦੀਆਂ ਤਰਜੀਹਾਂ ਆਪਣੇ ਕਾਰਪੋਰੇਟ ਸਰਮਾਏ ਦੇ ਅਜਾਰੇਦਾਰ ਹਿਤਾਂ ਨੂੰ ਨਵੇਂ ਰੂਪ 'ਚ ਅੱਗੇ ਵਧਾਉਣ ਤੋਂ ਸਿਵਾਏ ਕੁਝ ਨਹੀਂ ਹਨ।

ਟਰੰਪ ਧੌਂਸ ਜਮਾਉਣ ਲਈ ਜਿਸ ਤਰ੍ਹਾਂ ਘੋਰ ਬੇਸ਼ਰਮੀ ਨਾਲ ਝੂਠ ਦਾ ਸਹਾਰਾ ਲੈ ਰਿਹਾ ਹੈ, ਉਸ ਦਾ ਵਿਰੋਧ ਪੱਛਮੀ ਸਾਮਰਾਜੀ ਹੁਕਮਰਾਨ ਵੀ ਕਰ ਰਹੇ ਹਨ। ਫਰਾਂਸ ਦੇ ਰਾਸ਼ਟਰਪਤੀ ਮੈਕਰੋਨ ਨੇ ਤਾਂ ਪ੍ਰੈੱਸ ਕਾਨਫਰੰਸ ਦੌਰਾਨ ਹੀ ਟਰੰਪ ਨੂੰ ਟੋਕ ਕੇ ਉਸਦੀ ਅਮਰੀਕੀ ਮੱਦਦ ਦੇ ਦਾਅਵੇ ਦੀ ਇਹ ਕਹਿ ਕੇ ਫੂਕ ਕੱਢ ਦਿੱਤੀ ਕਿ 60% ਮੱਦਦ ਤਾਂ ਯੂਰਪੀ ਯੂਨੀਅਨ ਨੇ ਦਿੱਤੀ ਹੈ। ਇਸੇ ਤਰ੍ਹਾਂ ਜਦੋਂ ਟਰੰਪ ਨੇ ਝੂਠ ਬੋਲਿਆ ਕਿ ਯੂਰਪੀ ਯੂਨੀਅਨ ਨੂੰ ਤਾਂ ਪੈਸਾ ਵਾਪਸ ਮਿਲ ਰਿਹਾ ਹੈ, ਸਿਰਫ਼ ਅਮਰੀਕਾ ਨੂੰ ਨਹੀਂ ਮਿਲ ਰਿਹਾ ਤਾਂ ਯੂ.ਕੇ. ਦੇ ਪ੍ਰਧਾਨ ਮੰਤਰੀ ਨੇ ਉੱਥੇ ਹੀ ਉਸਦਾ ਝੂਠ ਨੰਗਾ ਕਰ ਦਿੱਤਾ।

ਵ੍ਹਾਈਟ ਹਾਊਸ ਵਿਖੇ ਟਰੰਪ-ਵੇਨਜ਼ ਵੱਲੋਂ ਅਪਮਾਨਿਤ ਕੀਤੇ ਜਾਣ ਤੋਂ ਬਾਅਦ ਜ਼ੇਲੈਂਸਕੀ ਸਿੱਧਾ ਇੰਗਲੈਂਡ ਗਿਆ। ਯੂਕਰੇਨ ਸ਼ਾਂਤੀ ਸਮਝੌਤੇ ਦੀ ਯੋਜਨਾ ਉੱਪਰ ਵਿਚਾਰ ਕਰਨ ਲਈ ਯੂਰਪੀ ਆਗੂਆਂ ਦੀ ਮਹੱਤਵਪੂਰਨ ਮੀਟਿੰਗ ਤੋਂ ਪਹਿਲਾਂ ਬਰਤਾਨੀਆ ਦੇ ਪ੍ਰਧਾਨ ਮੰਤਰੀ ਸਟਾਰਮਰ ਅਤੇ ਜ਼ੇਲੈਂਸਕੀ ਦੀ ਮੁਲਾਕਾਤ ਹੋਈ। ਟਰੰਪ ਦੀ ਅਗਵਾਈ ਹੇਠ ਅਮਰੀਕੀ ਹਕੂਮਤ ਦੀ ਰੂਸ ਨਾਲ 'ਦੋਸਤੀ' ਤੋਂ ਚੁਕੰਨੀਆਂ ਯੂਰਪੀ ਸਰਕਾਰਾਂ ਜ਼ੇਲੈਂਸਕੀ ਦੀ ਹਮਾਇਤ 'ਚ ਖੜ੍ਹ ਗਈਆਂ ਹਨ। ਜ਼ੇਲੈਂਸਕੀ ਨੇ ਜੰਗੀ ਸਾਜ਼-ਸਮਾਨ ਬਣਾਉਣ ਲਈ ਯੂ.ਕੇ. ਤੋਂ 2.26 ਅਰਬ ਪੌਂਡ ਦਾ ਕਰਜ਼ਾ ਹਾਸਲ ਕਰ ਲਿਆ ਹੈ। ਯੂਕਰੇਨ ਯੁੱਧ ਦੇ ਸਵਾਲ ਉੱਪਰ ਰੂਸ ਦੀ ਪੁਜ਼ੀਸ਼ਨ ਭਾਰੂ ਹੋਣਾ ਨਾਟੋ ਜੋਟੀਦਾਰਾਂ ਦੇ ਹਿਤਾਂ ਲਈ ਨੁਕਸਾਨਦੇਹ ਹੈ। ਉਨ੍ਹਾਂ ਵੱਲੋਂ ਜ਼ੇਲੈਂਸਕੀ ਦੀ ਹਮਾਇਤ ਕਰਨਾ ਟਰੰਪ ਦੀ ਹਮਲਾਵਰ ਧੌਂਸ ਦਾ ਵਿਰੋਧ ਕਰਨ ਦਾ ਯਤਨ ਹੈ। ਹੁਣ ਦੇਖਣਾ ਇਹ ਹੈ ਕਿ ਯੂਰਪੀਅਨ ਯੂਨੀਅਨ ਦਾ ਲੰਦਨ ਵਿਚ ਹੋ ਰਿਹਾ ਸਿਖ਼ਰ ਸੰਮੇਲਨ ਇਸ ਸਵਾਲ ਉੱਪਰ ਕੀ ਤੈਅ ਕਰਦਾ ਹੈ।

ਅਮਰੀਕੀ ਲੋਕ ਜਿੱਥੇ ਟਰੰਪ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਰੋਸ ਮੁਜ਼ਾਹਰੇ ਕਰ ਰਹੇ ਹਨ, ਉੱਥੇ ਹੁਣ ਜ਼ੇਲੈਂਸਕੀ ਨਾਲ ਕੀਤੀ ਬਦਤਮੀਜ਼ੀ ਦਾ ਵੀ ਵਿਰੋਧ ਹੋਣਾ ਸ਼ੁਰੂ ਹੋ ਗਿਆ ਹੈ। ਲੋਕਾਂ ਨਾਲ ਸੰਵਾਦ ਰਚਾਉਣ ਗਏ ਟਰੰਪ ਦੇ ਇਕ ਰਿਪਬਲਿਕਨ ਸੰਸਦ ਨੂੰ ਇਕੱਠ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ। ਆਉਣ ਵਾਲੇ ਦਿਨਾਂ 'ਚ ਟਰੰਪ ਦੀ ਅਗਵਾਈ ਹੇਠਲੇ ਅਮਰੀਕਾ ਅਤੇ ਹੋਰ ਨਾਟੋ ਮੁਲਕਾਂ ਦੇ ਸੰਬੰਧਾਂ 'ਚ ਤਰੇੜਾਂ ਹੋਰ ਡੂੰਘੀਆਂ ਹੋ ਸਕਦੀਆਂ ਹਨ। ਆਲਮੀ ਤਾਕਤਾਂ ਦੇ ਨਵੇਂ ਗੱਠਜੋੜ ਅਤੇ ਨਵੇਂ ਟਕਰਾਅ ਉੱਭਰ ਰਹੇ ਹਨ। ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਅਮਰੀਕਾ ਦੀ ਅਗਵਾਈ ਹੇਠ ਪੱਛਮੀ ਸਾਮਰਾਜੀ ਤਾਕਤਾਂ ਵੱਲੋਂ ਬਣਾਇਆ 'ਨਵਾਂ ਸੰਸਾਰ ਪ੍ਰਬੰਧ' ਟੁੱਟ ਰਿਹਾ ਹੈ। ਇਹ ਤੈਅ ਹੈ ਕਿ ਜਿੰਨਾ ਸਮਾਂ ਸਰਮਾਏਦਾਰਾ ਸਾਮਰਾਜੀ ਪ੍ਰਬੰਧ ਬਰਕਰਾਰ ਹੈ, 'ਸਥਾਈ ਸ਼ਾਂਤੀ' ਸੰਭਵ ਨਹੀਂ ਹੈ।

---

*(ਪਿਛਲੇ ਸਫੇ ਦਾ ਬਾਕੀ)*

ਸਰਕਾਰ ਨੇ ਸਾਫ਼ ਇਨਕਾਰ ਕਰ ਦਿੱਤਾ ਸੀ ਤੇ ਗਾਂ ਦਾ ਮਾਸ ਵੇਚਣ ਵਾਲੀਆਂ ਅਤੇ ਹੋਰ ਗ਼ੈਰ-ਕਾਨੂੰਨੀ ਧੰਦੇ ਕਰਨ ਵਾਲੀਆਂ ਕੋਲੋਂ 'ਚੋਣ ਬਾਂਡ' ਜ਼ਰੀਏ ਪੈਸਾ ਹਾਸਿਲ ਕਰਨ ਵਾਲੀ ਭਾਜਪਾ ਦੇ ਸਿਰਕੱਢ ਆਗੂ ਨਰਿੰਦਰ ਮੋਦੀ ਉਂਜ ਸਾਰਾ ਦਿਨ 'ਈਮਾਨਦਾਰੀ' ਦਾ ਰਾਗ ਅਲਾਪਦੇ ਹਨ।

9. ਦੇਸ਼ ਦੇ ਮੀਡੀਆ ਦੇ ਸਨਮੁੱਖ ਹੋ ਕੇ ਇਕ ਵੀ ਪ੍ਰੈੱਸ ਕਾਨਫਰੰਸ ਕਰਨ ਦੀ ਥਾਂ ਕੇਵਲ ਇਕਪਾਸੜ 'ਮਨ ਕੀ ਬਾਤ' ਕਰਨ ਵਾਲੇ ਨਰਿੰਦਰ ਮੋਦੀ ਨੂੰ ਕੋਈ ਇਹ ਪ੍ਰਸ਼ਨ ਨਹੀਂ ਪੁੱਛਦਾ ਕਿ ਆਖ਼ਿਰ 'ਪੁਲਵਾਮਾ' ਕਾਂਡ ਵਾਪਰਿਆ ਕਿਵੇਂ ਸੀ? ਅਤੇ ਇਸ ਕਾਂਡ ਵਿਚ ਵਰਤਿਆ ਗਿਆ ਭਾਰੀ ਮਾਤਰਾ ਵਾਲਾ 'ਆਰ.ਡੀ. ਐਕਸ.' ਆਖ਼ਿਰ ਕਿੱਥੋਂ ਆਇਆ ਸੀ? ਦੇਸ਼ ਦੇ ਸੈਨਿਕਾਂ ਦਾ ਅਪਮਾਨ ਕਰਨ ਵਾਲੀ ਅਤੇ ਬੇਰੁਜ਼ਗਾਰ ਨੌਜਵਾਨਾਂ ਨਾਲ ਧੱਕਾ ਕਰਨ ਵਾਲੀ 'ਅਗਨੀਵੀਰ' ਯੋਜਨਾ ਨਾਲ ਆਖ਼ਿਰ ਕਿਸਨੂੰ ਲਾਭ ਹੋਇਆ ਹੈ? ਚੀਨ ਨੇ ਭਾਰਤੀ ਸਰਹੱਦ ਅੰਦਰ ਆ ਕੇ ਕਈ ਪਿੰਡ ਵਸਾ ਲਏ ਹਨ ਤੇ ਕਈ ਕਿਲੋਮੀਟਰ ਜ਼ਮੀਨ 'ਤੇ ਕਬਜ਼ਾ ਕਰ ਲਿਆ ਹੈ ਪਰ ਕਾਂਗਰਸ ਦੇ ਸੰਸਦ ਮੈਂਬਰਾਂ ਵੱਲੋਂ ਇਸ ਸਬੰਧ ਵਿਚ ਪੁੱਛੇ ਗਏ ਸਵਾਲਾਂ ਦਾ ਪ੍ਰਧਾਨ ਮੰਤਰੀ ਨੇ ਕਦੇ ਵੀ ਤੱਥ ਭਰਪੂਰ ਜਵਾਬ ਕਿਉਂ ਨਹੀਂ ਦਿੱਤਾ ਹੈ। ਵਿਸ਼ਵ ਦੇ 'ਸ਼ਕਤੀਸ਼ਾਲੀ' ਪ੍ਰਧਾਨ ਮੰਤਰੀਆਂ ਵਿਚੋਂ ਇਕ ਵਜੋਂ ਪ੍ਰਚਾਰੇ ਜਾਂਦੇ ਨਰਿੰਦਰ ਮੋਦੀ ਦੀ ਅਮਰੀਕਾ ਵਿਚ ਹਾਜ਼ਰੀ ਦੇ ਦੌਰਾਨ ਹੱਕਾਂ ਵਿਚ ਹੱਥਕੜੀਆਂ ਅਤੇ ਪੈਰਾਂ ਵਿਚ ਬੇੜੀਆਂ ਪਾ ਕੇ ਭਾਰਤੀਆਂ ਨੂੰ ਡਿਪੋਰਟ ਕੀਤਾ ਗਿਆ ਪਰ '56 ਇੰਚ' ਦਾ ਸੀਨਾ ਰੱਖਣ ਦਾ ਦਾਅਵਾ ਕਰਨ ਵਾਲੇ ਮੋਦੀ ਸਾਹਿਬ ਭਾਰਤ ਦੀ ਇਸ ਬੇਪੱਤੀ 'ਤੇ 'ਇਕ ਲਫ਼ਜ਼' ਤੱਕ ਨਹੀਂ ਬੋਲ ਪਾਏ ਸਨ।

10. ਵਾਰ-ਵਾਰ ਪਾਰਦਰਸ਼ਤਾ ਦਾ ਹਵਾਲਾ ਦੇਣ ਵਾਲੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੇ ਅੱਜ ਤੱਕ ਨੋਟਬੰਦੀ ਕਰਕੇ ਹਾਸਿਲ ਹੋਇਆ ਕਾਲਾ ਧਨ ਜਾਂ ਦੇਸ਼ ਦੀ ਅਰਥ ਵਿਵਸਥਾ ਨੂੰ ਹੋਏ ਫ਼ਾਇਦਿਆਂ, ਨੋਟਬੰਦੀ ਅਤੇ ਕਰੋਨਾ ਕਾਲ ਦੌਰਾਨ ਹੋਈਆਂ ਮੌਤਾਂ ਦਾ ਸਹੀ ਅੰਕੜਾ ਦੇਸ਼ ਦੇ ਸਨਮੁੱਖ ਨਹੀਂ ਰੱਖਿਆ ਹੈ। ਦੇਸ਼ ਦੇ ਮੁੱਖ ਚੋਣ ਕਮਿਸ਼ਨਰ ਦੀ ਚੋਣ ਕਮੇਟੀ ਵਿਚੋਂ ਭਾਰਤ ਦੇ ਚੀਫ਼ ਜਸਟਿਸ ਨੂੰ ਬਾਹਰ ਕੱਢ ਦੇਣ ਨਾਲ ਪਾਰਦਰਸ਼ਤਾ ਵਿਚ ਵਾਧਾ ਕਿਵੇਂ ਹੋ ਗਿਆ ਇਹ ਸੱਚ ਸ੍ਰੀ ਮੋਦੀ ਅੱਜ ਤੱਕ ਨਹੀਂ ਦੱਸ ਪਾਏ। ਯਮੁਨਾ ਦੀ ਸਫ਼ਾਈ ਨਾ ਕਰਨ ਦੇ ਦੋਸ਼ ਹੇਠ ਅਰਵਿੰਦ ਕੇਜਰੀਵਾਲ ਨੂੰ ਦਿਨ-ਰਾਤ ਭੰਡਣ ਵਾਲੀ ਭਾਜਪਾ ਅਤੇ ਮੋਦੀ ਸਾਹਿਬ ਆਪਣੇ ਆਪ ਨੂੰ 'ਗੰਗਾ ਪੁੱਤਰ' ਆਖ਼ ਕੇ ਗੰਗਾ ਦੀ ਸਫ਼ਾਈ ਦਾ ਜ਼ਿੰਮਾ ਚੁੱਕ ਕੇ ਮੈਦਾਨ ਵਿਚ ਉਤਰੇ ਸਨ ਤੇ ਕਰੋੜਾਂ ਰੁਪਏ ਖ਼ਰਚ ਹੋਣ ਪਿੱਛੋਂ ਅੱਜ ਤੱਕ ਕਿੰਨੀ ਗੰਗਾ ਸਾਫ਼ ਹੋਈ ਹੈ, ਇਹ ਦੱਸਣ ਵਿਚ ਭਾਜਪਾ ਅਤੇ ਸ੍ਰੀ ਮੋਦੀ ਦੋਵੇਂ ਹੀ ਅਸਮਰੱਥ ਹਨ।

11. ਲੋਕਤੰਤਰ ਦੀ ਰਾਖੀ ਦਾ ਦਾਅਵਾ ਕਰਨ ਵਾਲੀ ਭਾਜਪਾ ਅਤੇ ਭਾਜਪਾ ਆਗੂ ਨਰਿੰਦਰ ਮੋਦੀ ਇਸ ਗੱਲ ਦਾ ਜਵਾਬ ਦੇਣ ਤੋਂ ਅਸਮਰੱਥ ਹਨ ਕਿ ਭਾਜਪਾ ਦਾ ਕੌਮੀ ਪ੍ਰਧਾਨ ਭਲਾ ਕਿਹੜੀ ਲੋਕਤੰਤਰੀ ਚੋਣ ਪ੍ਰਕਿਰਿਆ 'ਚੋਂ ਲੰਘ ਕੇ ਚੁਣਿਆ ਜਾਂਦਾ ਹੈ? ਇਸ ਸਵਾਲ ਦਾ ਜਵਾਬ ਵੀ ਸ੍ਰੀ ਮੋਦੀ ਨਹੀਂ ਦਿੰਦੇ ਕਿ ਜੇਕਰ ਭਾਜਪਾ ਅੰਦਰ ਲੋਕਤੰਤਰ ਹੈ ਤੇ 75 ਸਾਲ ਦੇ ਭਾਜਪਾ ਆਗੂਆਂ ਲਈ ਲਾਲ ਕ੍ਰਿਸ਼ਨ ਅਡਵਾਨੀ ਵਾਂਗ 'ਮਾਰਗਦਰਸ਼ਕ ਮੰਡਲ' ਹੈ ਤਾਂ ਫਿਰ 75 ਸਾਲ ਦੇ ਹੋ ਚੁੱਕੇ ਸ੍ਰੀ ਮੋਦੀ ਮਾਰਗਦਰਸ਼ਕ ਮੰਡਲ ਦੀ ਥਾਂ ਅਜੇ ਵੀ 'ਮੰਤਰੀ ਮੰਡਲ' ਵਿਚ ਕਿਉਂ ਹਨ?

12. ਵਿਆਹੁਤਾ ਮੁਸਲਿਮ ਮਹਿਲਾਵਾਂ ਦੇ ਹੱਕਾਂ ਲਈ 'ਤੀਨ ਤਲਾਕ' ਦੇ ਮੁੱਦੇ 'ਤੇ ਹਾਲ-ਪਾਰ੍ਹਿਆ ਮਚਾਉਣ ਵਾਲੇ ਨਰਿੰਦਰ ਭਾਈ ਮੋਦੀ ਨੇ ਕਦੇ ਇਹ ਨਹੀਂ ਦੱਸਿਆ ਹੈ ਕਿ ਉਨ੍ਹਾਂ ਵਾਂਗ ਜਿਨ੍ਹਾਂ ਗ਼ੈਰ-ਮੁਸਲਿਮ ਮਰਦਾਂ ਨੇ ਆਪਣੀਆਂ ਪਤਨੀਆਂ ਬਿਨਾ ਤਲਾਕ ਦਿੱਤਿਆਂ ਹੀ ਛੱਡੀਆਂ ਹੋਈਆਂ ਹਨ, ਉਨ੍ਹਾਂ ਦੇ 'ਭਲੇ' ਲਈ ਉਹ ਕੀ ਕਦਮ ਚੁੱਕ ਰਹੇ ਹਨ?

13. ਅਖੀਰ ਵਿਚ ਨਰਿੰਦਰ ਮੋਦੀ ਨਾਲ ਜੁੜੇ ਕੁਝ ਹੋਰ ਅਜਿਹੇ ਪ੍ਰਸ਼ਨ ਹਨ ਜਿਨ੍ਹਾਂ ਦਾ ਜਵਾਬ ਅੱਜ ਤੱਕ ਨਾ ਤਾਂ ਭਾਜਪਾ ਦੀ ਲੀਡਰਸ਼ਿਪ ਨੇ ਦਿੱਤਾ ਹੈ ਤੇ ਨਾ ਹੀ ਸ੍ਰੀ ਮੋਦੀ ਨੇ ਖ਼ੁਦ ਕਦੇ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਹ ਪ੍ਰਸ਼ਨ ਹਨ-'ਜੇਕਰ ਭਾਜਪਾ ਵੱਲੋਂ ਲਿਆਂਦੇ ਗਏ ਤਿੰਨ ਕਾਨੂੰਨ ਸਚਮੁੱਚ ਹੀ ਕਿਸਾਨ ਪੱਖੀ ਸਨ ਤਾਂ ਫਿਰ ਵਾਪਿਸ ਕਿਉਂ ਲਏ ਗਏ?'', ''ਆਲੂਆਂ 'ਚੋਂ ਭਲਾ ਸੋਨਾ ਕਿਵੇਂ ਨਿਕਲ ਸਕਦਾ ਹੈ?'', ''ਗਟਰ ਦੀ ਗੈਸ ਨਾਲ ਕੋਈ ਠੇਲ੍ਹੇ ਵਾਲਾ ਭਲਾ ਚਾਹ ਕਿਵੇਂ ਬਣਾ ਸਕਦਾ ਹੈ?'','' ਸ੍ਰੀ ਮੋਦੀ ਨੇ ਕਲਕੱਤਾ ਵਿਖੇ ਮੈਟਰੋ ਵਿਚ ਉਸ ਵੇਲੇ ਭਲਾ ਸਫ਼ਰ ਕਿਵੇਂ ਕਰ ਲਿਆ ਸੀ ਜਦੋਂ ਉਥੇ ਮੈਟਰੋ ਅਜੇ ਆਈ ਵੀ ਨਹੀਂ ਸੀ?' ਅਜਿਹੇ ਅਨੇਕਾਂ ਹੋਰ ਸਵਾਲ ਹਨ ਜਿਨ੍ਹਾਂ ਪ੍ਰਤੀ ਭਾਜਪਾ ਅਤੇ ਸ੍ਰੀ ਮੋਦੀ ਪੱਕੇ ਤੌਰ 'ਤੇ 'ਮੌਨ' ਧਾਰੀ ਬੈਠੇ ਹਨ ਪਰ ਇਹ ਕੋਈ ਅਤਿਕਥਨੀ ਨਹੀਂ ਹੈ ਕਿ ਝੂਠੇ ਵਾਅਦੇ ਕਰਨ ਵਿਚ ਜੇਕਰ 'ਮੋਦੀ ਹੈ ਤਾਂ ਸਚਮੁੱਚ ਹੀ ਮੁਮਕਿਨ ਹੈ।'

# ਪੰਜਾਬੀ ਸੱਭਿਆਚਾਰ ਦੇ ਜਰਨੈਲ ਨੂੰ ਸਿਜਦਾ ਕਰਦਿਆਂ

ਸਾਰੀ ਰਾਤ ਬੇਚੈਨੀ 'ਚ ਗੁਜ਼ਰੀ। ਨੀਂਦ ਟੋਕਾ-ਟਾਕੀ ਕਰਦੀ ਰਹੀ। ਸਵੇਰੇ ਜਲਦੀ ਉੱਠ ਕੇ ਦੂਰ ਵਿਆਹ 'ਤੇ ਜਾਣਾ ਸੀ। ਅਲਾਰਮ ਵੱਜਿਆ। ਕਾਹਲੀ-ਕਾਹਲੀ 'ਚ ਤਿਆਰ ਹੋ ਕੇ ਚੰਡੀਗੜ੍ਹ ਦੇ 43- ਸੈਕਟਰ ਵਾਲੇ ਬੱਸ ਅੱਡੇ ਤੋਂ ਬੱਸ ਜਾ ਫੜੀ। ਕੰਡਕਟਰ ਨੇ ਸਮਝਾਇਆ ਕਿ ਜੰਡਿਆਲੇ ਗੁਰੂ ਉੱਤਰ ਕੇ ਤਰਨ ਤਾਰਨ ਵਾਲੀ ਬੱਸ ਫੜ ਲਿਓ। ਖ਼ੈਰ ਪੰਜ ਘੰਟੇ ਦੇ ਥਕਾਊ ਸਫ਼ਰ ਤੋਂ ਬਾਅਦ ਤਰਨ ਤਾਰਨ ਤੋਂ ਅੰਮ੍ਰਿਤਸਰ ਜਾਂਦੀ ਸੜਕ 'ਤੇ ਬਣੇ ਮੈਰਿਜ ਪੈਲੇਸ ਦੇ ਸਾਹਮਣੇ ਜਾ ਖੜ੍ਹਾ ਹੋਇਆ। ਇਕ ਵਾਰ ਫਿਰ ਕਾਰਡ ਦੇਖਿਆ। ਉਹੀ ਮੈਰਿਜ ਪੈਲੇਸ ਸੀ ਜਿਥੇ ਪਹੁੰਚਣਾ ਸੀ। ਹਲਕੀ-ਹਲਕੀ



**ਸਰਬਜੀਤ ਧਾਲੀਵਾਲ**
**ਫੋਨ: 98141-23338**






*ਜਰਨੈਲ ਸਿੰਘ ਦੇ ਪਿਤਾ ਸਰਦਾਰ ਕਿਰਪਾਲ ਸਿੰਘ ਵਲੋਂ ਸਿੱਖ ਇਤਿਹਾਸ ਨਾਲ ਸਬੰਧਤ ਬਣਾਈਆਂ ਗਈਆਂ ਵੱਖ-ਵੱਖ ਪੇਂਟਿੰਗਜ਼।*

ਬਾਰਿਸ਼ ਹੋ ਰਹੀ ਸੀ, ਇਸ ਕਰਕੇ ਪੈਲੇਸ ਦੇ ਅਗਲੇ ਵਿਹੜੇ ਵਿਚ ਕੀਤਾ ਇੰਤਜ਼ਾਮ ਥੋੜ੍ਹਾ ਉਖੜਿਆ ਪਿਆ ਸੀ।

ਪੈਲੇਸ ਦੇ ਹਾਲ ਅੰਦਰ ਵੜਦੇ ਹੀ ਰੂਹ ਖੁਸ਼ ਹੋ ਗਈ। ਸਫ਼ਰ ਦਾ ਸਾਰਾ ਥਕੇਵਾਂ ਮੈਰਿਜ








*ਸਰਦਾਰ ਜਰਨੈਲ ਸਿੰਘ ਵਲੋਂ ਬਣਾਏ ਗਏ ਚਿੱਤਰ।*

ਪੈਲੇਸ 'ਚ ਹੋਏ ਲੱਕੜ ਦੇ ਕਲਾਕਾਰੀ ਨਾਲ ਭਰਪੂਰ ਖੂਬਸੂਰਤ ਕੰਮ ਨੂੰ ਦੇਖ ਕੇ ਉੱਤਰ ਗਿਆ। ਕਾਫੀ ਪੀਣ ਦੀ ਬਜਾਏ ਮੇਰੀ ਨਜ਼ਰ ਵਾਰ-ਵਾਰ ਹਾਲ 'ਚ ਲੱਗੀਆਂ ਅੱਖਾਂ ਨੂੰ ਸਕੂਨ ਪਹੁੰਚਾਣ ਵਾਲੀਆਂ ਪੇਂਟਿੰਗਜ਼ ਵੱਲ ਜਾ ਰਹੀ ਸੀ। ਹਾਲ ਵਿਚ ਹੋਇਆ ਲੱਕੜਸਾਜ਼ੀ ਦਾ ਕੰਮ ਤੇ ਇਸ ਉਪਰ ਲੱਗੀਆਂ ਪੇਂਟਿੰਗਜ਼ ਦੇਖ ਚਿੱਤ ਬਾਗੋ-ਬਾਗ਼ ਹੋ ਗਿਆ। ਸਾਰੀਆਂ ਪੇਂਟਿੰਗਜ਼ ਪੰਜਾਬੀ ਸੱਭਿਆਚਾਰ ਨਾਲ ਓਤ-ਪੋਤ ਸਨ। ਇਹ ਦੇਖਦੇ-ਦੇਖਦੇ ਮੇਰੀ ਨਜ਼ਰ ਇਕ ਪੰਜਾਬੀ ਮੁਟਿਆਰ ਵਾਲੀ ਪੇਂਟਿੰਗ 'ਤੇ ਜਾ ਅਟਕੀ, ਜਿਸ ਨੂੰ ਦੇਖਦੇ ਸਾਰ ਮਨ 'ਚ ਇਕ ਚੀਸ ਜਿਹੀ ਉਠੀ ਤੇ ਇਕ ਵਾਰ ਫਿਰ ਇਸ ਚਿੱਤਰ ਦਾ ਰਚੇਤਾ ਜਰਨੈਲ ਸਿੰਘ ਅੱਖਾਂ ਸਾਹਮਣੇ ਘੁੰਮ ਗਿਆ। ਪੇਂਟਿੰਗ ਰਾਹੀਂ ਜਰਨੈਲ ਸਿੰਘ ਨੂੰ ਸਿਜਦਾ ਕੀਤਾ ਤੇ ਉਨ੍ਹਾਂ ਉਦਾਸ ਪਲਾਂ ਦੇ ਰੂਬਰੂ ਹੋਇਆ ਜੋ ਕੁੱਝ ਦਿਨ ਪਹਿਲਾਂ ਚੰਡੀਗੜ੍ਹ ਦੇ ਸੈਕਟਰ 19 ਦੇ ਗੁਰਦੁਆਰਾ ਵਿਚ ਜਰਨੈਲ ਸਿੰਘ ਦੀ ਅੰਤਿਮ ਅਰਦਾਸ 'ਚ ਸ਼ਾਮਿਲ ਹੁੰਦਿਆਂ ਬਿਤਾਏ ਸਨ। ਅਰਦਾਸ 'ਚ ਗਿਣਤੀ ਦੇ ਬੰਦੇ ਹੀ ਸ਼ਾਮਿਲ ਸਨ। ਕੁਝ ਪਰਿਵਾਰ ਦੇ ਮੈਂਬਰਾਂ ਤੋਂ ਇਲਾਵਾ ਨੇੜਲੇ ਮਿੱਤਰ ਸਨ। ਜ਼ਿਆਦਾ ਅਫਸੋਸ ਇਸ ਗੱਲ ਦਾ ਸੀ ਕੀ ਜਿਨ੍ਹਾਂ ਦਾ ਅੱਜ ਇਥੇ ਆਉਣਾ ਬਣਦਾ ਸੀ ਉਹ ਨਹੀਂ ਸਨ ਆਏ।

ਸਰਦਾਰ ਜਰਨੈਲ ਸਿੰਘ ਕੋਈ ਆਮ ਜਿਹਾ ਆਰਟਿਸਟ ਨਹੀਂ ਸੀ। ਉਹ ਪੰਜਾਬੀ ਚਿੱਤਰਕਾਰੀ ਜਗਤ ਦਾ ਇਕ ਨਾਮੀ ਚਿਹਰਾ ਸੀ। ਜਰਨੈਲ ਸਿੰਘ ਉਸ ਸਰਦਾਰ ਕਿਰਪਾਲ ਸਿੰਘ ਦਾ ਪੁੱਤਰ ਸੀ ਜਿਸ ਨੇ ਸਿੱਖ ਇਤਿਹਾਸ ਨੂੰ ਚਿੱਤਰਕਾਰੀ ਰਾਹੀਂ ਲੋਕ ਮਨਾਂ 'ਤੇ ਉਕਰ ਦਿੱਤਾ ਹੈ। ਮੈਨੂੰ ਨਹੀਂ ਲੱਗਦਾ ਕਿ ਸਿੱਖ ਇਤਿਹਾਸ ਦਾ ਕੋਈ ਸਰਦਾਰ ਕਿਰਪਾਲ ਸਿੰਘ ਤੋਂ ਵੱਡਾ ਚਿੱਤਰਕਾਰ ਹੋਇਆ ਹੈ। ਪੰਜਾਬੀ ਸੱਭਿਆਚਾਰ ਨੂੰ ਚਿਤਰਣ 'ਚ ਸਰਦਾਰ ਜਰਨੈਲ ਸਿੰਘ ਵੀ ਆਪਣੇ ਪਿਤਾ ਜੀ ਦੇ ਹਾਣ ਦਾ ਹੈ। ਅੰਮ੍ਰਿਤਸਰ 'ਚ ਹਰਮਿੰਦਰ ਸਾਹਿਬ 'ਚ ਸੈਂਟਰਲ ਸਿੱਖ ਮਿਊਜ਼ੀਅਮ ਵਿਚ ਲੱਗੀਆਂ ਸਰਦਾਰ ਕਿਰਪਾਲ ਸਿੰਘ ਤੇ ਸਰਦਾਰ ਜਰਨੈਲ ਸਿੰਘ ਦੀਆਂ ਪੇਂਟਿੰਗਾਂ ਦੇ ਸਨਮੁਖ ਹੋ ਕੇ ਬੰਦਾ ਸਿੱਖ ਇਤਿਹਾਸ ਦੇ ਯੋਧਿਆਂ ਦੀ ਸੂਰਮਗਤੀ ਦੇ ਕਾਲਪਨਿਕ ਤੌਰ 'ਤੇ ਪ੍ਰਤੱਖ ਖੜ੍ਹਾ ਮਹਿਸੂਸ ਕਰਦਾ ਹੈ। ਜੰਗ ਦੇ ਮੈਦਾਨ ਵਿਚ ਯੋਧੇ ਜੂਝਦੇ ਲੱਗਦੇ ਨੇ। ਸ਼ਮਸ਼ੀਰਾਂ ਦਾ ਖੜਾਕ ਸੁਣਾਈ ਦਿੰਦਾ। ਤਸਵੀਰਾਂ ਬੋਲਦੀਆਂ ਮਹਿਸੂਸ ਹੁੰਦੀਆਂ ਨੇ।

ਪੰਜਾਬੀ ਕੁੜੀਆਂ ਦੀ ਸ਼ਰਮਾਕਲ ਸੋਹਜਤਾ ਨੂੰ ਜਿਨ੍ਹਾਂ ਸਹਿਜ ਹੱਥਾਂ, ਡੂੰਘੀ ਨੀਜ਼ ਅਤੇ ਜੀਰਾਂਦ ਨਾਲ ਸਰਦਾਰ ਜਰਨੈਲ ਸਿੰਘ ਨੇ ਚਿਤਰਿਆ ਹੈ ਉਹ ਚਿੱਤਰਕਾਰ ਦੇ ਮਨ ਅੰਦਰਲੀ ਦਾਰਸ਼ਨਿਕਤਾ ਦੇ ਦਰਸ਼ਨ ਕਰਵਾਉਂਦੀ ਹੈ। ਉਸ ਨੇ ਪੰਜਾਬੀ ਮੁਟਿਆਰਾਂ ਦੀ ਮੜ੍ਹਕ ਤੇ ਨਖਰੇ ਦੇ ਦਰਸ਼ਨ ਵੀ ਆਪਣੇ ਚਿੱਤਰਾਂ 'ਚ ਕਰਵਾਏ ਨੇ। ਜਰਨੈਲ ਸਿੰਘ ਦੀ ਖੂਬਸੂਰਤੀ ਇਹ ਹੈ ਕਿ ਉਸਦੇ ਚਿੱਤਰਾਂ ਨੂੰ ਵੇਖ ਕੇ ਮਨ ਰੂਹਾਨੀ ਪਲ ਹੰਢਾਉਣ ਲੱਗਦਾ ਹੈ। ਉਸਦੀ ਸੱਜ ਵਿਆਹੀ ਮੁਟਿਆਰ ਦੀ ਮੱਥੇ 'ਤੇ ਟਿਕੇ, ਕੰਨਾਂ 'ਚ ਕਾਂਟੇ, ਗੱਲ 'ਚ ਲੌਕਟ ਤੇ ਫੁਲਕਾਰੀ ਵਾਲੀ ਪੇਂਟਿੰਗ ਨਾਲ ਤੁਸੀਂ ਘੰਟੇ ਬਿਤਾ ਸਕਦੇ ਹੋ। ਇਹ ਪੇਂਟਿੰਗ ਪੰਜਾਬੀ ਕੁੜੀਆਂ ਦੇ ਸੋਹਜ ਤੇ ਉਨ੍ਹਾਂ ਅੰਦਰਲੀ ਕੋਮਲਤਾ ਦੀ ਸਿਖਰ ਹੈ। ਮਸ਼ੀਨ ਦੇ ਯੁੱਗ ਨੇ ਬਹੁਤ ਕੁਝ ਉਲਟਾ-ਪੁਲਟਾ ਕਰ ਦਿੱਤਾ ਹੈ। ਇਸ ਦਾ ਸਭ ਤੋਂ ਵੱਡਾ ਪ੍ਰਭਾਵ ਸਾਡੇ ਸੱਭਿਆਚਾਰ 'ਤੇ ਪਿਆ ਹੈ। ਸੱਭਿਆਚਾਰ 'ਚੋਂ ਬਹੁਤ ਕੁਝ ਅਲੋਪ ਹੋ ਰਿਹਾ



*ਜਰਨੈਲ ਸਿੰਘ ਦੇ ਪੁੱਤਰ ਜੁਝਾਰ ਸਿੰਘ ਵਲੋਂ ਬਣਾਈ ਗਈ ਪੇਂਟਿੰਗ।*

ਹੈ। ਸਵੇਰੇ ਉਠ ਕੇ ਦੁੱਧ ਰਿੜ੍ਹਕਣਾ, ਮਧਾਣੀਆਂ ਦੀ ਗੜ੍ਹਗੜਾਹਟ, ਤਿਰੰਜਣ 'ਚ ਮਿਲ ਬੈਠ ਚਰਖਾ ਕੱਤਦੀਆਂ ਕੁੜੀਆਂ ਦੇ ਗੀਤ ਤੇ ਖੂਹਾਂ 'ਤੇ ਖੜਕਦੇ ਡੋਲ ਸਾਡੀ ਰੋਜ਼ਾਨਾ ਜ਼ਿੰਦਗੀ 'ਚੋ ਮਨਫ਼ੀ ਹੁੰਦੇ ਜਾ ਰਹੇ ਨੇ। ਪਰ ਅਸੀਂ ਇਸ ਸਭ ਕੁੱਝ ਦੇ ਦਰਸ਼ਨ ਸਰਦਾਰ ਜਰਨੈਲ ਸਿੰਘ ਦੇ ਚਿੱਤਰਾਂ ਰਾਹੀਂ ਕਰਦੇ ਰਹਾਂਗੇ। ਉਸ ਨੇ ਆਪਣੇ ਬੁਰਸ਼ ਰਾਹੀਂ ਪੰਜਾਬੀ ਸੱਭਿਆਚਾਰ ਦਾ ਅਨਮੋਲ ਖਜ਼ਾਨਾ ਸਾਡੇ ਲਈ ਸਾਂਭ ਦਿੱਤਾ ਹੈ।

ਆਪਣੇ ਪਿਤਾ ਦੇ ਨਕਸ਼ੇ ਕਦਮ 'ਤੇ ਚਲਦਿਆਂ ਸ. ਜਰਨੈਲ ਸਿੰਘ ਨੇ ਸਿੱਖ ਇਤਿਹਾਸ ਨੂੰ ਵੀ ਚਿਤਰਿਆ ਹੈ। ਉਸਦੀ ਇਕ ਪੇਂਟਿੰਗ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਸੰਬੰਧਿਤ ਹੈ। ਜੰਗ ਦੇ ਮੈਦਾਨ ਵਿਚ ਘੋੜੇ 'ਤੇ ਸਵਾਰ ਮਹਾਰਾਜਾ ਰਣਜੀਤ ਸਿੰਘ, ਹਰੀ ਸਿੰਘ ਨਲੂਆ ਅਤੇ ਸ਼ਾਮ ਸਿੰਘ ਅਟਾਰੀ ਜਾ ਰਹੇ ਹਨ। ਨਾਲ ਖਾਲਸਾ ਫੌਜ ਹੈ। ਬਹੁਤਿਆਂ ਨੇ ਕੇਸਰੀ ਨਿਸ਼ਾਨ ਫੜੇ ਹੋਏ ਨੇ। ਇਹ ਚਿੱਤਰ ਸਿੱਖ ਰਾਜ ਦੀ ਯਾਦ ਨੂੰ ਉਘਾੜਦਾ ਹੈ। ਇਸ ਤਰ੍ਹਾਂ ਵੈਨਕੂਵਰ ਦੇ ਨਾਲ ਸਰੀ ਕਸਬੇ ਵਿਚ ਇਸ 'ਪਿਕਸ' ਨਾਂ ਦੀ ਇਮਾਰਤ, ਜਿਥੇ ਸੀਨੀਅਰ ਸਿਟੀਜ਼ਨ ਤੋਂ ਇਲਾਵਾ ਪ੍ਰਵਾਸੀਆਂ ਵਾਸਤੇ ਵੀ ਬਹੁਤ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਨੇ, ਦੇ ਮੁੱਖ ਦੁਆਰ 'ਤੇ ਜਰਨੈਲ ਸਿੰਘ ਦੁਆਰਾ ਕਾਮਾਗਾਟਾ ਮਾਰੂ ਇਤਿਹਾਸਕ ਘਟਨਾ ਨਾਲ ਸੰਬੰਧਤ ਮਿਊਰਲ ਬਣਾਇਆ ਹੋਇਆ ਹੈ। ਇਸ ਰਸਤੇ 'ਤੇ ਗੁਜ਼ਰਦੇ ਹਜ਼ਾਰਾਂ ਲੋਕ ਇਸਨੂੰ ਹਰ ਰੋਜ਼ ਦੇਖਦੇ ਨੇ। ਕੋਈ ਦੋ ਦਹਾਕੇ ਪਹਿਲਾਂ ਜਰਨੈਲ ਸਿੰਘ ਪਰਿਵਾਰ ਸਮੇਤ ਕੈਨੇਡਾ ਚਲਾ ਗਿਆ ਸੀ। ਉਥੇ ਉਸ ਨੇ ਜਰਨੈਲ ਆਰਟਸ ਨਾਮ ਦੀ ਸਰੀ (ਵੈਨਕੂਵਰ ਦੇ ਨਾਲ) ਆਪਣੀ ਆਰਟ ਗੈਲਰੀ ਸਥਾਪਤ ਕੀਤੀ।



*ਜਰਨੈਲ ਸਿੰਘ ਦੀ ਪਤਨੀ ਬੀਬੀ ਬਲਜੀਤ ਕੌਰ ਵਲੋਂ ਬਣਾਈ ਗਈ ਖੂਬਸੂਰਤ ਪੇਂਟਿੰਗ।*

ਹੌਲੀ-ਹੌਲੀ ਇਹ ਆਰਟ ਗੈਲਰੀ ਸਾਹਿਤ, ਕਲਾ ਤੇ ਸਮਾਜ ਸੇਵਾ ਨਾਲ ਜੁੜੇ ਲੋਕਾਂ ਦਾ ਅੱਡਾ ਬਣ ਗਈ। ਇੱਥੇ ਬਹਿ ਕੇ ਹੀ ਕਲਾਕਾਰ, ਸਾਹਿਤਕਾਰ ਬਹੁਤ ਸਾਰੀਆਂ ਚਰਚਾਵਾਂ ਕਰਦੇ ਰਹੇ ਨੇ। ਪੰਜਾਬੋਂ ਭਰਮਣ 'ਤੇ ਗਏ ਕਲਾਕਾਰ, ਪੱਤਰਕਾਰ ਤੇ ਸਾਹਿਤਕਾਰ ਵੀ ਇਥੇ ਹੀ ਮਿਲ ਬੈਠਦੇ ਨੇ। ਕੁਝ ਸਾਲ ਕੈਨੇਡਾ ਫੇਰੀ ਸਮੇਂ ਮੈਂ ਵੀ ਜਸਵੰਤ ਬਰਾੜ, ਜਗਰੂਪ ਬਰਾੜ, ਜਰਨੈਲ ਸਿੰਘ ਨੂੰ ਪੱਤਰਕਾਰ ਗੁਰਪ੍ਰੀਤ ਸਿੰਘ ਦੇ ਨਾਲ ਇਸੇ ਗੈਲਰੀ 'ਚ ਮਿਲਿਆ ਸੀ। ਪਰ ਇਸ ਤੋਂ ਪਹਿਲਾਂ ਵੀ ਚੰਡੀਗੜ੍ਹ 'ਚ ਮੈਂ ਜਰਨੈਲ ਸਿੰਘ ਨੂੰ ਮਿਲ ਚੁੱਕਿਆ ਸੀ।

ਫਿਰੋਜ਼ਪੁਰ ਜ਼ਿਲ੍ਹੇ ਦੇ ਸ਼ਹਿਰ ਜ਼ੀਰਾ 'ਚ 1956 'ਚ ਜੰਮੇ ਜਰਨੈਲ ਸਿੰਘ ਨੇ ਚਿੱਤਰਕਾਰੀ ਦੀ ਮੁਹਾਰਤ ਆਪਣੇ ਪਿਤਾ ਕਿਰਪਾਲ ਸਿੰਘ ਤੋਂ ਹਾਸਲ ਕੀਤੀ। ਜਰਨੈਲ ਸਿੰਘ ਦੇ ਚੇਹਰੇ 'ਤੇ ਫੌਜੀ ਜਰਨੈਲਾਂ ਵਰਗਾ ਜਲੌਅ ਸੀ, ਪਰ ਹਿਰਦੇ ਵਿਚ ਕੋਮਲਤਾ ਨਾਲ ਭਰਿਆ ਸੁੰਦਰ ਲਾਲ ਗੁਲਾਬ ਦੇ ਫੁੱਲਾਂ ਵਾਂਗੂ ਖਿੜਿਆ ਸੰਸਾਰ। ਆਪਣੇ ਦੁਨਿਆਵੀ ਸਫ਼ਰ ਦੌਰਾਨ ਉਸਨੂੰ ਆਪਣੀ ਜਨਮ-ਭੂਮੀ ਪੰਜਾਬ ਤੇ ਬਾਅਦ 'ਚ ਬਣੀ ਕਰਮ ਭੂਮੀ ਕੈਨੇਡਾ 'ਚ ਅਨੇਕਾਂ ਮਾਣ-ਸਨਮਾਨ ਮਿਲੇ। ਕਲਾ ਦੇ ਪਾਰਖੂਆਂ ਨੇ ਉਸ ਦੇ ਕੰਮ ਦੀ ਸ਼ਲਾਘਾ ਆਪਣੇ-ਆਪਣੇ ਢੰਗ ਨਾਲ ਕੀਤੀ। ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਹਰਭਜਨ ਹਲਵਾਰਵੀ ਨੇ ਇਕ ਵਾਰ ਉਸ ਬਾਰੇ ਲਿਖਿਆ ਸੀ "ਉਸ ਦੀਆਂ ਕਲਾ ਕਿਰਤਾਂ ਸਾਨੂੰ ਆਪਣੇ ਪਿਛੋਕੜ ਦੇ ਐਨ ਨੇੜੇ ਲੈ ਜਾਂਦੀਆਂ ਹਨ। ਉਨ੍ਹਾਂ ਵਿਚ ਧੜਕਦਾ ਪੰਜਾਬੀ ਜੀਵਨ ਹੈ, ਜਾਨ ਹੈ, ਜਜ਼ਬਾ ਹੈ, ਖੂਬਸੂਰਤੀ ਤੇ ਨਜ਼ਾਕਤ ਹੈ, ਬਹੁਰੰਗੀ ਵਿਵਧਤਾ ਹੈ। ਜਰਨੈਲ ਸਿੰਘ ਦੇ ਚਿੱਤਰਾਂ ਦੀ ਪ੍ਰਸ਼ੰਸਾ ਕਰਦੇ ਹੋਏ ਗੁਰਦਾਸ ਮਾਨ ਨੇ ਕਿਹਾ ਸੀ "ਸਿੱਖ ਇਤਿਹਾਸ ਤੇ ਪੰਜਾਬੀ ਸੱਭਿਆਚਾਰ ਨਾਲ ਸੰਬੰਧਿਤ ਚਿੱਤਰਕਾਰ ਜਰਨੈਲ ਸਿੰਘ ਦੀਆਂ ਪੇਂਟਿੰਗਜ਼ ਉਸਦੇ ਘਰ ਦੇਖਣ ਜਾਣਾ ਵੀ ਕਿਸੇ ਧਰਮ ਅਸਥਾਨ



*ਜਰਨੈਲ ਸਿੰਘ ਦੀ ਧੀ ਨੀਤੀ ਸਿੰਘ ਆਪਣੀ ਬਣਾਈ ਪੇਂਟਿੰਗ ਨਾਲ।*

ਜਾਣ ਦੇ ਬਰਾਬਰ ਹੈ।" ਉਨ੍ਹਾਂ ਦੇ ਕੰਮ ਦਾ ਜ਼ਿਕਰ ਕਰਦੇ ਹੋਏ ਕਈ ਅਖਬਾਰਾਂ ਨੇ ਉਨ੍ਹਾਂ ਦੀ ਪ੍ਰਸ਼ੰਸਾ 'ਚ ਲੇਖ ਵੀ ਛਾਪੇ। ਬੀਰ ਰਸ ਤੇ ਸ਼ਿੰਗਾਰ ਰਸ ਉਨ੍ਹਾਂ ਦੀਆਂ ਕਿਰਤਾਂ ਦਾ ਵਿਸ਼ੇਸ਼ ਪਹਿਲੂ ਰਿਹਾ ਹੈ। ਇਸ ਪਰਿਵਾਰ ਨੂੰ ਸਿੱਖ ਸਕੂਲ ਆਫ ਪੇਂਟਿੰਗਜ਼ ਦੇ ਧੁਰੇ ਵਜੋਂ ਜਾਣਿਆ ਜਾਂਦਾ ਹੈ। ਇਨ੍ਹਾਂ ਦੀ ਚਿੱਤਰਕਾਰੀ 'ਚ ਪੰਜਾਬ ਦੀ ਆਤਮਾ ਦੇ ਝਲਕਾਰੇ ਪੈਂਦੇ ਨੇ।

ਜਰਨੈਲ ਸਿੰਘ ਦੇ ਬਣਾਏ ਚਿੱਤਰ ਸੈਂਟਰਲ ਸਿੱਖ ਮਿਊਜ਼ੀਅਮ ਅੰਮ੍ਰਿਤਸਰ, ਪੰਜਾਬ ਵਾਰ ਮਿਊਜ਼ੀਅਮ ਲੁਧਿਆਣਾ, ਇੰਡੀਅਨ ਅੰਬੈਸੀ ਨਿਊਯਾਰਕ, ਮਿਊਜ਼ੀਅਮ ਆਫ ਰੂਰਲ ਪੰਜਾਬ, ਪੀ.ਏ.ਯੂ, ਲੁਧਿਆਣਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਇੰਡੀਅਨ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ, ਮਾਰਕਫੈੱਡ ਤੋਂ ਇਲਾਵਾ ਕੈਨੇਡਾ, ਅਮਰੀਕਾ, ਇੰਗਲੈਂਡ, ਜਪਾਨ, ਆਸਟ੍ਰੇਲੀਆ, ਮਲਾਇਆ, ਆਸਟਰੀਆ, ਸਿੰਗਾਪੁਰ, ਜਰਮਨੀ ਤੇ ਹੋਰ ਥਾਵਾਂ ਗੁਰਦੁਆਰਿਆਂ ਵਿਚ ਲੱਗੇ ਹੋਏ ਹਨ। ਉਸ ਦੀਆਂ ਪੇਂਟਿੰਗਜ਼ ਦੀ ਪ੍ਰਦਰਸ਼ਨੀ ਦੁਨੀਆਂ ਦੀ ਵੱਡੀਆਂ ਆਰਟ ਗੈਲਰੀਆਂ 'ਚ ਲੱਗ ਚੁੱਕੀ ਹੈ। ਉਸ ਨੇ ਪੇਂਟਿੰਗਜ਼ ਬਾਰੇ ਕਿਤਾਬਾਂ ਵੀ ਲਿਖੀਆਂ ਹਨ। ਇਨ੍ਹਾਂ 'ਚ ਪੰਜਾਬੀ ਪੇਂਟਰਜ਼, ਪੇਂਟਰਜ਼ ਆਫ ਸਿੱਖ ਹਿਸਟਰੀ ਸ਼ਾਮਿਲ ਹਨ। ਉਹ ਕਈ ਸਾਲ ਚਿੱਤਰਕਾਰੀ ਬਾਰੇ ਅਲੱਗ-ਅਲੱਗ ਅਖਬਾਰਾਂ ਵਿਚ ਵੀ ਲਿਖਦੇ ਰਹੇ। ਉਸ ਨੂੰ ਅਨੇਕਾਂ ਸਮਾਜਿਕ ਤੇ ਕਲਾਕਾਰੀ ਦੇ ਖੇਤਰ 'ਚ ਕਮ ਕਰ ਰਹੀਆਂ ਸੰਸਥਾਵਾਂ ਨੇ ਸਨਮਾਨਿਤ ਕੀਤਾ ਹੈ। ਜਰਨੈਲ ਸਿੰਘ ਇਕ ਅੱਛਾ ਫੋਟੋਗ੍ਰਾਫਰ ਵੀ ਸੀ ਤੇ ਬਹੁਤ ਸਾਰੀਆਂ ਫੋਟੋਗਰਾਫੀ ਨਾਲ ਸੰਬੰਧਿਤ ਸੰਸਥਾਵਾਂ ਦਾ ਮੈਂਬਰ ਸੀ।

ਜਰਨੈਲ ਸਿੰਘ ਦੇ ਪਿਤਾ ਕਿਰਪਾਲ ਸਿੰਘ ਜੀ ਮਸ਼ਹੂਰ ਆਈ.ਏ.ਐਸ. ਅਫਸਰ ਮੋਹਿੰਦਰ ਸਿੰਘ ਰੰਧਾਵਾ ਦੇ ਨਜ਼ਦੀਕੀਆਂ ਵਿਚੋਂ ਇਕ ਸਨ। ਰੰਧਾਵਾ ਵੱਡਾ ਆਦਮੀ ਸੀ ਤੇ ਉਸਨੇ ਪੰਜਾਬ ਲਈ ਵੱਡੇ ਕੰਮ ਕੀਤੇ ਨੇ। ਉਹ ਕਲਾ ਦਾ ਤੇ ਕਲਾਕਾਰਾਂ ਦਾ ਵੱਡਾ ਪਾਰਖੂ ਤੇ ਪ੍ਰਸ਼ੰਸਕ ਸੀ। ਰੰਧਾਵਾ ਨੇ ਕਿਰਪਾਲ ਸਿੰਘ ਨੂੰ ਕਹਿ ਕੇ ਕਈ ਪੇਂਟਿੰਗਜ਼ ਬਣਵਾਈਆਂ ਸਨ। ਸ. ਸਵਰਨ ਸਿੰਘ ਬੋਪਾਰਾਏ ਨੂੰ ਇਕ ਵਾਰ ਮੋਹਿੰਦਰ ਸਿੰਘ ਰੰਧਾਵਾ ਨੇ ਫੋਨ ਕਰ ਕੇ ਕਿਹਾ ਸੀ ਕਿ ਉਹ ਸਰਦਾਰ ਕਿਰਪਾਲ ਸਿੰਘ ਨੂੰ ਮੁਦਕੀ, ਫਿਰੋਜ਼ਸ਼ਾਹ ਤੇ ਸਭਰਾਵਾਂ ਨਾਲ ਲੈ ਕੇ ਜਾਵੇ ਤੇ ਉਹ ਥਾਵਾਂ ਦਿਖਾਵੇ ਜਿੱਥੇ ਅੰਗਰੇਜ਼ਾਂ ਨਾਲ ਫ਼ੈਸਲਾਕੁਨ ਲੜਾਈਆਂ ਲੜੀਆਂ ਗਈਆਂ ਸਨ। ਉਸ ਸਮੇਂ ਬੋਪਾਰਾਏ ਫਿਰੋਜ਼ਪੁਰ ਜ਼ਿਲ੍ਹੇ ਦੇ ਡੀ.ਸੀ. ਲੱਗੇ ਹੋਏ ਸਨ। ਇਨ੍ਹਾਂ ਥਾਵਾਂ ਦਾ ਚੱਕਰ ਲਗਾਉਣ ਤੋਂ ਬਾਅਦ ਹੀ ਕਿਰਪਾਲ ਸਿੰਘ ਨੇ ਇਨ੍ਹਾਂ ਥਾਵਾਂ 'ਤੇ ਹੋਈਆਂ ਲੜਾਈਆਂ ਬਾਰੇ ਬਹੁਤ ਹੀ ਵਧੀਆ ਪੇਂਟਿੰਗਜ਼ ਤਿਆਰ ਕੀਤੀਆਂ। ਸਰਦਾਰ ਕਿਰਪਾਲ ਸਿੰਘ ਕਾਲਾ ਚੋਗਾ ਪਾ ਕੇ ਰੱਖਦੇ ਸੀ।

ਸਰਦਾਰ ਕਿਰਪਾਲ ਸਿੰਘ ਦੀ ਸ਼ਾਨਾਮੱਤੀ ਵਿਰਾਸਤ ਦੇ ਵਾਰਿਸ ਜਰਨੈਲ ਸਿੰਘ ਦੇ ਇਸ ਸੰਸਾਰ ਤੋਂ ਰੁਖ਼ਸਤ ਹੋਣ ਤੋਂ ਬਾਅਦ ਉਮੀਦ ਹੈ ਕਿ ਜਰਨੈਲ ਸਿੰਘ ਦੀ ਪਤਨੀ ਬੀਬੀ ਬਲਜੀਤ ਕੌਰ ਤੇ ਉਨ੍ਹਾਂ ਦੀ ਧੀ ਨੀਤੀ ਸਿੰਘ ਤੇ ਪੁੱਤਰ ਜੁਝਾਰ ਸਿੰਘ ਇਸ ਵਿਰਾਸਤ ਦਾ ਝੰਡਾ ਬੁਲੰਦ ਰੱਖਣਗੇ। ਬੀਬੀ ਬਲਜੀਤ ਕੌਰ ਦੇ ਹੱਥ 'ਚ ਚਿੱਤਰਕਾਰਾਂ ਵਾਲੀ ਕਲਾ ਹੈ ਤੇ ਉਹ ਇਸ ਵਿਰਾਸਤ ਦੇ ਝੰਡਾਬਰਦਾਰ ਬਣ ਸਕਦੀ ਹੈ। ਨੀਤੀ ਸਿੰਘ ਤੇ ਜੁਝਾਰ ਸਿੰਘ ਵੀ ਆਪਣੇ ਪਿਤਾ ਦੇ

*(ਬਾਕੀ ਅਗਲੇ ਸਫੇ 'ਤੇ)*

## ਬੀਬੀ ਕੌਲਾਂ ਲਾਹੌਰ ਤੋਂ ਅੰਮ੍ਰਿਤਸਰ

# ਗੁਰਦੁਆਰਾ ਪਾਤਸ਼ਾਹੀ ਛੇਵੀਂ ਮਹੱਲਾ ਮੁਜੰਗ

ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 1619 ਈ. ਨੂੰ ਦੀਵਾਨ ਚੰਦੂ ਨੂੰ ਨਾਲ ਲੈ ਕੇ ਲਾਹੌਰ ਆਏ। ਬੀਬੀ ਕੌਲਾਂ ਦਾ ਇਹ ਅਸਥਾਨ ਮੁਜੰਗ ਮੁਹੱਲੇ ਵਿਚ ਟੈਂਪਲ ਰੋਡ ਉੱਤੇ ਸਥਿਤ ਹੈ। ਗੁਰਦੁਆਰੇ ਦੀ ਹੋਂਦ ਕਾਰਨ ਹੀ ਇਸ ਸੜਕ ਦਾ ਨਾਂ ਟੈਂਪਲ ਰੋਡ ਰੱਖਿਆ ਗਿਆ। ਇਸ ਦੀ ਪਹਿਲੀ ਇਮਾਰਤ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਈ। 1926 ਨੂੰ ਗੁਰੂ ਘਰ ਦੇ ਪ੍ਰੇਮੀ ਸਰਦਾਰ ਮਹਿਰ ਸਿੰਘ ਦੇ ਉੱਦਮ ਸਦਕਾ ਮੌਜੂਦਾ ਇਮਾਰਤ ਹੋਂਦ ਵਿਚ ਆਈ। ਇੱਥੇ ਰੋਜ਼ਾਨਾ ਦੀਵਾਨ ਸਜਦਾ ਸੀ। 1927 ਤੋਂ 1947 ਤੱਕ ਇਸ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਕੋਲ ਰਿਹਾ। ਹੁਣ ਮਹਿਕਮਾ ਵਕਫ਼ ਕੋਲ ਹੈ। ਇਸ ਪਾਵਨ ਅਸਥਾਨ ਦੇ ਨਾਂ 9 ਦੁਕਾਨਾਂ ਹਨ ਜੋ ਗੁਰਦੁਆਰਾ ਸਾਹਿਬ ਦੀ ਇਮਾਰਤ ਵਿਚ ਹੀ ਹਨ। ਵਿਸ਼ਾਲ ਦੀਵਾਨ ਹਾਲ ਹੈ। ਇਸ ਅੰਦਰ ਗੁਰੂ ਗ੍ਰੰਥ ਸਾਹਿਬ ਮੌਜੂਦ ਨਹੀਂ ਪਰ ਹਰ ਸਾਲ ਗੁਰੂ ਹਰਗੋਬਿੰਦ ਜੀ ਦੇ



**ਚਰਨਜੀਤ ਸਿੰਘ ਪੰਨੂੰ**
**ਫੋਨ: 408-608-4961**

ਪ੍ਰਕਾਸ਼ ਦਿਵਸ ਉੱਤੇ ਅਖੰਡ ਪਾਠ ਰੱਖਿਆ ਜਾਂਦਾ ਹੈ। ਸੰਗਤਾਂ ਦੇ ਦਰਸ਼ਨ ਦੀਦਾਰ ਵਾਸਤੇ ਇਸ ਦੇ ਬੂਹੇ ਹਰ ਵੇਲੇ ਖੁੱਲ੍ਹੇ ਰਹਿੰਦੇ ਹਨ।

ਮੁਸਲਿਮ ਬਰਾਦਰੀ ਦਾ ਇਕ ਮੁਸਲਮਾਨ ਆਪਣੀ ਬੇਟੀ ਨੂੰ ਮੁਜੰਗ ਦੇ ਕਾਜ਼ੀ ਰੁਸਤਮ ਖ਼ਾਂ ਕੋਲ ਚੜ੍ਹਾ ਗਿਆ ਜਾਂ ਸਮਝੋ ਦਾਨ ਕਰ ਗਿਆ।

ਕੁੱਝ ਵਿਦਵਾਨ ਮੰਨਦੇ ਹਨ ਕਿ ਆਪਣੇ ਘਰ ਦਾ ਕੰਮ ਕਰਾਉਣ ਵਾਸਤੇ ਕਾਜ਼ੀ ਰੁਸਤਮ ਖ਼ਾਂ ਨੇ ਕਮਲਾ ਨਾਮ ਦੀ ਇਕ ਹਿੰਦੂ ਲੜਕੀ ਨੂੰ ਮੁੱਲ ਲਿਆਂਦਾ ਸੀ। ਕਾਜ਼ੀ ਨੇ ਆਪਣੀ ਬੇਟੀ ਵਾਂਗ ਉਸ ਨੂੰ ਮੁਸਲਿਮ ਸ਼ਰ੍ਹਾ ਦੀ ਮੁੱਢਲੀ ਸਿੱਖਿਆ ਦਿੱਤੀ। ਨੇੜੇ ਹੀ ਪ੍ਰਸਿੱਧ ਵਿਦਵਾਨ ਪੂਰਨ ਸੂਫ਼ੀ ਸੰਤ ਸਾਈਂ ਮੀਆਂ ਮੀਰ ਜੀ ਦਾ ਵੀ ਨਿਵਾਸ ਅਸਥਾਨ ਸੀ। ਉਚੇਰੀ ਸਿਖਿਆ ਵਾਸਤੇ ਉਸ ਨੂੰ ਉਸ ਕੋਲ ਪੜ੍ਹਨੇ ਲਾ ਦਿੱਤਾ ਗਿਆ। ਸਾਈਂ ਮੀਆਂ ਮੀਰ ਨੂੰ ਗੁਰੂ ਅਰਜਨ ਦੇਵ ਜੀ ਦਾ ਨੇੜਲਾ ਸਾਥੀ ਹੋਣ ਕਾਰਨ ਉਨ੍ਹਾਂ ਦੇ ਗ੍ਰੰਥ ਵਿਚਲੀ ਬਾਣੀ ਦੀਆਂ ਬਹੁਤ ਤੁਕਾਂ ਤੇ ਸ਼ਬਦ ਜ਼ਬਾਨੀ ਯਾਦ ਸਨ ਜੋ ਉਹ ਗਾਹੇ-ਬਗਾਹੇ ਆਪਣੇ ਵਿਦਿਆਰਥੀਆਂ ਨਾਲ ਵੀ ਸਾਂਝੇ ਕਰਦੇ ਰਹਿੰਦੇ ਸਨ। ਬੀਬੀ ਕੌਲਾਂ ਇਹ ਸ਼ਬਦ ਸੁਣ ਕੇ ਗੁਰੂ ਘਰ ਦੀ ਬਹੁਤ ਸ਼ਰਧਾਲੂ ਬਣ ਗਈ। ਉਹ ਇਸਲਾਮ ਧਰਮ ਦੀਆਂ ਪੋਥੀਆਂ ਦੇ ਨਾਲ ਨਾਲ ਹਿੰਦੂ ਧਰਮ ਦੇ ਸਾਹਿਤ ਵਿਚ ਵੀ ਵਿਸ਼ੇਸ਼ ਰੁਚੀ ਰੱਖਣ ਲੱਗੀ। ਇਸ ਦਾ ਝੁਕਾਓ ਹਿੰਦੂ ਧਰਮ ਵੱਲ ਉਲਾਰ ਹੋ ਗਿਆ। ਹੋਰ ਕਈ ਦਰਵੇਸ਼ਾਂ ਤੋਂ ਗੁਰੂ ਮਹਿਮਾ ਅਤੇ ਗੁਰੂ ਨਾਨਕ ਦੀ ਬਾਣੀ ਸੁਣ ਕੇ ਇਸ ਦੇ ਮਨ ਵਿਚ ਸਿੱਖੀ ਪ੍ਰਤੀ ਪ੍ਰੇਮ ਜਾਗ ਪਿਆ। ਉਸ ਨੂੰ ਗੁਰਬਾਣੀ ਨਾਲ ਅਥਾਹ ਪ੍ਰੇਮ ਹੋ ਗਿਆ ਤੇ ਬਹੁਤ ਸ਼ਬਦ ਉਸ ਨੇ ਜ਼ਬਾਨੀ ਯਾਦ ਕਰ ਲਏ। ਸਾਈਂ ਮੀਆਂ ਮੀਰ ਜੀ ਕੋਲ ਗੁਰੂ ਘਰ ਦੇ ਸਿੱਖ ਆਉਂਦੇ, ਮਿਲਦੇ, ਸਲਾਹ ਮਸ਼ਵਰਾ ਕਰਦੇ ਰਹਿੰਦੇ ਸਨ। ਇਸ ਤਰ੍ਹਾਂ ਬੀਬੀ ਕੌਲਾਂ ਨੂੰ ਸਾਈਂ ਮੀਆਂ ਮੀਰ ਦੀ ਸੰਗਤ ਕਰਦੇ ਹੋਏ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਉਹ ਉਨ੍ਹਾਂ ਦੀ ਸ਼ਖ਼ਸੀਅਤ ਤੋਂ ਏਨੀ ਪ੍ਰਭਾਵਿਤ ਹੋਈ ਕਿ ਅੰਦਰੇ ਅੰਦਰ ਉਨ੍ਹਾਂ ਨੂੰ ਦਿਲ ਦੇ ਬੈਠੀ ਜਾਂ ਦਿਲ ਖੋਹ ਬੈਠੀ।

ਆਪਣੇ ਘਰ ਜਾ ਕੇ ਬੀਬੀ ਕੌਲਾਂ ਦਿਨ ਰਾਤ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੁਖਮਨੀ ਸਾਹਿਬ ਗੁਣਗੁਣਾਉਂਦੀ ਰਹਿੰਦੀ ਸੀ। ਆਪਣੀ ਮੁਸਲਮਾਨ ਲੜਕੀ ਨੂੰ ਗੁਰਬਾਣੀ ਪੜ੍ਹਦੀ ਤੇ ਗੁਰੂ ਘਰ ਨਾਲ ਜੁੜਦੀ ਦੇਖ ਕੇ ਕਾਜ਼ੀ ਦੇ ਅੰਦਰ ਲਾਂਬੂ ਮੱਚ ਉੱਠੇ। ਉਸ ਨੇ ਗੁਰੂ ਹਰਗੋਬਿੰਦ ਸਾਹਿਬ ਨੂੰ ਰੋਕਣ, ਟੋਕਣ ਤੇ ਸਮਝਾਉਣ ਲਈ ਪੈੜ ਨੱਪਣੀ ਸ਼ੁਰੂ ਕਰ ਦਿੱਤੀ। ਕੌਲਾਂ ਨੂੰ ਉਸ ਪਾਸਿਉਂ ਮੋੜਨ ਦਾ ਯਤਨ ਕੀਤਾ ਪਰ ਉਹ ਆਪਣੇ ਆਸ਼ੇ ਤੋਂ ਨਹੀਂ ਥਿੜਕੀ। ਅਜੇਹੀ ਮਨੋਬਿਰਤੀ ਨੂੰ ਰੋਕਣ ਖ਼ਾਤਰ ਕਾਜ਼ੀ ਨੇ ਉਸ ਦਾ ਨਿਕਾਹ ਆਪਣੀ ਮੁਸਲਿਮ ਬਰਾਦਰੀ ਵਿਚ ਕਰਨਾ ਚਾਹਿਆ ਪਰ ਕੌਲਾਂ ਨੇ ਨਾਂਹ ਕਰ ਦਿੱਤੀ। ਉਸ ਨੂੰ ਘਰ ਅੰਦਰ ਬੰਦ ਕਰ ਦਿੱਤਾ ਗਿਆ। ਕਾਜ਼ੀ ਨੇ ਹੋਰ ਕਾਜ਼ੀਆਂ ਕੋਲ ਧਰਮ ਦਾ ਵਾਸਤਾ ਪਾਇਆ ਕਿ ਉਸ ਦੀ ਬੇਟੀ ਮੁਸਲਿਮ ਧਾਰਾ ਤੋਂ ਬਾਗ਼ੀ ਹੋ ਕੇ ਹਿੰਦੂ ਰੀਤੀ ਰਿਵਾਜ਼ਾਂ ਨੂੰ ਮੰਨਦੀ ਉਨ੍ਹਾਂ ਦੇ ਕਰੀਬ ਜਾ ਰਹੀ ਹੈ। ਧਰਮਾਂ ਦਾ ਟਕਰਾਅ ਤਾਂ ਮੁੱਢ ਕਦੀਮ ਤੋਂ ਹੀ ਹੁੰਦਾ ਆਇਆ ਹੈ ਤੇ ਮਨੁੱਖ ਨੇ ਆਪਣੇ ਨਿੱਜੀ ਜਾਤੀ ਸੁਆਰਥ ਖ਼ਾਤਰ ਧਰਮ ਨੂੰ ਹੀ ਅੱਗੇ ਡਾਹਿਆ ਹੈ। ਹਿੰਦੂ ਤੇ ਮੁਸਲਿਮ ਧਰਮ ਆਪੋ ਵਿਚ ਬਗ਼ਲਗੀਰ ਹੁੰਦੇ ਹੋਏ ਵੀ ਮੌਕਾ ਮਿਲਣ 'ਤੇ ਇਕ ਦੂਜੇ ਨੂੰ ਠਿੱਬੀ ਲਗਾਉਣ ਦੀ ਤਾਕ ਵਿਚ ਰਹੇ ਹਨ। ਕਾਜ਼ੀਆਂ ਦੇ ਮਨਾਉਣ 'ਤੇ ਵੀ ਕੌਲਾਂ ਨਹੀਂ ਡੋਲੀ। 'ਵਾਰਿਸ ਸ਼ਾਹ ਨਾ ਮੁੜਾਂਗੀ ਰਾਂਝਣੇ ਤੋਂ, ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ।' ਆਖ਼ਰ ਆਪਣੀ ਗੱਲ ਨਾ ਮੰਨਦੀ ਵੇਖ ਕੇ ਰੁਸਤਮ ਖ਼ਾਂ ਨੇ ਉਸ ਦਾ ਫਾਹਾ ਵੱਢਣ ਦੀ ਠਾਣ ਲਈ। ਕਾਜ਼ੀਆਂ ਨੇ ਕੌਲਾਂ ਨੂੰ ਸਿਰ ਕਲਮ ਕਰਨ ਦਾ ਧਾਰਮਿਕ ਫ਼ਤਵਾ ਸੁਣਾ ਦਿੱਤਾ।

ਇਹ ਭਿਣਕ ਸਾਈਂ ਮੀਆਂ ਮੀਰ ਜੀ ਦੇ ਕੰਨੀਂ ਜਾ ਪਈ। ਉਨ੍ਹਾਂ ਨੇ ਕਾਜ਼ੀਆਂ ਨੂੰ ਸਮਝਾਉਣ ਮਨਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਨਹੀਂ ਮੰਨੇ। ਇਹ ਹਿੰਦੂ ਤੇ ਇਸਲਾਮ ਧਰਮ ਦਾ ਬਖੇੜਾ ਸੀ। ਕੰਮ ਸਿਰੇ ਚੜ੍ਹਦਾ ਨਾ ਵੇਖ ਕੇ ਉਨ੍ਹਾਂ ਆਪਣੇ ਇਕ ਚੇਲੇ ਅਬਦੁੱਲਾ ਸ਼ਾਹ ਨਾਲ ਬੀਬੀ ਕੌਲਾਂ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸ਼ਰਨ ਵਿਚ ਭੇਜ ਦਿੱਤਾ। ਇਕ ਲਿਖਾਰੀ ਸੰਗਤ ਸਿੰਘ ਦੀ ਪੁਸਤਕ 'ਇਤਿਹਾਸ 'ਚ ਸਿੱਖ' ਅਨੁਸਾਰ ਕੌਲਾਂ, ਕੁਮਰਵਾ ਜਾਂ ਕਮਲਾ ਇਕ ਹਿੰਦੂ ਲੜਕੀ ਸੀ ਜਿਸ ਦੇ ਬਾਪ ਨੂੰ ਕਾਜ਼ੀ ਰੁਸਤਮ ਖ਼ਾਂ ਨੇ ਮਰਵਾ ਦਿੱਤਾ ਸੀ ਤੇ ਉਸ ਦੀ ਮਾਂ ਨਾਲ ਬੱਚੀ ਨੂੰ ਆਪਣੇ ਜ਼ਨਾਨਖ਼ਾਨੇ ਵਿਚ ਰੱਖ ਲਿਆ ਸੀ। ਕੌਲਾਂ ਤੇ ਉਸ ਦੀ ਮਾਂ ਦੋਵੇਂ ਹਜ਼ਰਤ ਮੀਆਂ ਮੀਰ ਦੇ ਅਨੁਆਈ ਸਨ। ਕੌਲਾਂ ਜਵਾਨ ਹੋਈ ਤਾਂ ਕਾਜ਼ੀ ਦਾ ਦਿਲ ਉਸ 'ਤੇ ਬੇਈਮਾਨ ਹੋ ਗਿਆ। ਮਾਂ ਨੇ ਮੀਆਂ ਮੀਰ ਕੋਲ ਗੱਲ ਕੀਤੀ ਤਾਂ ਉਨ੍ਹਾਂ ਆਪਣੇ ਚੇਲੇ ਨਾਲ 21 ਮਈ 1621 ਨੂੰ ਗੁਰੂ ਹਰਗੋਬਿੰਦ ਕੋਲ ਭੇਜ ਦਿੱਤਾ।

ਗੁਰੂ ਹਰਗੋਬਿੰਦ ਸਾਹਿਬ ਨੇ ਗੁਰੂ ਘਰ ਵੱਲ ਬੀਬੀ ਕੌਲਾਂ ਦਾ ਪੂਰਨ ਪ੍ਰੇਮ ਵੇਖਦੇ ਹੋਏ ਉਸ ਨੂੰ ਅੰਮ੍ਰਿਤਸਰ ਪਹੁੰਚਾ ਦਿੱਤਾ। ਉਸ ਅਸਥਾਨ ਦਾ ਪੁਰਾਤਨ ਨਾਮ ਫੁੱਲਾ ਦੀ ਢਾਬ ਸੀ, ਹੁਣ ਵੀ ਹੈ।



*ਬੀਬੀ ਕੌਲਾਂ ਜੀ।*

ਇੱਥੇ ਬੀਬੀ ਕੌਲਾਂ ਦਾ ਨਿਵਾਸ ਕਰਾਇਆ ਗਿਆ। ਇਕ ਦਿਨ ਬੀਬੀ ਨੇ ਗੁਰੂ ਜੀ ਅੱਗੇ ਵੰਸ਼ ਨਿਸ਼ਾਨ ਪੁੱਤਰ ਦਾ ਸੰਕਲਪ ਕੀਤਾ। ਬੀਬੀ ਦੀ ਇਸ ਚੇਸ਼ਟਾ ਨੂੰ ਗੁਰੂ ਜੀ ਨੇ ਆਪਣੀ ਬਖ਼ਸ਼ੀਸ਼ ਦੁਆਰਾ ਗਿਆਨ ਦੇ ਕੇ ਮਿਟਾ ਦਿੱਤਾ। ਉਨ੍ਹਾਂ ਵਰ ਦਿੱਤਾ ਕਿ ਅਸੀਂ ਤੁਹਾਨੂੰ ਐਸਾ ਪੁੱਤਰ ਬਖਸ਼ਾਂਗੇ ਜਿਸ ਨਾਲ ਤੁਹਾਡਾ ਨਾਮ ਜਗਤ ਵਿਚ ਅਮਰ ਰਹੇਗਾ। ਗੁਰੂ ਜੀ ਨੇ ਕੌਲਾਂ ਜੀ ਦੇ ਨਾਮ 'ਤੇ ਇਕ ਸੁੰਦਰ ਸਰੋਵਰ ਬਣਾਉਣ ਦਾ ਕੰਮ ਆਪਣੇ ਸੁਹਿਰਦ ਪ੍ਰੇਮੀ ਪੈਂਦੇ ਖ਼ਾਂ ਦੇ ਸਪੁਰਦ ਕੀਤਾ। ਉਨ੍ਹਾਂ ਕੌਲਾ ਨੂੰ ਕਿਹਾ ਕਿ ਇਸ ਸਰੋਵਰ ਦਾ ਨਾਮ ਕੌਲ-ਸਰ ਰੱਖਿਆ ਜਾਵੇਗਾ, ਤੁਸੀਂ ਇਸੇ ਨੂੰ ਆਪਣਾ ਪੁੱਤਰ ਸਮਝੋ। ਇਹ ਸਰੋਵਰ 1624 ਈ. ਤੋਂ 1627 ਈ. ਤੱਕ ਬਾਬਾ ਬੁੱਢਾ ਜੀ ਨੇ ਆਪਣੀ ਨਿਗਰਾਨੀ ਹੇਠ ਤਿਆਰ ਕਰਵਾਇਆ। ਅੰਮ੍ਰਿਤਸਰ ਹਰਿਮੰਦਰ ਸਾਹਿਬ ਦੇ ਦੱਖਣ ਦੀ ਬਾਹੀ ਨੇੜੇ ਦੂਰੋਂ ਦਿਖਾਈ ਦਿੰਦਾ ਇਕ ਛੇ ਮੰਜ਼ਿਲਾ ਗੁਰਦੁਆਰੇ ਦੇ ਨਾਲ ਸਰੋਵਰ ਕੌਲ ਸਰ ਬੀਬੀ ਕੌਲਾਂ ਦੀ ਯਾਦ ਨੂੰ ਸਮਰਪਿਤ ਹੈ। ਗੁਰੂ ਜੀ ਨੇ ਸ਼ਰਧਾਲੂ ਸਿੱਖਾਂ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਰੋਵਰ ਵਿਚ ਇਸ਼ਨਾਨ ਕਰਨ ਤੋਂ ਪਹਿਲਾ ਇਸ ਸਰੋਵਰ ਵਿਚ ਇਸ਼ਨਾਨ ਕਰਨ ਦਾ ਹੁਕਮ ਦਿੱਤਾ। ਗੁਰੂ ਘਰ ਦੀ ਪਿਰਤ, ਆਪਣੇ ਭਗਤਾਂ ਅਤੇ ਹੁਕਮ ਮੰਨਣ ਵਾਲਿਆਂ ਨੂੰ ਵੱਧ ਤੋਂ ਵੱਧ ਵਡਿਆਈ ਦੇਣ ਦੇ ਸੰਕਲਪ ਵਜੋਂ ਇਹ ਯਾਦਗਾਰ ਸਥਾਪਿਤ ਕਰਵਾ ਕੇ ਉਸ ਦਾ ਨਾਂ ਹਮੇਸ਼ਾ ਵਾਸਤੇ ਅਮਰ ਕਰ ਦਿੱਤਾ। ਗੁਰੂ ਜੀ ਨੇ ਕੁੱਝ ਅਰਸੇ ਬਾਅਦ ਬੀਬੀ ਕੌਲਾਂ ਨੂੰ ਕਰਤਾਰਪੁਰ ਭੇਜ ਦਿੱਤਾ। ਇੱਥੇ ਬੀਬੀ ਕੌਲਾਂ ਨੇ ਆਪਣਾ ਬਾਕੀ ਜੀਵਨ ਸਿੱਖੀ ਅਸੂਲਾਂ ਨੂੰ ਸਮਰਪਿਤ ਨਾਮ ਅਭਿਆਸ ਜਾਪ ਤਪ ਕਰਦੇ ਹੋਏ ਬਿਤਾਇਆ।

ਕਰਤਾਰਪੁਰ ਜਲੰਧਰ ਵਿਖੇ ਆਪਣਾ ਅੰਤਿਮ ਸਮਾਂ ਨੇੜੇ ਜਾਣ ਕੇ ਉਨ੍ਹਾਂ ਗੁਰੂ ਜੀ ਨੂੰ ਸੁਨੇਹਾ ਭੇਜਿਆ। ਛੇਵੇਂ ਗੁਰੂ ਹਰਗੋਬਿੰਦ ਸਾਹਿਬ ਸੰਗਤਾਂ ਸਮੇਤ ਕਰਤਾਰਪੁਰ ਪੁੱਜੇ। ਸਵੇਰੇ ਸ਼ਾਮ ਕੀਰਤਨ ਦੇ ਦੀਵਾਨ ਸਜਣ ਲੱਗੇ। ਸੰਮਤ 1679 (1629 ਈ.) ਨੂੰ ਕੌਲਾਂ ਜੀ ਨਾਮ ਸਿਮਰਨ, ਬੰਦਗੀ ਕਰਦੇ ਹੋਏ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਛੇਵੇਂ ਪਾਤਸ਼ਾਹ ਜੀ ਨੇ ਕੌਲਾਂ ਜੀ ਨੂੰ ਗੁਰੂ ਘਰ ਦਾ ਸੇਵਕ ਜਾਣਦੇ ਹੋਏ ਆਪਣੇ ਕੀਤੇ ਕੌਲ ਇਕਰਾਰ ਅਨੁਸਾਰ ਉਨ੍ਹਾਂ ਦਾ ਅਖੀਰਲਾ ਸਮਾਂ ਆਪ ਸੰਭਾਲਿਆ। ਕਰਤਾਰਪੁਰ ਵਿਖੇ ਉਨ੍ਹਾਂ ਦੀ ਸਮਾਧ ਮੌਜੂਦ ਦੱਸੀ ਜਾਂਦੀ ਹੈ ਜਿਸ ਦਾ ਪ੍ਰਬੰਧ ਸੋਢੀ ਖ਼ਾਨਦਾਨ ਦੇ ਕੋਲ ਹੈ। ਅੰਮ੍ਰਿਤਸਰ ਹਰਿਮੰਦਰ ਸਾਹਿਬ ਦੇ ਨਜ਼ਦੀਕ ਪਹਾੜ ਦੀ ਬਾਹੀ ਇਕ 'ਕੌਲ ਸਰ' ਗੁਰਦੁਆਰਾ ਅਤੇ ਸਰੋਵਰ ਮਾਤਾ ਕੌਲਾਂ ਦੀ ਯਾਦ ਦਿਵਾਉਂਦਾ ਹੈ।

ਗੁਰੂ ਅਰਜਨ ਦੇਵ ਜੀ ਦੇ ਜ਼ਮਾਨੇ ਤੱਕ ਹਿੰਦੂ ਅਤੇ ਮੁਸਲਮਾਨ ਇਕੱਠੇ ਰਲ ਮਿਲ ਕੇ ਰਹਿੰਦੇ ਸਨ। ਉਨ੍ਹਾਂ ਦੇ ਇਕੱਠੇ ਹੀ ਮੰਦਰ, ਠਾਕੁਰ ਦੁਆਰੇ ਤੇ ਪੂਜਾ ਸਥਾਨ ਸਨ। ਹਜ਼ਰਤ ਸਾਈਂ ਮੀਆਂ ਮੀਰ ਤੇ ਅਰਜਨ ਦੇਵ ਗੁਰੂ ਜੀ ਦੀ ਦੋਸਤੀ ਸੀ। ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ ਸਾਰਿਆਂ ਨੂੰ ਕਿਸੇ ਕਿਸਮ ਦੇ ਧਰਮ, ਅਧਰਮ ਦਾ ਕੋਈ ਨਿੰਦ ਵਿਚਾਰ ਨਹੀਂ ਸੀ। ਉਹ ਅਰਜਨ ਦੇਵ ਜੀ ਨੂੰ ਹਿੰਦੂ ਕਹਿੰਦੇ ਸਨ ਇਹ ਉਨ੍ਹਾਂ ਨੂੰ ਮੀਆਂ ਕਹਿ ਕੇ ਨਿਵਾਜਦੇ ਸਨ। ਗੁਰੂ ਤੇਗ ਬਹਾਦਰ ਨੂੰ ਅਸੀਂ ਆਪ 'ਹਿੰਦ ਦੀ ਚਾਦਰ' ਕਹਿੰਦੇ ਹਾਂ। ਮੁਜੰਗ ਗੁਰਦੁਆਰੇ ਵਾਲੀ ਸੜਕ ਦਾ ਨਾਮ ਟੈਂਪਲ ਰੋਡ ਹੈ। ਇਸੇ ਗੁਰਦੁਆਰੇ ਦੇ ਨਾਂ 'ਤੇ ਹੀ ਜਦੋਂ ਇਹ ਸੜਕ ਬਣੀ ਸੀ, ਉਦੋਂ ਤੋਂ ਹੀ ਗੁਰਦੁਆਰਾ ਨਹੀਂ ਇਸ ਨੂੰ ਟੈਂਪਲ ਕਿਹਾ ਜਾਂਦਾ ਹੈ। ਟੈਂਪਲ ਹਿੰਦੂਆਂ ਦੇ ਧਾਰਮਿਕ ਸਥਾਨ ਨੂੰ ਕਹਿੰਦੇ ਹਨ। ਸਾਈਂ ਮੀਆਂ ਮੀਰ ਨੇ ਅੰਮ੍ਰਿਤਸਰ ਦਰਬਾਰ ਸਾਹਿਬ ਦੀ ਨੀਂਹ ਰੱਖੀ। ਉਸ ਨੂੰ ਗੋਲਡਨ ਟੈਂਪਲ ਕਿਹਾ। ਇਸ ਦਾ ਨਾਂ ਗੋਲਡਨ ਗੁਰਦੁਆਰਾ ਨਹੀਂ ਰੱਖਿਆ ਗਿਆ। ਅੱਜਕੱਲ੍ਹ ਕੁੱਝ ਸੁਆਰਥੀ ਲੋਕਾਂ ਨੇ ਧਰਮ ਦੇ ਬਖੇੜੇ ਖੜ੍ਹੇ ਕਰ ਕੇ ਭਰਾਵਾਂ ਭਰਾਵਾਂ ਵਿਚ ਵੰਡੀਆਂ ਪਾ ਕੇ ਇਨ੍ਹਾਂ ਨੂੰ ਦੂਰ ਕਰ ਦਿੱਤਾ ਹੈ। ਅਸਲ ਵਿਚ ਇਹ ਜਨਤਾ ਦਾ ਕੰਮ ਨਹੀਂ। ਇਹ ਸਾਰਾ ਰਾਜਨੀਤੀ ਦਾ ਹੀ ਬਖੇੜਾ ਹੈ, ਜਿਸ ਨੇ ਧਰਮ ਦਾ ਪੱਤਾ ਖੇਡ ਕੇ ਭਾਈਆਂ ਨੂੰ ਵੰਡ ਦਿੱਤਾ।

ਅਸੀਂ ਮੁਜੰਗ ਮਹੱਲਾ ਦੇ ਟੈਂਪਲ ਰੋਡ 'ਤੇ ਗੁਰਦੁਆਰਾ ਸਾਹਿਬ ਪਹੁੰਚ ਕੇ ਸ਼ਰਧਾ ਨਾਲ ਨਤਮਸਤਕ ਕੀਤਾ। ਬਹੁਤ ਰੌਣਕ ਵਾਲੇ ਬਾਜ਼ਾਰ ਵਿਚੋਂ ਦਸ ਕੁ ਪੌੜੀਆਂ ਉੱਪਰ ਚੜ੍ਹ ਕੇ ਇਕ ਦਰਵਾਜ਼ਾ ਹੈ। ਅੰਦਰ ਵੜ ਕੇ ਖੁੱਲ੍ਹਾ ਵਿਹੜਾ, ਨਿਸ਼ਾਨ ਸਾਹਿਬ ਤੇ ਦੋ-ਚਾਰ ਲੰਗਰ ਛਕਦੇ ਲੋਕ ਇਸ ਗੱਲ ਦੀ ਸ਼ਾਹਦੀ ਭਰਦੇ ਹਨ ਕਿ ਇਹ ਸਾਡੇ ਗੁਰੂ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਹੈ। ਦੋ ਮੰਜ਼ਲੀ ਇਮਾਰਤ ਦੀ ਹਾਲਤ ਬਹੁਤੀ ਤੰਦਰੁਸਤ ਨਹੀਂ ਜਾਪੀ। ਉੱਪਰ ਜਾਣ ਵਾਲੀਆਂ ਬਾਹਰਲੀਆਂ ਪੌੜੀਆਂ ਟੁੱਟ ਭੱਜ ਕੇ ਝੜਨ ਲੱਗੀਆਂ ਹਨ ਤੇ ਵਰਤਣ ਦੇ ਕਾਬਲ ਨਹੀਂ ਜਾਪਦੀਆਂ। ਉੱਪਰ ਜਾਣ ਵਾਸਤੇ ਲੱਕੜ ਦੀ ਖੜ੍ਹੀ ਪੌੜੀ ਇਸ ਤੱਥ ਦੀ ਗਵਾਹੀ ਭਰਦੀ ਹੈ। ਦਰਬਾਰ ਹਾਲ ਅੰਦਰ ਥੜ੍ਹਾ ਸਾਹਿਬ 'ਤੇ ਚਟੱਈ ਵਿਛਾਈ ਹੋਈ ਹੈ। ਉੱਪਰ ਕੁੱਝ ਤਾਜ਼ਾ ਫੁੱਲ ਪਏ ਹਨ। ਸਾਹਮਣੇ ਗੋਲਕ ਪਿਆ ਹੈ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਕੀਤਾ ਗਿਆ। ਇੱਥੇ ਕੋਈ ਸਿੱਖ ਸਰਦਾਰ ਸੇਵਾਦਾਰ ਹਾਜ਼ਰ ਨਹੀਂ ਜਾਪਦਾ। ਮੁਸਲਿਮ ਸੇਵਾਦਾਰ ਨੇ ਦੱਸਿਆ ਕਿ ਇੱਥੇ ਪ੍ਰਕਾਸ਼ ਕੇਵਲ ਦੀਵਾਲੀ, ਵਿਸਾਖੀ ਜਾਂ ਹੋਰ ਦਿਨ ਦਿਆਰਾਂ ਨੂੰ ਕੀਤਾ ਜਾਂਦਾ ਹੈ। ਸਿਰ 'ਤੇ ਪਟਕਾ ਬੰਨ੍ਹੀਂ ਇਸ ਸੇਵਾਦਾਰ ਨੇ ਮਾਤਾ ਕੌਲਾਂ ਬਾਰੇ ਇਤਿਹਾਸ ਦਾ ਹਵਾਲਾ ਦੇਂਦੇ ਸਮੇਂ ਕੁੱਝ ਝਿਜਕ ਜਿਹੀ ਮਹਿਸੂਸ ਕੀਤੀ। ਉਸ ਦੀ ਜ਼ਬਾਨ ਥਿੜਕਾਉਣ ਤੋਂ ਅਸੀਂ ਸਮਝ ਗਏ ਕਿ ਇਹ ਉਹ ਕਹਾਣੀ ਬੋਲਣਾ ਨਹੀਂ ਚਾਹੁੰਦਾ ਜੋ ਇਸ ਦੇ ਅੰਦਰ ਕਲਵਲ ਕਰ ਰਹੀ ਹੈ।

ਗੁਰਬਿਲਾਸ ਪਾਤਸ਼ਾਹੀ ਛੇ ਦੇ ਕਰਤਾ ਸੰਗਤ ਸਿੰਘ ਮੁਤਾਬਿਕ ਗੁਰੂ ਹਰਗੋਬਿੰਦ ਸਾਹਿਬ ਬੀਬੀ ਕੌਲਾਂ ਨੂੰ ਘੋੜੇ 'ਤੇ ਚੜ੍ਹਾ ਕੇ ਅੰਮ੍ਰਿਤਸਰ ਲਿਆਏ ਸਨ। ਗੁਰਬਿਲਾਸ ਦੇ ਕਰਤਾ ਵੱਲੋਂ ਤਾਂ ਕੌਲਾਂ ਨੂੰ ਗਰਲ ਫਰੈਂਡ ਬਣਾ ਕੇ ਪੇਸ਼ ਕੀਤਾ ਗਿਆ ਹੈ। ਪਰ ਇਹ ਤੱਥ ਮੰਨਣਯੋਗ ਨਾ ਹੋਣ ਕਾਰਨ ਇਹ ਕਿਤਾਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਮਨਜ਼ੂਰ ਕਰ ਦਿੱਤੀ ਗਈ ਸੀ। ਕੌਲਾਂ ਦੇ ਬਾਪ ਕਾਜ਼ੀ ਨੇ ਇਕ ਲੰਗੜਾ ਘੋੜਾ ਗੁਰੂ ਜੀ ਨੂੰ ਭੇਟ ਕਰ ਦਿੱਤਾ। ਗੁਰੂ ਜੀ ਦੇ ਸਿੰਘਾਂ ਨੇ ਇਸ ਦੀ ਟਹਿਲ ਸੇਵਾ ਕਰ ਕੇ ਇਸ ਨੂੰ ਠੀਕ ਕਰ ਦਿੱਤਾ। ਗੁਰੂ ਜੀ ਘੋੜੇ ਉੱਪਰ ਹੱਥ ਫੇਰਦੇ ਬਹੁਤ ਪਿਆਰ ਕਰਦੇ ਸਨ। ਘੋੜਾ ਵੀ ਉਨ੍ਹਾਂ ਨੂੰ ਬਹੁਤ ਪਿਆਰ ਕਰਨ ਲੱਗਾ। ਘੋੜਾ ਤੰਦਰੁਸਤ ਤੇ ਚੁਸਤ ਚੁਕੰਨਾ ਵੇਖ ਕੇ ਕਾਜ਼ੀ ਰੁਸਤਮ ਖ਼ਾਂ ਬੇਈਮਾਨ ਹੋ ਗਿਆ। ਉਸ ਨੇ ਗੁਰੂ ਜੀ ਨੂੰ ਘੋੜਾ ਵਾਪਸ ਕਰਨ ਜਾਂ ਵੀਹ ਹਜ਼ਾਰ ਰੁਪਏ ਦੇਣ ਲਈ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਇਹ ਘੋੜਾ ਕਿਸੇ ਕੀਮਤ 'ਤੇ ਵੀ ਮੋੜਨ ਤੋਂ ਨਾਂਹ ਕਰ ਦਿੱਤੀ। ਤੂੰ ਤੂੰ ਮੈਂ ਮੈਂ ਵਿਚ ਗੱਲ ਬਹੁਤ ਵਧ ਗਈ। ਕਾਜ਼ੀ ਨੇ ਆਪਣੇ ਰੋਹਬ ਤੇ ਹੈਂਕੜ ਵਿਚ ਕਿਹਾ ਕਿ ਹੁਣ ਮੈਂ ਜਵਾਈ ਬਣ ਕੇ ਘੋੜਾ ਲਵਾਂਗਾ ਜਾਂ ਵੀਹ ਹਜ਼ਾਰ ਰੁਪੈ ਲਵਾਂਗਾ। ਉਸ ਦੇ ਅਪਸ਼ਬਦਾਂ 'ਤੇ ਗੁਰੂ ਜੀ ਬਹੁਤ ਨਾਰਾਜ਼ ਹੋਏ। ਉਨ੍ਹਾਂ ਉਸ ਦੀ ਵੰਗਾਰ ਮਨਜ਼ੂਰ ਕਰਦਿਆਂ ਕਿਹਾ ਕਿ ਜਵਾਈ ਕੌਣ ਬਣੇਗਾ, ਇਹ ਤਾਂ ਸਮਾਂ ਦੱਸੇਗਾ! ਕਾਜ਼ੀ ਨੂੰ ਆਪਣਾ ਅੰਦਰਲਾ ਪਾਲ਼ਾ ਔਹੜ ਗਿਆ। ਉਸ ਨੇ ਆਪਣੀ ਗੁਰੂ ਘਰ ਦੀ ਪ੍ਰੇਮਣ ਪੁੱਤਰੀ ਨੂੰ ਗੁਰੂ ਘਰੋਂ ਰੋਕਣ ਦਾ ਯਤਨ ਕੀਤਾ। ਉਸ ਨੂੰ ਮਾਰਿਆ ਕੁੱਟਿਆ ਗਿਆ ਪਰ ਉਹ ਨਹੀਂ ਰੁਕੀ। ਇਸ 'ਤੇ ਕਾਜ਼ੀ ਨੇ ਉਸ ਨੂੰ ਮਾਰਨ ਦਾ ਮਨਸੂਬਾ ਬਣਾ ਲਿਆ। ਕੌਲਾਂ ਦੀ ਜਾਨ ਨੂੰ ਖ਼ਤਰਾ ਪੈਦਾ ਹੋ ਗਿਆ। ਸਾਈਂ ਮੀਆਂ ਮੀਰ ਦੀ ਸਿਫ਼ਾਰਸ਼ 'ਤੇ ਗੁਰੂ ਜੀ ਕਾਜ਼ੀ ਦੀ ਪੁੱਤਰੀ ਬੀਬੀ ਕੌਲਾਂ ਦੀ ਜਾਨ ਬਚਾਉਣ ਖ਼ਾਤਰ ਉਸ ਨੂੰ ਉਸੇ ਘੋੜੇ 'ਤੇ ਚੜ੍ਹਾ ਕੇ ਤੁਰ ਪਏ। ਰਸਤੇ ਵਿਚ ਪਿੰਡ ਮਾਂਗਟ ਜੋ ਹੁਣ ਲਾਹੌਰ ਰੇਲਵੇ ਸਟੇਸ਼ਨ ਦੇ ਨਜ਼ਦੀਕ ਹੈ, ਉਨ੍ਹਾਂ ਪਹਿਲਾ ਵਿਸ਼ਰਾਮ ਕੀਤਾ। ਇੱਥੇ ਪਹਿਲਾਂ ਇਕ ਸੁੰਦਰ ਗੁਰਦੁਆਰਾ ਬਣਾਇਆ ਗਿਆ ਸੀ ਪਰ 1947 ਦੇ ਲੋਕ ਉਜਾੜੇ ਨੇ ਇਸ ਪਿੰਡ ਸਮੇਤ ਗੁਰਦੁਆਰੇ ਨੂੰ ਖੰਡਰ ਬਣਾ ਦਿੱਤਾ। ਇੱਥੇ ਜਾਬਰ ਲੋਕਾਂ ਨੇ ਇਸ ਥਾਂ ਨੂੰ 'ਸ਼ਾਨੇ ਇਸਲਾਮ' ਨਾਂ ਦੀ ਮਸੀਤ ਵਿਚ ਬਦਲ ਦਿੱਤਾ। ਪਹਿਲਾਂ ਇਹ ਥਾਣਾ ਮੁਜੰਗ ਦੇ ਕੰਟਰੋਲ ਅਧੀਨ ਸੀ। ਹੁਣ ਇਹ ਗੁਲਬਰਗ ਥਾਣਾ ਵਿਚ ਪੈਂਦਾ ਹੈ।

ਥੋੜ੍ਹੀ ਦੇਰ ਰੁਕ ਕੇ ਉਹ ਪਿੰਡ ਝੱਲੀ, ਹਡਿਆਰਾ, ਰਾਮਪੁਰ ਤੋਂ ਹੁੰਦੇ ਹੋਏ ਅੰਮ੍ਰਿਤਸਰ ਜ਼ਿਲ੍ਹੇ ਦੇ ਮਾਦੋਕੇ ਬਰਾੜ ਪਿੰਡ ਵਿਚ ਪਹੁੰਚੇ। ਸੰਗਤਾਂ ਦੇ ਕਹਿਣ 'ਤੇ ਉਹ ਇਕ ਰਾਤ ਤੇ ਇਕ ਦਿਨ ਇੱਥੇ ਠਹਿਰੇ। ਅਗਲੇ ਦਿਨ ਅੰਮ੍ਰਿਤਸਰ ਨਗਰੀ ਵਿਚ ਪਹੁੰਚ ਗਏ। ਉੱਥੇ ਪਹੁੰਚ ਕੇ ਉਨ੍ਹਾਂ ਦੋਹਾਂ ਨੇ ਇਕ ਮੌਸਮੀ ਛਪੜੀ ਦੇ ਪਾਣੀ ਵਿਚ ਇਸ਼ਨਾਨ ਕੀਤਾ ਜੋ ਪਸ਼ੂਆਂ ਵੱਲੋਂ ਪੀਣ ਤੇ ਨਹਾਉਣ ਕਾਰਨ ਗੰਧਲਾ ਹੋਇਆ ਪਿਆ ਸੀ। ਉਨ੍ਹਾਂ ਦਾ ਥਕੇਵਾਂ ਲੱਥ ਗਿਆ ਤੇ ਉਹ ਨੌਂ-ਬਰ-ਨੌਂ ਹੋ ਗਏ। ਗੁਰੂ ਜੀ ਨੇ ਵਰ ਦਿੱਤਾ ਕਿ ਇਸ ਛਪੜੀ ਦਾ ਪਾਣੀ ਹੁਣ ਪਵਿੱਤਰ ਤੇ ਉੱਤਮ ਹੋ ਗਿਆ ਹੈ। ਇੱਥੇ ਜੋ ਵੀ ਸ਼ਰਧਾ ਮੁਤਾਬਿਕ ਨਹਾਏਗਾ, ਉਸ ਦੇ ਸਭ ਦੁੱਖ ਦਲਿੱਦਰ ਦੂਰ ਹੋ ਜਾਣਗੇ। ਇਹ ਉਹੀ ਸਰੋਵਰ ਹੈ ਜੋ ਅੱਜ-ਕੱਲ੍ਹ ਕੌਲ ਸਰ ਦੇ ਨਾਂ ਨਾਲ ਜਾਣਿਆ ਤੇ ਪੂਜਿਆ ਜਾਂਦਾ ਹੈ।

ਇਕ ਅੰਗਰੇਜ਼ ਖੋਜੀ ਇਤਿਹਾਸਕਾਰ ਮੈਕਾਲਿਫ ਅਨੁਸਾਰ ਕਾਜ਼ੀ ਰੁਸਤਮ ਖ਼ਾਂ ਨੂੰ ਜਦੋਂ ਇਹ ਪਤਾ ਲੱਗਾ ਕਿ ਹਰਗੋਬਿੰਦ ਘੋੜਾ ਲੈ ਕੇ ਅੰਮ੍ਰਿਤਸਰ ਚਲਾ ਗਿਆ ਹੈ ਤਾਂ ਉਸ ਨੇ ਘੋੜਾ ਜਾਂ ਦਸ ਹਜ਼ਾਰ ਲੈਣ ਵਾਸਤੇ ਉਸ ਦਾ ਪਿੱਛਾ ਕੀਤਾ। ਇਹ ਕਹਾਣੀ ਵੀ ਲੇਖਕ ਦੀ ਮਨਘੜਤ ਧਾਰਨਾ 'ਤੇ ਨਿਰਭਰ ਜਾਪਦੀ ਹੈ। ਅੰਮ੍ਰਿਤਸਰ ਪਹੁੰਚ ਕੇ ਰੁਸਤਮ ਖ਼ਾਂ ਤੇ ਉਸ ਦੇ ਸਾਥੀਆਂ ਨੇ ਹਰਗੋਬਿੰਦ ਨੂੰ ਭਾਲਣ ਦੀ ਸੂਹੀਆ ਕੋਸ਼ਿਸ਼ ਕੀਤੀ ਤੇ ਘੋੜੇ ਦੀ ਖ਼ਬਰ ਵਾਸਤੇ ਤਬੇਲਿਆਂ ਦੀ ਛਾਣਬੀਣ ਵੀ ਕੀਤੀ। ਅੰਮ੍ਰਿਤਸਰ ਗੁਰੂ ਘਰ ਵਿਚੋਂ ਲੰਗਰ ਛਕਣ ਦੇ ਬਹਾਨੇ ਉਸ ਦੀਆਂ ਨਜ਼ਰਾਂ ਆਪਣਾ ਸ਼ਿਕਾਰ ਟੋਲਦੀਆਂ ਰਹੀਆਂ। ਲੰਗਰ ਛਕਣ ਸਮੇਂ ਦੀ ਖੋਜ ਨੇ ਉਸ ਨੂੰ ਚੌਕਾ ਦਿੱਤਾ। ਉਸ ਦੇ ਲੂੰ ਕੰਡੇ ਖੜ੍ਹੇ ਹੋ ਗਏ ਜਾਂ ਸੂਹੀਏ ਨੇ ਦੱਸਿਆ ਕਿ ਗੁਰੂ ਕੇਵਲ ਘੋੜਾ ਲੈ ਕੇ ਹੀ ਨਹੀਂ ਆਏ ਸਗੋਂ ਇਕ ਵਛੇਰੀ ਯਾਨੀ ਕਿ ਇਕ ਨੌਜੁਆਨ ਸੁੰਦਰ ਲੜਕੀ ਵੀ ਨਾਲ ਲਿਆਏ ਹਨ। ਰੁਸਤਮ ਨੂੰ ਆਪਣਾ ਘੋੜਾ ਭੁੱਲ ਗਿਆ। ਉਸ ਨੂੰ ਆਪਣਾ ਅੰਦਰਲਾ ਪਾਲਾ ਸੁੱਝ ਗਿਆ। ਉਸ ਦਾ ਖ਼ਦਸ਼ਾ ਠੀਕ ਨਿਕਲਿਆ ਕਿ ਇਹ ਉਸ ਦੀ ਆਪਣੀ ਹੀ ਬੇਟੀ ਕੌਲਾਂ ਸੀ। ਉਸ ਨੂੰ ਸਾਰੀ ਰਾਤ ਨੀਂਦ ਨਹੀਂ ਆਈ। ਤਾਰੇ ਗਿਣ-ਗਿਣ ਬੜੀ ਮੁਸ਼ਕਲ ਨਾਲ ਉਸ ਨੇ ਰਾਤ ਲੰਘਾਈ। ਅਗਲੀ ਸਵੇਰ ਉਹ ਤੜਕੇ ਹੀ ਨਿਕਲ ਤੁਰਿਆ। ਗੁਰੂ ਘਰ ਵਿਚ ਉਹ ਆਪਣੀ ਬੇਟੀ ਨੂੰ ਢੂੰਡਣ ਤੇ ਮਿਲਣ ਲਈ ਕਾਮਯਾਬ ਹੋ ਗਿਆ। ਉਹ ਗੁਰੂ ਘਰ ਵਿਚ ਸ਼ਰਧਾ ਸਤਿਕਾਰ ਨਾਲ ਪਾਠ ਸਰਵਣ ਕਰ ਰਹੀ ਸੀ। ਕੌਲਾਂ ਨੂੰ ਕਈ ਕਿਸਮ ਦੇ ਲਾਲਚ ਦੇ ਕੇ ਉਸ ਨੇ ਪਿੱਛੇ ਮੁੜਨ ਲਈ ਹੱਥ ਬੰਨ੍ਹੇ, ਅਰਜ਼ੋਈਆਂ ਕੀਤੀਆਂ ਪਰ ਉਹ ਨਹੀਂ ਮੰਨੀ। ਉਸ ਨੇ ਸਾਫ਼ ਸ਼ਬਦਾਂ ਵਿਚ ਕਹਿ ਦਿੱਤਾ ਕਿ ਮੈਨੂੰ ਮੇਰਾ ਆਪਣਾ ਗੁਰੂ ਮਿਲ ਗਿਆ ਹੈ ਤੇ ਇੱਥੇ ਉਸ ਦੇ ਚਰਨਾਂ ਵਿਚ ਹੀ ਜੀਵੇਗੀ ਤੇ ਉਸ ਦੇ ਚਰਨਾਂ ਵਿਚ ਹੀ ਮਰੇਗੀ।

ਕੌਲਾਂ ਸਿੱਖ ਇਤਿਹਾਸ ਦੇ ਖ਼ੇਮਿਆਂ ਵਿਚ ਬਹੁਤ ਰਹੱਸਪੂਰਨ ਤੇ ਵਿਵਾਦਪੂਰਵਕ ਮੂਰਤ ਬਣੀ ਹੋਈ ਹੈ। ਵੱਖੋ-ਵੱਖ ਵਿਦਵਾਨਾਂ ਦੇ ਮੱਤ ਭਿੰਨ-ਭਿੰਨ ਹਨ। ਮਾਤਾ ਸ਼ਬਦ ਦੀ ਵਰਤੋਂ ਕੇਵਲ ਗੁਰੂ ਦੇ ਮਹਿਲਾਂ ਨਾਲ ਹੀ ਹੁੰਦੀ ਹੈ। ਕੁੱਝ ਵਿਦਵਾਨ ਕੌਲਾਂ ਦੇ ਨਾਲ ਮਾਤਾ ਲਿਖਣਾ ਗੁਰੂ ਘਰ ਦੀ ਮਰਯਾਦਾ ਦੇ ਵਿਪਰੀਤ ਤੇ ਤੌਹੀਨ ਬਰਾਬਰ ਸਮਝਦੇ ਹਨ।

## ਜਰਨੈਲ ਨੂੰ ਸਿਜਦਾ ਕਰਦਿਆਂ

*(ਪਿਛਲੇ ਸਫੇ ਦਾ ਬਾਕੀ)*

ਨਕਸ਼ੇ ਕਦਮ 'ਤੇ ਚੱਲਣ ਲਈ ਮਿਹਨਤ ਕਰ ਰਹੇ ਨੇ। ਸ਼ਰਧਾਂਜਲੀ ਸਮਾਰੋਹ 'ਤੇ ਬੋਲਦੇ ਸਮੇਂ ਦਲਜੀਤ ਸਿੰਘ ਸਰਾਂ ਨੇ ਇਹ ਬੇਨਤੀ ਬਲਜੀਤ ਕੌਰ ਨੂੰ ਕੀਤੀ ਸੀ ਕਿ ਕਿਰਪਾਲ ਸਿੰਘ ਤੇ ਜਰਨੈਲ ਸਿੰਘ ਦੀ ਵਿਰਾਸਤ ਦੀ ਸੰਭਾਲ ਦੀ ਜ਼ਿੰਮੇਵਾਰੀ ਹੁਣ ਉਸ ਦੇ ਮੋਢਿਆਂ 'ਤੇ ਹੈ।

ਉਪਰ ਮੈਂ ਸਰਦਾਰ ਜਰਨੈਲ ਸਿੰਘ ਦੀ ਅੰਤਿਮ ਅਰਦਾਸ ਦਾ ਜ਼ਿਕਰ ਕਰਦੇ ਹੋਏ ਕਿਹਾ ਸੀ ਕਿ ਇਸ ਵਿਚ ਕੁੱਝ ਗਿਣਤੀ ਦੇ ਲੋਕ ਹੀ ਸ਼ਾਮਿਲ ਸਨ। ਅਸਲ ਵਿਚ ਜਦੋਂ ਸੈਕਟਰ 19 ਦੇ ਗੁਰਦੁਆਰੇ ਵੱਲ ਨੂੰ ਚੱਲਿਆ ਸੀ ਤਾਂ ਮੈਨੂੰ ਲੱਗ ਰਿਹਾ ਸੀ ਕਿ ਉਥੇ ਬਹੁਤ ਭੀੜ ਹੋਵੇਗੀ ਤੇ ਸ਼ਹਿਰ ਦੇ ਕਲਾ ਨੂੰ ਪ੍ਰਣਾਏ, ਸਾਹਿਤ ਦੇ ਧਨੀ, ਸਿੱਖ ਇਤਿਹਾਸ ਨਾਲ ਸੰਬੰਧਿਤ ਸ਼ਖ਼ਸੀਅਤਾਂ, ਕੋਮਲ ਕਲਾਵਾਂ ਨਾਲ ਜੁੜੇ ਲੋਕਾਂ ਦੇ ਦਰਸ਼ਨ ਹੋਣਗੇ। ਉਹ ਜਰਨੈਲ ਸਿੰਘ ਨੂੰ ਸ਼ਰਧਾਂਜਲੀ ਦੇਣ ਲਈ ਲਾਈਨ ਬਣਾਈ ਖੜ੍ਹੇ ਹੋਣਗੇ। ਇਹ ਅਸਲ 'ਚ ਮੇਰਾ ਭਰਮ ਹੀ ਸੀ। ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣਾ ਪ੍ਰਤੀਨਿਧ ਸਿੱਖ ਇਤਿਹਾਸ ਦੀ ਰੂਹ ਨਾਲ ਜੁੜੇ ਪਰਿਵਾਰ ਦੇ ਰੰਗਲੇ ਸੱਜਣ ਜਰਨੈਲ ਸਿੰਘ ਦੇ ਭੋਗ 'ਚ ਸ਼ਾਮਿਲ ਹੋਣ ਲਈ ਨਹੀਂ ਸੀ ਭੇਜਣਾ ਚਾਹੀਦਾ? ਕੀ ਪੰਜਾਬ ਕਲਾ ਪ੍ਰੀਸ਼ਦ ਦੇ ਮੁਖੀਆਂ ਨੂੰ ਉਸਦੀ ਅੰਤਿਮ ਅਰਦਾਸ 'ਚ ਸ਼ਾਮਿਲ ਨਹੀਂ ਸੀ ਹੋਣਾ ਚਾਹੀਦਾ? ਕੀ ਪੰਜਾਬ ਸਰਕਾਰ ਦਾ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਉਥੇ ਹਾਜ਼ਰ ਨਹੀਂ ਸੀ ਹੋਣਾ ਚਾਹੀਦਾ? ਅਨੇਕਾਂ ਇਸ ਤਰ੍ਹਾਂ ਦੇ ਸਵਾਲ ਜ਼ਿਹਨ 'ਚ ਘੁੰਮ ਰਹੇ ਨੇ।

ਪਰ ਸਾਡੇ ਸਮਿਆਂ ਦੇ ਪੰਜਾਬ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ ਕਿ ਇਸਨੂੰ ਆਪਣੇ ਨਾਇਕਾਂ ਦੀ ਪਛਾਣ ਕਰਨੀ ਭੁੱਲ ਗਈ ਹੈ। ਜੋ ਸਾਡੇ ਸਮਾਜ ਦੇ ਵੱਡੇ ਖਲਨਾਇਕ ਨੇ ਤੇ ਜਿਨ੍ਹਾਂ ਨੇ ਪੰਜਾਬ ਨੂੰ ਮਧੋਲ ਕੇ ਰੱਖ ਦਿੱਤਾ, ਉਹ ਇਸ ਵੇਲੇ ਸਾਡੇ ਆਮ ਲੋਕਾਂ ਦੇ ਨਾਇਕ ਬਣ ਬੈਠੇ ਨੇ। ਉਨ੍ਹਾਂ ਦੇ ਭੋਗਾਂ 'ਤੇ, ਉਨ੍ਹਾਂ ਦੇ ਸਮਾਜਿਕ ਸਮਾਗਮਾਂ 'ਤੇ ਲੋਕ ਉਲਰ-ਉਲਰ ਡਿਗਦੇ ਨੇ। ਆਪਣੀ ਹਾਜ਼ਰੀ ਲਵਾਉਣ ਲਈ ਹਰ ਹੀਲਾ ਵਰਤਦੇ ਨੇ। ਅਜਿਹੇ ਸਮਿਆਂ 'ਚ ਜਰਨੈਲ ਸਿੰਘ ਵਰਗਿਆਂ ਦੀ ਕੀਹਨੇ ਕਦਰ ਕਰਨੀ ਸੀ।

# ਲੋਕ ਨੁਮਾਇੰਦੇ - ਸੱਤਾ ਅਤੇ ਵਿਰੋਧੀ ਧਿਰਾਂ

ਭਾਰਤ ਦੇ ਚੁਣੇ ਹੋਏ ਲੋਕ ਨੁਮਾਇੰਦਿਆਂ ਦੇ ਕੰਮ ਕਰਨ ਦੇ ਢੰਗ ਤਰੀਕਿਆਂ ਉਤੇ ਵੱਡੇ ਸਵਾਲ ਉਠ ਰਹੇ ਹਨ ਕਿ ਉਹ ਲੋਕਾਂ ਤੋਂ ਵੋਟਾਂ ਲੈ ਕੇ ਪੰਜ ਸਾਲਾਂ ਲਈ ਆਪਣੀ ਗੱਦੀ ਪੱਕੀ ਕਰ ਕੇ ਲੋਕਾਂ ਲਈ ਜਵਾਬਦੇਹ ਨਹੀਂ ਰਹਿ ਜਾਂਦੇ? ਸਵਾਲ ਇਹ ਵੀ ਉਠ ਰਹੇ ਹਨ ਕਿ ਆਖਰ ਜਨਤਾ ਦਾ ਕਸੂਰ ਕੀ ਹੈ ਜਿਨ੍ਹਾਂ ਨੇ ਆਪਣੀਆਂ ਉਮੀਦਾਂ ਦੇ ਸੁਪਨੇ ਸੰਜੋਅ ਕੇ ਉਨ੍ਹਾਂ ਨੂੰ ਸੰਸਦ ਜਾਂ ਵਿਧਾਨ ਸਭਾ 'ਚ ਪਹੁੰਚਾਇਆ, ਅਤੇ ਉਹ ਲੋਕਾਂ ਦੇ ਪੱਲੇ ਕੁਝ ਪਾ ਹੀ ਨਹੀਂ ਰਹੇ। ਕੀ ਜਨਤਾ ਦੇ ਇਹ ਨੁਮਾਇੰਦੇ ਵਿਧਾਨ ਸਭਾਵਾਂ ਜਾਂ ਸੰਸਦ ਵਿਚ ਕਾਗਜ਼



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਪਾੜਨ, ਕੁਰਸੀਆਂ ਉਲਟੀਆਂ ਕਰਨ, ਇਕ-ਦੂਜੇ ਉਤੇ ਚਿੱਕੜ ਸੁੱਟਣ, ਗਾਲੀ-ਗਲੋਚ ਕਰਨ ਅਤੇ ਆਪਣੀਆਂ ਕਿੜਾਂ ਕੱਢਣ ਲਈ ਹੀ ਇਨ੍ਹਾਂ ਸਦਨਾਂ 'ਚ ਪੁੱਜੇ ਹਨ।

ਵਿਧਾਨ ਸਭਾ, ਲੋਕ ਸਭਾ, ਰਾਜ ਸਭਾ ਸਦਨਾਂ ਦੀ ਕਾਰਵਾਈ ਚਲਦੀ ਹੈ, ਜਨਤਾ ਇਸ ਕਾਰਵਾਈ ਨੂੰ 'ਲਾਈਵ' ਵੇਖਦੀ ਹੈ। ਨਿਰਾਸ਼ਾ ਪੱਲੇ ਪੈਂਦੀ ਹੈ ਜਨਤਾ ਦੇ ਉਦੋਂ, ਜਦੋਂ ਉਨ੍ਹਾਂ ਦੀ ਕੋਈ ਵੀ ਸਮੱਸਿਆ ਇਨ੍ਹਾਂ ਸਦਨਾਂ ਵਿਚ ਵਿਚਾਰੀ ਨਹੀਂ ਜਾਂਦੀ। ਸੱਤਾ ਪੱਖ ਆਪਣੀ ਮਰਜ਼ੀ ਦੇ ਬਿੱਲ ਲਿਆਉਂਦੀ ਹੈ। ਵਿਰੋਧੀ ਧਿਰ ਆਪਣਾ ਪੱਖ ਰੱਖਣ ਦੀ ਕੋਸ਼ਿਸ਼ ਕਰਦੀ ਹੈ। ਵਿਚਾਰ ਵਟਾਂਦਰਾ ਤਾਂ ਕੀ ਸੁਣਨਾ ਹੈ, ਉਨ੍ਹਾਂ ਦੇ ਬੋਲ ਸਦਨ 'ਚ ਸੁਣਨ ਹੀ ਨਹੀਂ ਦਿੱਤੇ ਜਾਂਦੇ। ਵਿਚਾਰ-ਵਟਾਂਦਰੇ ਦੀ ਥਾਂ ਵਿਰੋਧੀ ਧਿਰਾਂ ਨੂੰ ਸਦਨ ਵਿਚੋਂ ਬਾਹਰ ਤੋਰ ਦੇਣਾ, ਇਕੋ ਇਕ ਉਪਾਅ ਰਹਿ ਗਿਆ ਹੈ ਤਾਂ ਕਿ ਸੱਤਾ ਧਿਰ ਵਲੋਂ ਆਪਣੀ ਮਰਜ਼ੀ ਕੀਤੀ ਜਾ ਸਕੇ।

ਪਿਛਲੇ ਦਿਨੀਂ ਦਿੱਲੀ ਵਿਧਾਨ ਸਭਾ ਵਿਚ ਆਮ ਆਦਮੀ ਪਾਰਟੀ ਦੇ 21 ਵਿਧਾਇਕਾਂ ਨੂੰ ਮੁਅੱਤਲ ਕਰ ਦਿੱਤਾ ਗਿਆ। ਰਾਜਸਥਾਨ ਵਿਧਾਨ ਸਭਾ 'ਚ ਇੰਦਰਾ ਗਾਂਧੀ ਨੂੰ ਦਾਦੀ ਕਹਿ ਦੇਣ ਦਾ ਵਿਰੋਧ ਹੋਇਆ, ਹੰਗਾਮਾ ਹੋਇਆ, ਛੇ ਵਿਧਾਇਕਾਂ ਨੂੰ ਸਦਨ 'ਚੋਂ ਬਾਹਰ ਦਾ ਰਸਤਾ ਵਿਖਾ ਦਿੱਤਾ ਗਿਆ। ਅਸਲ ਵਿਚ ਜ਼ਿੰਮੇਦਾਰ ਅਹੁਦਿਆਂ 'ਤੇ ਬੈਠੇ ਲੋਕ ਵਿਰੋਧੀ ਧਿਰ ਨੂੰ ਟਿੱਚ ਸਮਝਦੇ ਹਨ। ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦਾ ਨੇਤਾ ਅਤੇ ਸੱਤਾ ਪੱਖ ਸਮੇਤ ਮੁੱਖ ਮੰਤਰੀ ਵਾਧੂ ਜਿਹੀਆਂ ਗੱਲਾਂ 'ਤੇ ਉਲਝਦੇ ਵੇਖੇ ਗਏ। ਮਿਹਣੋ-ਮਿਹਣੀ ਹੋਣਾ ਤਾਂ ਆਮ ਜਿਹੀ ਗੱਲ ਹੈ।

ਵਿਰੋਧੀਆਂ ਨੂੰ ਨੀਵਾਂ ਦਿਖਾਉਣਾ ਅਤੇ ਹਰ ਹੀਲੇ ਉਨ੍ਹਾਂ ਨੂੰ ਖੂੰਜੇ ਲਾਉਣ ਦੀ ਪ੍ਰਵਿਰਤੀ ਮੌਜੂਦਾ ਲੋਕਤੰਤਰ ਵਿਚ ਧੁਰ ਹੇਠਲੀਆਂ ਸਥਾਨਕ ਸਰਕਾਰਾਂ, ਪੰਚਾਇਤੀ ਸੰਸਥਾਵਾਂ ਤੋਂ ਆਰੰਭ ਹੁੰਦੀ ਹੈ। ਪਿੰਡ ਪੰਚਾਇਤਾਂ 'ਚ ਲੋਕ ਆਪਣੇ ਨੁਮਾਇੰਦੇ ਚੁਣਦੇ ਹਨ, ਪਰ ਜਿਨ੍ਹਾਂ ਹੱਥ ਸੱਤਾ ਆ ਜਾਂਦੀ ਹੈ, ਉਹ ਵਿਰੋਧੀ ਪੰਚਾਂ ਦੀ ਬਾਤ ਹੀ ਨਹੀਂ ਪੁੱਛਦੇ, ਉਨ੍ਹਾਂ ਦੀ ਕੋਈ ਰਾਏ ਨਹੀਂ ਲੈਂਦੇ। ਮਰਜ਼ੀ ਨਾਲ, ਲੁਕ-ਛਿਪ ਕੇ ਕਾਗਜ਼ੀਂ-ਪੱਤਰੀਂ ਮੀਟਿੰਗਾਂ ਕਰਦੇ ਹਨ, ਕੰਮ ਚਲਾਈ ਰੱਖਦੇ ਹਨ, ਸਰਕਾਰੀ ਤੰਤਰ ਉਨ੍ਹਾਂ ਦੀ ਮਦਦ ਕਰਦਾ ਹੈ। ਇਹੋ ਪ੍ਰਵਿਰਤੀ ਵਿਧਾਨ ਸਭਾ ਚੁਣੇ ਜਾਣ ਉਪਰੰਤ ਸੱਤਾ ਧਿਰ ਦੀ ਬਣ ਜਾਂਦੀ ਹੈ।

ਪਹਿਲਾਂ ਤਾਂ ਵਾਹ ਲਗਦਿਆਂ ਵਿਧਾਨ ਸਭਾ ਦੀਆਂ ਮੀਟਿੰਗਾਂ ਹੀ ਨਹੀਂ ਹੁੰਦੀਆਂ। ਜੇਕਰ ਹੁੰਦੀਆਂ ਹਨ ਤਾਂ ਸਮਾਂ ਬਿਲਕੁਲ ਸੀਮਤ ਹੁੰਦਾ ਹੈ। ਸਰਕਾਰੀ ਬਿੱਲ, ਕਾਨੂੰਨ ਬਣਾਉਣ ਲਈ ਵਿਰੋਧੀ ਧਿਰ ਨੂੰ ਸਦਨੋਂ ਬਾਹਰ ਕਰਨ ਲਈ ਢੰਗ ਤਰੀਕੇ ਵਰਤੇ ਜਾਂਦੇ ਹਨ, ਅਤੇ ਫਿਰ ਬਿੱਲ, ਆਪਣੀ ਹੀ ਬਹੁਸੰਮਤੀ ਨਾਲ ਪਾਸ ਕਰ ਲਏ ਜਾਂਦੇ ਹਨ। ਹਕੂਮਤ ਚਲਾਈ ਜਾਂਦੀ ਹੈ। ਲੋਕ-ਮਸਲੇ ਲੁਪਤ ਰਹਿੰਦੇ ਹਨ। ਵਿਧਾਨ ਸਭਾਵਾਂ, ਲੋਕ ਸਭਾ 'ਚ ਇਹ ਮੁੱਦੇ, ਮਸਲੇ ਉਠਾਉਣ ਲਈ ਮੌਕੇ ਹੀ ਨਹੀਂ ਮਿਲਦੇ।

ਉਂਜ ਵੀ ਲੋਕਾਂ ਦੇ ਮਸਲੇ ਉਠਾਉਣ ਵਾਲੇ ਨੇਤਾਵਾਂ ਦੀ ਘਾਟ ਮਹਿਸੂਸ ਹੋ ਰਹੀ ਹੈ। ਲੋਕ ਸਭਾ, ਵਿਧਾਨ ਸਭਾਵਾਂ 'ਚ ਪਹੁੰਚਣ ਵਾਲੇ ਬਹੁਤੇ ਲੋਕ ਧਨਵਾਨ ਹਨ, ਜਿਹੜੇ ਆਮ ਲੋਕਾਂ ਦੀਆਂ ਧੁਰ ਅੰਦਰਲੀਆਂ ਸਮੱਸਿਆਵਾਂ ਤੋਂ ਜਾਣੂ ਹੀ ਨਹੀਂ ਹਨ। ਇਸਦੇ ਨਾਲ-ਨਾਲ ਅਪਰਾਧਕ ਪਿਛੋਕੜ ਵਾਲੇ ਲੋਕ ਵੀ ਵੱਡੀ ਗਿਣਤੀ 'ਚ ਇਨ੍ਹਾਂ ਲੋਕਤੰਤਰੀ ਸੰਵਿਧਾਨਕ ਸਦਨਾਂ 'ਚ ਜਾ ਬੈਠੇ ਹਨ। ਭਲਾ ਇਹੋ ਜਿਹੇ ਲੋਕਾਂ ਤੋਂ ਆਮ ਲੋਕਾਂ ਦੀਆਂ ਸਮੱਸਿਆਵਾਂ ਦੀ ਗੱਲ ਕਰਨੀ-ਸੁਣਨੀ ਕੀ ਸੰਭਵ ਹੈ?

ਏ.ਡੀ.ਆਰ. ਰਿਪੋਰਟ ਅਨੁਸਾਰ 514 ਮੌਜੂਦਾ ਮੈਂਬਰ ਪਾਰਲੀਮੈਂਟ ਵਿਚੋਂ 225 (44 ਫੀਸਦੀ) ਉਤੇ ਅਪਰਾਧਕ ਮਾਮਲੇ ਦਰਜ ਹਨ, ਜਿਨ੍ਹਾਂ ਵਿਚ ਬਲਾਤਕਾਰ, ਕਤਲ ਤੱਕ ਦੇ ਮਾਮਲੇ ਹਨ ਅਤੇ 5 ਫੀਸਦੀ ਐਮ ਪੀ 100 ਕਰੋੜ ਤੋਂ ਵੱਧ ਦੌਲਤ ਦੇ ਮਾਲਕ ਹਨ। ਉਤਰ-ਪ੍ਰਦੇਸ਼, ਮਹਾਂਰਾਸ਼ਟਰ, ਬਿਹਾਰ, ਆਂਧਰਾ ਪ੍ਰਦੇਸ਼, ਤਿਲੰਗਾਨਾ ਅਤੇ ਹਿਮਾਚਲ ਪ੍ਰਦੇਸ਼ ਦੇ ਅੱਧੇ ਤੋਂ ਵੱਧ (50 ਫੀਸਦੀ ਤੋਂ ਵੱਧ) ਵੱਖੋ-ਵੱਖਰੀਆਂ ਪਾਰਟੀਆਂ ਦੇ ਨੇਤਾਵਾਂ ਉਤੇ ਅਪਰਾਧਕ ਮਾਮਲਿਆਂ ਸਬੰਧੀ ਕੇਸ ਥਾਣਿਆਂ ਅਤੇ ਅਦਾਲਤਾਂ 'ਚ ਦਰਜ ਹਨ।

28 ਵਿਧਾਨ ਸਭਾਵਾਂ ਅਤੇ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ 4001 (ਕੁੱਲ 4033) ਦੇ ਕੀਤੇ ਏ.ਡੀ.ਆਰ. ਸਰਵੇ ਅਨੁਸਾਰ 44 ਫੀਸਦੀ ਵਿਧਾਇਕਾਂ 'ਤੇ ਅਪਰਾਧਕ ਪਰਚੇ ਦਰਜ ਮਿਲੇ ਅਤੇ ਉਨ੍ਹਾਂ ਵਿਚੋਂ 1136 (28% ਉਤੇ) ਗੰਭੀਰ ਅਪਰਾਧਕ ਮਾਮਲੇ ਦਰਜ ਹਨ। ਇਨ੍ਹਾਂ 4001 ਵਿਧਾਇਕਾਂ ਵਿਚੋਂ 88 (2%) ਕੋਲ ਪ੍ਰਤੀ ਵਿਧਾਇਕ 100 ਕਰੋੜ ਤੋਂ ਵੱਧ ਧਨ ਹੈ। ਫਰਵਰੀ 2025 'ਚ ਦਿੱਲੀ ਵਿਧਾਨ ਸਭਾ ਲਈ ਚੁਣੇ ਵਿਧਾਇਕਾਂ ਵਿਚੋਂ 31 'ਤੇ ਅਪਰਾਧਕ ਮਾਮਲੇ ਅਤੇ ਭਾਜਪਾ ਦੀ ਚੁਣੀ ਸਰਕਾਰ ਦੇ 7 ਮੰਤਰੀਆਂ ਵਿਚੋਂ 5 ਵਿਰੁੱਧ ਅਪਰਾਧਕ ਮਾਮਲੇ ਦਰਜ ਹਨ।

ਲੋਕ ਸਭਾ, ਵਿਧਾਨ ਸਭਾ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਲੋਕਾਂ ਦੇ ਦਿੱਤੇ ਟੈਕਸ ਵਿਚੋਂ ਲੱਖਾਂ ਰੁਪਏ ਪ੍ਰਤੀ ਸਾਲ ਤਨਖਾਹ, ਭੱਤੇ ਅਤੇ ਪੈਨਸ਼ਨਾਂ ਦਿੱਤੀਆਂ ਜਾਂਦੀਆਂ ਹਨ। ਲੋਕ ਸਭਾ, ਵਿਧਾਨ ਸਭਾਵਾਂ ਦੇ ਸੈਸ਼ਨ 'ਤੇ ਜਾਣ ਲਈ ਭੱਤੇ ਅਤੇ ਹੋਰ ਸਹੂਲਤਾਂ ਦੇ ਵੀ ਉਹ ਹੱਕਦਾਰ ਹਨ। ਹੈਰਾਨੀ ਹੁੰਦੀ ਹੈ, ਉਸ ਵੇਲੇ ਜਦੋਂ ਕਈ ਨੁਮਾਇੰਦਿਆਂ ਨੂੰ ਸਦਨਾਂ ਦੇ ਸੈਸ਼ਨ



ਦੌਰਾਨ ਸੁੱਤਿਆਂ ਵੇਖੀਦਾ ਹੈ। ਕਈ 'ਭੱਦਰਪੁਰਸ਼' ਤਾਂ ਸਦਨਾਂ ਵਿਚ ਬਹੁਤ ਘੱਟ ਹਾਜ਼ਰੀ ਭਰਦੇ ਹਨ, ਬਹੁਤ ਘੱਟ ਬੋਲਦੇ ਹਨ ਭਾਵ ਚੁੱਪੀ ਧਾਰੀ ਰੱਖਦੇ ਹਨ ਤੇ ਪੰਜ ਸਾਲ 'ਮੋਨ' ਧਾਰ ਕੇ ਆਪਣੀ ਟਰਮ ਖਤਮ ਕਰ ਲੈਂਦੇ ਹਨ। ਆਖਰ ਇਹੋ ਜਿਹੇ ਲੋਕਾਂ ਤੋਂ ਆਮ ਲੋਕ ਕੀ ਤਵੱਕੋਂ ਕਰ ਸਕਦੇ ਹਨ?

ਇਹ ਧਿਆਨ ਦੇਣ ਯੋਗ ਹੈ ਕਿ ਸੰਸਦ ਨੂੰ ਚਲਾਉਣ ਲਈ ਹਰ ਘੰਟੇ ਡੇਢ ਕਰੋੜ ਦਾ ਖਰਚਾ ਆਉਂਦਾ ਹੈ। ਐਤਕਾਂ ਦੇ ਲੋਕ ਸਭਾ ਸੈਸ਼ਨ ਦੌਰਾਨ ਪਿਛਲੇ 5 ਦਿਨਾਂ 'ਚ ਬੱਸ 5 ਫੀਸਦੀ ਕੰਮ ਹੋਇਆ ਅਤੇ ਲੋਕ ਸਭਾ 69 ਮਿੰਟ ਚੱਲੀ ਅਤੇ ਰਾਜ ਸਭਾ 94 ਮਿੰਟ। ਇਨ੍ਹਾਂ ਬੈਠਕਾਂ 'ਚ ਸਿਆਸਤ ਦੇ ਮੁੱਦੇ ਅਲੱਗ ਹੀ ਰਹੇ, ਜਿਨ੍ਹਾਂ ਦਾ ਆਮ ਲੋਕਾਂ ਨਾਲ ਸਰੋਕਾਰ ਹੀ ਕੋਈ ਨਹੀਂ।

ਸਾਡੇ ਦੇਸ਼ ਦੇ ਐਮ.ਪੀਜ਼ ਨੇ ਜਿਵੇਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਰਾਜਨੀਤੀ ਦੀ ਖੂੰਡੀ 'ਤੇ ਟੰਗ ਦਿੱਤਾ ਹੈ, ਉਹ ਲੋਕਤੰਤਰ ਉਤੇ ਧੱਬਾ ਹੈ। ਭਾਰਤ ਦੀ ਸੰਸਦ ਦੇ ਤਿੰਨ ਅੰਗ ਰਾਸ਼ਟਰਪਤੀ, ਲੋਕ ਸਭਾ, ਰਾਜ ਸਭਾ ਹਨ। ਵਰਤਮਾਨ ਭਾਰਤ ਦੀ ਸੰਸਦ ਵਿਚ 790 ਮੈਂਬਰ ਹਨ। ਭਾਰਤ ਦੀ ਸੰਸਦ ਦੇ ਤਿੰਨ ਸਤਰ ਹੁੰਦੇ ਹਨ ਅਤੇ ਲੱਗਭਗ ਪੂਰੇ ਸਾਲ ਵਿਚ 100 ਦਿਨ ਕੰਮ ਕਰਨਾ ਹੁੰਦਾ ਹੈ। ਜਿਸ ਉਤੇ 600 ਕਰੋੜ ਖਰਚੇ ਹੁੰਦੇ ਹਨ, ਭਾਵ ਪ੍ਰਤੀ ਦਿਨ 6 ਕਰੋੜ ਰੁਪਏ। ਜੇਕਰ ਇਨ੍ਹਾਂ ਸਦਨਾਂ ਨੇ ਕੰਮ ਹੀ ਨਹੀਂ ਕਰਨਾ ਤਾਂ ਆਖਰ ਇਨ੍ਹਾਂ ਕਾਨੂੰਨ ਘਾੜੀਆਂ ਸੰਸਥਾਵਾਂ ਦੀ ਚੋਣ ਦਾ ਅਰਥ ਹੀ ਕੀ ਰਹਿ ਜਾਂਦਾ ਹੈ?

ਜੇਕਰ ਇੰਨਾ ਖਰਚ ਕੀਤਿਆਂ ਵੀ ਸਦਨ ਵਿਚ ਇਕ-ਦੂਜੇ ਵਿਰੁੱਧ, ਭਾਰਤੀ ਸਿਆਸਤ ਦੇ ਆਪਣੇ ਤੋਂ ਪਹਿਲੇ ਨੇਤਾਵਾਂ ਦੇ ਨੁਕਸ ਕੱਢਣ ਉਤੇ ਹੀ ਚਰਚਾ ਹੋਣੀ ਹੈ ਤੇ ਸਮਾਂ ਤੇ ਪੈਸਾ ਹੀ ਬਰਬਾਦ ਹੋਣਾ ਹੈ ਤਾਂ ਇਹ ਭਾਰਤੀ ਲੋਕਤੰਤਰ ਲਈ ਕਿਸੇ ਵੀ ਤਰ੍ਹਾਂ ਯੋਗ ਨਹੀਂ ਮੰਨਿਆ ਜਾ ਸਕਦਾ।

ਬਿਨਾ ਸ਼ੱਕ ਮੌਜੂਦਾ ਦੌਰ 'ਚ ਚੰਗੇ ਨੇਤਾਵਾਂ ਦੀ ਭਾਰਤ 'ਚ ਕਮੀ ਵੇਖਣ ਨੂੰ ਮਿਲ ਰਹੀ ਹੈ। ਵੰਸ਼ਵਾਦੀ ਨੇਤਾਵਾਂ ਦੀ ਭਰਮਾਰ ਹੋ ਰਹੀ ਹੈ। ਦੇਸ਼ ਦੇ ਸੰਵਿਧਾਨ ਨੂੰ ਬਦਲਣ ਦੇ ਯਤਨਾਂ 'ਚ ਰੂੜੀਵਾਦੀ ਨੇਤਾ ਦੇਸ਼ ਦੀ ਸਿਆਸਤ ਨੂੰ ਪ੍ਰਭਾਵਤ ਕਰ ਰਹੇ ਹਨ। ਵਿਰੋਧੀ ਸੁਰਾਂ ਵਾਲੇ ਨੇਤਾਵਾਂ ਨੂੰ ਸਿਆਸੀ ਗਲਿਆਰਿਆਂ 'ਚ ਲੁਪਤ ਕਰਨ ਲਈ ਸੱਤਾ ਧਿਰ ਯਤਨਸ਼ੀਲ ਹੈ। ਅਪਮਾਨ ਜਨਕ, ਉਚੇ ਬੋਲ ਬੋਲਣ ਵਾਲੇ ਹੰਕਾਰੀ ਨੇਤਾ ਸਦਨ ਵਿਚ ਬਾਹਾਂ ਉਲਾਰਦੇ, ਧੱਕਾ ਧੌਂਸ ਦਿਖਾਉਂਦੇ ਆਪਣੀ ਗਲਤ ਗੱਲ ਨੂੰ ਵੀ ਸਹੀ ਕਰਦੇ ਵੇਖੇ ਜਾਂਦੇ ਹਨ। ਇਹੋ ਜਿਹੀ ਸਿਆਸਤ ਕਰਨ ਵਾਲੇ ਨੇਤਾ ਕੀ ਲੋਕ-ਹਿਤੈਸ਼ੀ ਸਿਆਸਤ ਕਰ ਸਕਦੇ ਹਨ? ਸ਼ਾਇਦ ਕਦਾਚਿਤ ਨਹੀਂ।

ਪਿਛਲੇ ਦੋ ਦਹਾਕਿਆਂ ਤੋਂ ਖਾਸ ਤੌਰ 'ਤੇ ਲੋਕ ਨੁਮਾਇੰਦਿਆਂ ਦੀ ਚੋਣ ਦਾ ਦ੍ਰਿਸ਼ ਅਤੇ ਢੰਗ ਵੀ ਬਦਲ ਗਿਆ ਹੈ। ਸਿਆਸੀ ਧਿਰਾਂ ਦਾ ਕੰਮ ਕਰਨ ਦਾ ਮੰਤਵ ਲੋਕ ਸੇਵਾ ਨਹੀਂ, ਕੁਰਸੀ ਹਥਿਆਉਣਾ ਰਹਿ ਗਿਆ ਹੈ। ਚੋਣਾਂ ਤੋਂ ਪਹਿਲਾਂ ਲੌਲੀਪੌਪ ਵਿਖਾਏ ਜਾਂਦੇ ਹਨ, ਲੋਕਾਂ ਨੂੰ ਭਰਮਾਇਆ ਜਾਂਦਾ ਹੈ, ਵੱਧ ਤੋਂ ਵੱਧ ਮੁਫ਼ਤ ਸਹੂਲਤਾਂ ਦੇਣ ਦੇ ਵਚਨ ਦਿੱਤੇ ਜਾਂਦੇ ਹਨ, ਅਤੇ ਇਸੇ ਅਧਾਰ 'ਤੇ ਚੋਣਾਂ ਜਿੱਤ ਲਈਆਂ ਜਾਂਦੀਆਂ ਹਨ। ਲੋਕ ਲੁਭਾਉ ਨਾਹਰੇ, ਪੈਸਾ, ਅਤੇ ਧੱਕਾ ਧੌਂਸ ਅੱਜ ਸਿਆਸੀ ਆਗੂਆਂ ਦੇ ਚੋਣ-ਗਹਿਣੇ ਬਣ ਚੁੱਕੇ ਹਨ।

ਵੋਟ ਖਰੀਦਣ ਦੀ ਪ੍ਰਵਿਰਤੀ ਲੋਕਤੰਤਰ ਨੂੰ ਢਾਅ ਲਾ ਰਹੀ ਹੈ। ਨੈਤਿਕ ਤੌਰ 'ਤੇ ਨੇਤਾ ਲੋਕ ਇੰਨੀ ਨਿਵਾਣ ਵੱਲ ਚਲੇ ਗਏ ਹਨ ਕਿ ਇਕ ਪਾਰਟੀ ਤੋਂ ਚੋਣ ਜਿੱਤਦੇ ਹਨ, ਅਤੇ ਚੋਣ ਤੋਂ ਤੁਰੰਤ ਬਾਅਦ ਮੰਤਰੀ-ਸੰਤਰੀ ਦੀ ਕੁਰਸੀ ਪਾਉਣ ਲਈ, ਸੱਤਾ ਹਥਿਆਉਣ ਲਈ ਚੋਣਾਂ 'ਚ ਵੈਰੀ ਰਹੇ, ਅਤੇ ਬਾਅਦ 'ਚ ਮਿੱਤਰ ਬਣੇ ਦਿਸਣਾ, ਆਮ ਗੱਲ ਹੋ ਗਈ ਹੈ। ਇਹ ਭਾਰਤ ਦੀ ਅਜੋਕੀ ਸਿਆਸਤ ਦਾ ਭੈੜਾ ਰੰਗ ਅਤੇ ਭੈੜਾ ਕਿਰਦਾਰ ਬਣ ਚੁੱਕਾ ਹੈ। ਬਿਹਾਰੀ ਬਾਬੂ ਨਿਤੀਸ਼ ਅਤੇ ਆਂਧਰਾ ਪ੍ਰਦੇਸ਼ ਦਾ ਚੰਦਰ ਬਾਬੂ ਨਾਇਡੂ, ਜੋ ਕਦੇ ਭਾਜਪਾ ਵਿਰੋਧੀ ਸੀ, ਉਹ ਮੌਜੂਦਾ ਭਾਰਤੀ ਕੇਂਦਰੀ ਸਰਕਾਰ ਦੀਆਂ ਫੌਹੜੀਆਂ ਬਣ ਚੁੱਕੇ ਹਨ।

ਪੰਜਾਬ 'ਚ ਜਿਵੇਂ ਕਾਰਪੋਰੇਸ਼ਨ ਚੋਣਾਂ 'ਚ ਸੱਤਾ ਧਿਰ ਨੇ, ਵਿਰੋਧੀ ਧਿਰ ਦੇ ਕੌਂਸਲਰਾਂ ਨੂੰ ਪੁੱਟਿਆ, ਆਪਣੀ ਪਾਰਟੀ 'ਚ ਲਿਆ ਕੇ ਵੱਡੇ ਅਹੁਦੇ ਦਿੱਤੇ ਅਤੇ ਫਿਰ ਸਥਾਨਕ ਚੋਣਾਂ 'ਚ ਜਿੱਤ ਦੇ ਵੱਡੇ ਦਾਅਵੇ ਕੀਤੇ, ਉਹ ਅਜੋਕੇ ਸਮੇਂ ਦੀ ਬੇਰੰਗੀ ਸਥਾਨਕ ਸਰਕਾਰਾਂ ਦੀ ਸਿਆਸਤ ਦਾ ਇਕ ਭੈੜਾ ਰੰਗ ਸੀ।

ਲੋਕ ਨੁਮਾਇੰਦਿਆਂ ਤੋਂ ਅੱਜ ਦਾ ਭਾਰਤੀ ਸਮਾਜ ਉਪਰਾਮ ਹੈ, ਕਿਉਂਕਿ ਉਹ ਲੋਕਾਂ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਤਾਂ ਕਰਦੇ ਹਨ, ਪਰ ਅਮਲਾਂ 'ਚ ਪੂਰੇ ਨਹੀਂ ਉਤਰ ਰਹੇ। ਲੋਕਾਂ ਦੀ ਜਿਹੜੀ ਅਵਾਜ਼ ਸਦਨ ਵਿਚ ਗੂੰਜਣੀ ਚਾਹੀਦੀ ਹੈ, ਵਿਰੋਧੀ ਧਿਰ ਉਹ ਅਵਾਜ਼ ਚੁੱਕ ਨਹੀਂ ਰਹੀ। ਸੱਤਾ ਧਿਰ ਲੋਕਾਂ ਦੇ ਮਸਲਿਆਂ ਦੇ ਹੱਲ ਲਈ ਗੰਭੀਰ ਨਹੀਂ, ਉਹ ਤਾਂ ਆਪਣੇ ਉਨ੍ਹਾਂ ਆਕਾਵਾਂ, 'ਕਾਰਪੋਰੇਟਾਂ', ਧਨ ਕੁਬੇਰਾਂ ਨੂੰ ਖੁਸ਼ ਕਰਨ ਦੇ ਯਤਨ 'ਚ ਹੈ, ਜਿਹੜੇ ਉਨ੍ਹਾਂ ਉਤੇ ਧਨ ਦੀ ਵਰਖਾ ਕਰਦੇ ਹਨ।

---

# ਸਿਆਸਤ ਨਾਲ ਕਿਵੇਂ ਨਿਭੀਏ?

ਗਲ ਪੈ ਗਈ ਇਸ ਸਮੱਸਿਆ ਨੂੰ ਇਕ ਸਿੱਖ ਦੀ ਚੀਕ ਬੁਲਬੁਲੀ ਵਾਂਗ ਲਵਾਂ ਗੱਲ ਏਥੋਂ ਸ਼ੁਰੂ ਕਰਨਾ ਚਾਹੁੰਦਾ ਹਾਂ ਕਿ ਗੁਰਬਾਣੀ ਵਿਚ ਸਿੱਖੀ ਦੀ ਵਿਆਖਿਆ ਆਮ ਸਮਝ ਵਿਚ ਇਸ ਤਰ੍ਹਾਂ ਉਤਾਰੀ ਹੋਈ ਪ੍ਰਾਪਤ ਹੈ:

ਸਿਖੀ ਸਿਖਿਆ ਗੁਰ ਵੀਚਾਰਿ॥
ਨਦਰੀ ਕਰਮਿ ਲੰਘਾਏ ਪਾਰਿ॥

ਏਸੇ ਨੂੰ ਭਾਈ ਵੀਰ ਸਿੰਘ ਨੇ ਇਸ ਤਰ੍ਹਾਂ ਸਮਝਾਉਣ ਦੀ ਕੋਸ਼ਿਸ਼ ਕੀਤੀ ਹੋਈ ਹੈ:

ਸਿੱਖੀ ਹੈ ਬਲਵਾਨ ਕਰਨਾ ਸੁਰਤਿ ਨੂੰ
ਚੜ੍ਹਦੀ ਕਲਾ ਨਿਵਾਸ ਸਦ
ਹੀ ਰਖਣਾ

ਸੱਚ ਦਾ ਹੋਣ ਕਿਧਰੇ ਜਾਣ ਵਾਸਤੇ ਨਹੀਂ ਹੁੰਦਾ ਕਿਉਂਕਿ ਸੰਨ ਨੂੰ ਤੋਂ ਸਮਕਾਲ ਦੇ ਹਾਣ ਦਾ ਹੋਣ ਦੀ ਆਸ ਕੀਤੀ ਜਾਂਦੀ ਹੈ। ਪਰ ਸੱਚ ਦੇ ਹੋਣ ਦੀ ਬੰਦੇ ਦੇ ਪੈਰੋਂ ਪ੍ਰਸੰਗਕਤਾ ਗੁਆਚਣ ਦੀਆਂ ਸੰਭਾਵਨਾਵਾਂ ਵੀ ਸਦਾ ਬਣੀਆਂ



**ਬਲਕਾਰ ਸਿੰਘ ਪ੍ਰੋਫੈਸਰ**
**ਫੋਨ: +91- 93163-01328**

ਰਹਿੰਦੀਆਂ ਹਨ। ਸੱਚ ਨੂੰ ਉਰਜਿਤ ਤਕਨਾਲੋਜੀ ਵਾਂਗ ਸਿੱਖੀ ਦੀ ਚੂਲ ਵਜੋਂ ਸਾਹਮਣੇ ਲਿਆਂਦਾ ਗਿਆ ਸੀ। ਸੱਚ ਸੱਚ ਹੋਣ ਦੇ ਬਾਵਜੂਦ, ਸਿਆਸਤ ਦੇ ਪੈਰੋਂ ਖਤਾ ਖਾਂਦਾ ਆਇਆ ਹੈ। ਗੁਰੂ ਕਾਲ (1469-1708) ਵਿਚ ਸਮਕਾਲ ਦੀਆਂ ਦੁਸ਼ਵਾਰੀਆਂ ਨਾਲ ਜੂਝਦਿਆਂ ਸੱਚ ਨਾਲ ਨਿਭਣ ਦੀ ਜਾਚ ਸਿਖਾਈ ਗਈ ਸੀ। ਏਸੇ ਦੀ ਇਕ ਪਰਤ ਬਾਬਾ ਬੰਦਾ ਸਿੰਘ ਬਹਾਦਰ ਨਾਲ ਸਾਹਮਣੇ ਆਈ ਸੀ। ਇਹੀ ਮਿਸਲਦਾਰੀਆਂ ਰਾਹੀਂ ਉਸ ਵੇਲੇ ਦੀ ਸਿਆਸਤ ਹੋ ਗਈ ਸੀ। ਸਿਆਸੀ ਤੱਦੀਆਂ ਕਰਕੇ ਜਿਸ ਮਾਤਰਾ ਵਿਚ ਸੱਚ ਕਿਰਦਾ ਜਾਂਦਾ ਹੈ, ਉਸ ਮਾਤਰਾ ਵਿਚ ਨੈਤਿਕ ਵਿਹੂਣ ਵਰਤਾਰਿਆਂ ਨੂੰ ਸ਼ਹਿ ਮਿਲਣ ਲੱਗ ਪੈਂਦੀ ਹੈ। ਏਸ ਦਾ ਨੁਕਸਾਨ ਸਥਾਪਤ ਹੋ ਗਏ ਸਿੱਖ ਰਾਜ ਨੂੰ ਝੱਲਣਾ ਪਿਆ ਸੀ। ਇਸ 'ਤੇ ਨਜ਼ਰਸਾਨੀ ਸਿੰਘ ਸਭਾਈ ਚੇਤਨਾ ਨਾਲ ਸਾਹਮਣੇ ਆਉਣ ਲੱਗ ਪਈ ਸੀ। ਏਸੇ ਦਾ ਹਾਸਲ 1920 ਵਿਚਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਸੀ। ਪੀਰੀ ਅਤੇ ਮੀਰੀ ਦੀਆਂ ਪ੍ਰਤੀਨਿਧ ਇਹ ਦੋਵੇਂ ਸੰਸਥਾਵਾਂ ਜਨਮ ਵੇਲੇ ਤੋਂ ਇਕ ਦੂਜੇ ਦੀਆਂ ਪੂਰਕ ਰਹਿਣ ਦੀ ਥਾਂ ਇਕ ਦੂਜੇ ਨੂੰ ਵਰਤਣ ਦੀ ਸਿਆਸਤ ਕਰਨ ਲੱਗ ਪਈਆਂ ਸਨ। ਦੇਸ਼ ਦੀ ਆਜ਼ਾਦੀ (1947) ਤੋਂ ਪਿੱਛੋਂ ਸਿਆਸੀ ਕਾਰਨਾਂ ਕਰਕੇ ਇਹ ਦੋਵੇਂ ਸੰਸਥਾਵਾਂ ਸੰਭਲਣ ਦੀ ਥਾਂ ਨਿਘਾਰ ਵੱਲ ਤਿਲਕਦੀਆਂ ਗਈਆਂ ਹਨ ਅਤੇ ਇਸ ਵੇਲੇ ਦਰਪੇਸ਼ ਨਿਘਾਰ ਦੀ ਹੋਣੀ ਭੁਗਤਣ ਵਾਲੇ ਰਾਹ ਪਈਆਂ ਹੋਈਆਂ ਹਨ। ਇਸ ਦਾ ਚੂਲਕ ਕਾਰਨ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਇਸ ਭਰਮ ਦਾ ਸ਼ਿਕਾਰ ਹੋ ਗਿਆ ਹੈ ਕਿ ਅਕਾਲੀ ਦਲ ਓਸੇ ਦਾ ਹੈ, ਜਿਸ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕਬਜ਼ਾ ਹੈ। ਇਸ ਨਾਲ ਸੇਵਾ ਨੂੰ ਕਬਜ਼ਾ ਸਮਝ ਕੇ ਤਿੰਨੇ ਸਿੱਖ ਸੰਸਥਾਵਾਂ (ਅਕਾਲ ਤਖਤ ਸਾਹਿਬ, ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ) ਸਿਆਸੀ ਕਲੇਸ਼ ਦਾ ਸ਼ਿਕਾਰ ਹੋ ਗਈਆਂ ਹਨ। ਸਿਆਸਤ ਦੇ ਪੈਰੋਂ ਪੈਦਾ ਹੋਈਆਂ ਦੁਸ਼ਵਾਰੀਆਂ ਨੇ ਇਹ ਸਥਿਤੀ ਪੈਦਾ ਕਰ ਦਿੱਤੀ ਹੈ ਕਿ ਸਿਆਸਤਦਾਨਾਂ ਦੀਆਂ ਕੀਤੀਆਂ ਦੀ ਆਮ ਸਿੱਖ ਨੂੰ ਭੁਗਤਣੀ ਪੈ ਰਹੀ ਸਜ਼ਾ ਦਾ ਨਾਮ ਹੀ ਸਿੱਖ ਸਿਆਸਤ ਹੋ ਗਿਆ ਹੈ।

ਇਸ ਨੂੰ ਸਮਝਣ ਲਈ ਮਰਹੂਮ ਸ. ਕਪੂਰ ਸਿੰਘ ਦੀ ਕਈ ਸਾਲ ਪਹਿਲਾਂ ਕਾਲਪਨਿਕ 'ਬੁਰਛਾ ਸੋਧਕ ਭੁਜੰਗੀ ਦਲ' ਬਾਰੇ ਲਿਖੀ ਕਵਿਤਾ ਪਿੱਛੇ ਦੋ ਭਾਵਨਾਵਾਂ ਕੰਮ ਕਰਦੀਆਂ ਲੱਗਦੀਆਂ ਹਨ। ਪਹਿਲੀ ਇਹ ਕਿ ਵਰਤਮਾਨ ਅਕਾਲੀਆਂ ਨੇ ਆਪਣੇ ਆਪ ਨੂੰ ਪੰਥ ਮੰਨ ਕੇ ਪਹਿਲਾਂ ਪੰਥਕ ਭਾਵਨਾ ਵੱਲ ਪਿੱਠ ਕੀਤੀ ਅਤੇ ਫਿਰ ਪੰਥਕ ਸਰੋਕਾਰਾਂ ਨਾਲ ਹਮਦਰਦੀ ਰੱਖਣ ਵਾਲਿਆਂ ਨੂੰ ਸਿਆਸੀ-ਸ਼ਰੀਕ ਸਮਝ ਕੇ ਖੂੰਜੇ ਲਾਈ ਰੱਖਿਆ। ਦੂਜੀ ਇਹ ਕਿ ਪੰਥਕ ਚੇਤਨਾ ਜਾਂ ਸਿੱਖ-ਸੋਝੀ ਨੂੰ ਆਪਣੇ ਹੀਣ-ਭਾਵ ਦਾ ਸ਼ਿਕਾਰ ਬਣਾਇਆ। ਇਸੇ ਵਿਰੁੱਧ ਭੜਾਸ ਇਨ੍ਹਾਂ ਸਤਰਾਂ ਵਿਚੋਂ ਨਜ਼ਰ ਆ ਜਾਂਦੀ ਹੈ:

ੴ ਦੇਗ ਤੇਗ ਫਤਹਿ।
ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ।
ਸ਼੍ਰੋਮਣੀ ਹਮਾਰੀ ਰਹੇ ਪੈਸਾ ਚੰਦਾ ਜਾਰੀ ਰਹੇ, ਸੰਘ ਨਾਲ ਯਾਰੀ, ਝੱਲੇ ਆਰੀਆ ਸਮਾਜ ਕੇ।
ਸਿੱਖ ਕੀ ਨ ਬਾਤ ਚੱਲੇ, ਪੰਥ ਕੀ ਨ ਗਾਥ ਚੱਲੇ, ਲੂਟ ਦੋਨੋਂ ਹਾਥ ਚੱਲੇ, ਸੰਗ ਸਾਜ ਬਾਜ ਕੇ।
ਅਕਲ ਕੀ ਨ ਗਲ ਰਹੇ, ਇਕੋ 'ਕਾਲੀ ਦਲ' ਰਹੈ, ਨਿਤ ਤਰਥੱਲ ਰਹੈ, 'ਜ਼ਿੰਦਾਬਾਦ' ਗਾਜ ਕੇ।
ਝੰਡੀ ਵਾਲੀ ਕਾਰ ਰਹੈ, ਫੂਲਨ ਕੇ ਹਾਰ ਰਹੇ, ਗੋਲਕੇਂ ਭਰਪੂਰ ਕਰੇਂ, ਸਿੱਖ ਭਾਜ ਭਾਜ ਕੇ।
ਪੰਥ ਕੇ ਦਰਦ ਹਿਤ, ਬੁੱਧੀ ਕੀ ਜੋ ਸੇਧ ਦੇਵੈਂ, ਨਿਕਟ ਨ ਆਣੇ ਪਾਵੈਂ, ਰਾਜ ਭਾਗ ਕਾਜ ਕੇ।
ਜਥੇਦਾਰ ਕਹਿਤ ਬਿਰਾਜੇ ਮਤ ਭਾਜੋ ਸਿੱਖੋ, ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ।

ਸਿੱਖ ਸਿਆਸਤ ਅਤੇ ਸਿੱਖੀ ਕਿਵੇਂ ਸਮਾਨਾਂਤਰਤਾ ਵਿਚ ਆ ਗਈਆਂ ਹਨ ਅਤੇ ਇਸ ਨਾਲ ਆਮ ਸਿੱਖ ਦੀ ਕੀ ਹਾਲਤ ਹੋ ਗਈ ਹੈ, ਇਸ ਬਾਰੇ ਸਾਧੂ ਸਿੰਘ ਬੇਦਿਲ ਦੀ ਇਹ ਕਵਿਤਾ ਕੁਝ ਸੰਕੇਤ ਕਰਦੀ ਹੈ। ਇਸ ਨੂੰ ਉਸ ਗੁਰਸਿੱਖ ਵਾਸਤੇ ਵੀ ਸਮਝਿਆ ਜਾ ਸਕਦਾ ਹੈ, ਜਿਸ ਦਾ ਰਾਹ ਸਿਆਸੀ-ਪੁੱਤਰਾਂ ਨੇ ਰੋਕ ਰੱਖਿਆ ਹੈ। ਇਹ ਕਵਿਤਾ ਪੰਜਾਬੀ ਟ੍ਰਿਬਿਊਨ ਮਿਤੀ 18-12-2011 ਵਿਚ ਛਪੀ ਹੋਈ ਹੈ:

ਤੈਨੂੰ ਪੁੱਤ ਲੀਡਰੀ ਕਿੱਥੇ?
ਨਾ ਤੂੰ ਯਾਰ ਤੇ ਨ ਤੂੰ ਚੋਰ, ਨਾ ਤੂੰ ਠੱਗ ਨ ਰਿਸ਼ਵਤਖੋਰ,
ਨਾ ਤੂੰ ਝੂਠ ਬੋਲਣ ਦਾ ਆਦੀ, ਨਾ ਤੂੰ ਗੁੰਡੇਬਾਜ਼ ਫਸਾਦੀ,
ਨਾ ਤੂੰ ਜਾਣੇ ਕਰਨ ਚਲਾਕੀ, ਲਾਉਣ ਨਾ ਜਾਣੇਂ ਰੱਬ ਨੂੰ ਟਾਕੀ,
ਤੈਨੂੰ ਪੁੱਤ ਲੀਡਰੀ ਕਿੱਥੇ?
ਲਾਰਾ ਲੱਪਾ ਲਾਉਣ ਨ ਜਾਣੇਂ, ਅੱਡੀ ਟੱਪਾ ਪਾਉਣ ਨਾ ਜਾਣੇਂ,
ਛਿੱਤਰਾਂ ਦੇ ਹਾਰਾਂ ਤੋਂ ਡਰਦੈਂ, ਦੇਖ ਮੁਜਾਹਰੇ ਹਰਿ ਹਰਿ ਕਰਦੈਂ,
ਕਾਲੀਆਂ ਝੰਡੀਆਂ ਤੋਂ ਘਬਰਾਵੇਂ, ਅੰਦਰੋਂ ਅੰਦਰੀਂ ਮਰਦਾ ਜਾਵੇਂ,
ਤੈਨੂੰ ਪੁੱਤ ਲੀਡਰੀ ਕਿੱਥੇ?
ਜਿਤਣਾ ਸਕੇ ਨਾ ਲੰਮੀ ਸੋਚ, ਜੋ ਬਣ ਸਕੇ ਨ ਟਕਣ ਬੋਚ,
ਹੱਥਾਂ ਨਾਲ ਜੋ ਲਾਉਣ ਜਾਣੇ, ਪੈਰਾਂ ਨਾਲ ਬੁਝਾਉਣ ਜਾਣੇ,
ਉਸਦੇ ਲਈ ਲੀਡਰੀ ਚੰਗਾਂ!
ਤੇਰੇ ਲਈ ਲੀਡਰੀ ਕਿਥੇ?
ਤੂੰ ਨਾ ਜਾਣੇਂ ਆਨ ਵੇਚਣਾ, ਅਣਖ, ਇੱਜ਼ਤ, ਸਵੈ-ਮਾਨ ਵੇਚਣਾ,
ਦੇਸ਼ ਦਾ ਦਿਲ ਤੇ ਜਾਨ ਵੇਚਣਾ,
ਜਦ ਤੱਕ ਪੂਰਾ ਬੋਲ ਹੈ ਤੇਰਾ, ਜਦ ਤੱਕ ਪੂਰਾ ਤੋਲ ਹੈ ਤੇਰਾ,
ਤੈਨੂੰ ਪੁੱਤ ਲੀਡਰੀ ਕਿੱਥੇ?
ਲੈਕਚਰ ਦਿੰਦਿਆਂ ਮਾਰ ਕੇ ਮੁੱਕੀ, ਮੇਜ਼ ਤੋੜਨੀ ਤੂੰ ਨਾ ਜਾਣੇਂ!
ਤੂੰ ਨਾ ਜਾਣੇਂ ਲਾ-ਜਵਾਬੀ, ਗੱਲ ਮੋੜਨੀ ਤੂੰ ਨਾ ਜਾਣੇਂ,
ਵੋਟ ਲੈਣ ਲਈ ਪੱਲੇ ਤੇਰੇ, ਇਕ ਵੀ ਹੈ ਨਹੀਂ ਕੌਡੀ ਫੁੱਟੀ!
ਬਾਝ ਕਬਾਬੋਂ ਬਾਝ ਸ਼ਬਾਬੋਂ, ਐਵੇਂ ਜਾਏ ਨਾ ਦੁਨੀਆਂ ਲੁੱਟੀ!
ਜਦ ਤੱਕ ਕੋਲ ਸੁ-ਕਰਮ ਹੈ ਤੇਰੇ, ਜਦ ਤੱਕ ਪੱਲੇ ਧਰਮ ਹੈ ਤੇਰੇ,
ਜਦ ਤੱਕ ਪੱਲੇ ਸ਼ਰਮ ਹੈ ਤੇਰੇ, ਤੈਨੂੰ ਪੁੱਤਾ! ਲਡਿਰੀ ਕਿੱਥੇ?

ਅਕਾਲੀਆਂ ਬਾਰੇ ਕੀਤੀ ਜਾ ਰਹੀ ਇਹ ਗੱਲ ਪੰਜਾਬ ਦੇ ਸਾਰੇ ਸਿਆਸਤਦਾਨਾਂ ਨੂੰ ਧਿਆਨ ਸੁਣ ਕੇ ਸਮਝਣੀ ਚਾਹੀਦੀ ਹੈ।

# ਔਰਤ ਹੋਣਾ ਕਿੰਨਾ ਔਖਾ ਹੈ!

*(ਇਹ ਲਿਖਤ ਮੇਰੀ ਮਾਂ, ਭੈਣਾਂ, ਧੀਆਂ ਤੇ ਪਤਨੀ ਨੂੰ ਸਮਰਪਿਤ ਹੈ: ਵਰਿਆਮ ਸੰਧੂ)*



**ਵਰਿਆਮ ਸਿੰਘ ਸੰਧੂ**
ਫੋਨ: 647-535-1539
ਵਟਸਐਪ-98726-02296

**ਵਰਿਆਮ ਸਿੰਘ ਸੰਧੂ ਨੇ ਚੜ੍ਹਦੀ ਵਰੇਸੇ ਪੰਜਾਬੀ ਸਾਹਿਤ ਜਗਤ ਵਿਚ ਪਹਿਲਾਂ ਕਵਿਤਾ ਨਾਲ ਭਰਪੂਰ ਹਾਜ਼ਰੀ ਲਵਾਈ, ਫਿਰ ਕਹਾਣੀ ਦੇ ਖੇਤਰ ਵਿਚ ਨਵੇਂ ਪੂਰਨੇ ਪਾਏ ਅਤੇ ਫਿਰ ਵਾਰਤਕ ਦੀ ਦੁਨੀਆ ਵਿਚ ਵੀ ਆਪਣੀ ਕਲਮ ਦਾ ਲੋਹਾ ਮਨਵਾਇਆ। ਉਸ ਦੀਆਂ ਰਚਨਾਵਾਂ ਪੰਜਾਬ ਦੇ ਸਰੋਕਾਰਾਂ ਨਾਲ ਡੂੰਘੀਆਂ ਜੁੜੀਆਂ ਹੋਈਆਂ ਹਨ। ਇਸ ਨਵੇਂ ਕਾਲਮ ਰਾਹੀਂ ਅਸੀਂ ਉਨ੍ਹਾਂ ਦੀ ਵਾਰਤਕ ਦੇ ਦਿਲਚਸਪ ਕਿੱਸਿਆਂ ਦੀ ਲੜੀ ਆਪਣੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ।**

ਔਰਤ ਹੋਣਾ ਕਿੰਨਾ ਮੁਸ਼ਕਿਲ ਹੈ, ਇਸ ਬਾਰੇ ਗੱਲਾਂ ਤਾਂ ਕਈ ਪੱਖਾਂ ਤੋਂ ਕੀਤੀਆਂ ਜਾ ਸਕਦੀਆਂ ਨੇ, ਪਰ ਮੈਂ ਅੱਜ ਕਿਸੇ ਸਿਧਾਂਤਕ ਪੱਖ ਦਾ ਜ਼ਿਕਰ ਨਹੀਂ ਕਰਨ ਲੱਗਾ। ਮੈਂ ਤਾਂ ਸਿਰਫ਼ ਆਪਣੇ ਬਚਪਨ ਦੀ ਚੇਤਿਆਂ ਵਿਚ ਵੱਸੀ ਇਕ ਝਾਕੀ ਤੁਹਾਡੇ ਨਾਲ ਸਾਂਝੀ ਕਰਨੀ ਹੈ।

ਛੁੱਟੀਆਂ ਵਿਚ ਆਪਣੇ ਨਾਨਕੇ ਜਾਈਦਾ ਸੀ। ਨਾਨਕਿਆਂ ਵੱਲੋਂ ਤਾਂ ਪਿਆਰ ਮਿਲਣਾ ਹੀ ਹੁੰਦਾ ਸੀ, ਪਰ ਮੈਂ ਤਾਂ ਸਾਰੇ ਪਿੰਡ ਦਾ ਦੋਹਤਾ ਜਾਂ ਭਣੇਵਾਂ ਸਾਂ। ਨਾਨਕਿਆਂ ਦੇ ਭਾਈਚਾਰੇ ਚੋਂ ਲੱਗਦੀਆਂ ਮਾਮੀਆਂ-ਮਾਸੀਆਂ, ਲਾਡ ਲਡਾਉਂਦੀਆਂ। ਦੁੱਧ ਪਿਆਉਂਦੀਆਂ। ਕੁਝ ਨਾ ਕੁਝ ਖਾਣ ਨੂੰ ਦਿੰਦੀਆਂ। ਉਦੋਂ ਪੰਜਾਬ ਦੇ ਪਿੰਡਾਂ ਵਿਚ ਇਹੋ ਜਿਹਾ ਹੀ ਸਭਿਆਚਾਰ ਸੀ। ਨਾਨੇ ਦੇ ਹਾਣ ਦੇ ਬਜ਼ੁਰਗ ਤੇ ਮਾਮਿਆਂ ਦੇ ਹਾਣੀ ਗੱਭਰੂ ਬੇਪਨਾਹ ਪਿਆਰ ਕਰਦੇ। ਕਦੀ ਕਦੀ ਮਜ਼ਾਕ ਵੀ ਕਰਦੇ। ਮੈਂ ਖਿਡੌਣਾ-ਗੱਡ ਬਣਾ ਕੇ ਦੇਣ ਲਈ ਆਖਦਾ ਤਾਂ ਗੁਰਮੇਜ ਕਾਰੀਗਰ ਕਹਿੰਦਾ, 'ਗੱਡਾਂ ਇਕ ਦੀਆਂ ਦੋ ਬਣਾ ਦਊਂ ਪਰ ਪਹਿਲਾਂ ਵਾਅਦਾ ਕਰ ਕਿ ਆਪਣੀ ਦਾਦੀ ਦਾ ਵਿਆਹ ਸਾਡੇ ਛੜੇ ਤਾਏ ਨਾਲ ਕਰਾ ਦੇਂ'ਗਾ।' ਮੈਂ ਲੜ ਪੈਂਦਾ। ਓਸੇ-ਪਾਸੇ ਖਲੋਤੇ ਜੀਅ ਹੱਸ ਪੈਂਦੇ। ਕੋਈ ਸਿਆਣਾ ਮੈਨੂੰ ਠੰਢ ਰੱਖਣ ਲਈ ਕਹਿੰਦਾ। ਅਗਲੇ ਦਿਨ ਗੁਰਮੇਜ ਗੱਡ ਬਣਾ ਕੇ ਲਿਆ ਦਿੰਦਾ ਤੇ ਹੱਸ ਕੇ ਕਹਿੰਦਾ, 'ਲੈ ਭਣੇਵਿਆਂ! ਤੂੰ ਤਾਂ ਸਾਡੀ ਮੰਨੀ ਨਹੀਂ, ਪਰ ਅਸੀਂ ਤਾਂ ਦੋਹਤਵਾਨ ਨੂੰ ਨਾਂਹ ਨਹੀਂ ਨਾ ਕਰ ਸਕਦੇ।' ਏਦਾਂ ਹੀ ਸਕਿਆਂ ਵਿਚੋਂ ਇਕ ਹੋਰ ਮਾਮਾ ਸੀ, ਮੈਨੂੰ ਬੜਾ ਪਿਆਰ ਕਰਦਾ। ਉਹਦੇ ਵਿਹਾਰ ਤੇ ਕਿਰਦਾਰ ਦੀ ਸਾਰੇ ਵਡਿਆਈ ਕਰਦੇ ਸਨ। ਉਹ ਹੈ ਹੀ ਅਜਿਹਾ ਸੀ। ਵਿਆਹ-ਸ਼ਾਦੀਆਂ ਤੇ ਮਰਨੇ-ਪਰਨੇ ਦੇ ਸਮਾਗਮਾਂ ਵਿਚ ਸਦਾ ਅੱਗੇ ਹੋ ਕੇ ਕੰਮ ਕਰਦਾ। ਮੈਨੂੰ ਵੀ ਬੜਾ ਚੰਗਾ ਲੱਗਦਾ।

ਮੇਰੇ ਨਾਨਕਿਆਂ ਦਾ ਘਰ ਪਿੰਡ ਦੇ ਬਾਹਰਵਾਰ ਗੁਰਦਵਾਰੇ ਦੇ ਕੋਲ ਪਿੰਡ ਦੇ ਉਤਰ ਵੱਲ ਸੀ, ਜਦ ਕਿ ਉਤਰ ਤੋਂ ਦੱਖਣ ਨੂੰ ਜਾਂਦੀ ਗਲੀ ਦੇ ਦੂਜੇ ਸਿਰੇ 'ਤੇ ਸਾਡੇ ਪੁਰਾਣੇ ਘਰ ਸਨ, ਜਿਨ੍ਹਾਂ ਨੂੰ 'ਅੰਦਰਲੇ ਘਰ' ਕਿਹਾ ਜਾਂਦਾ ਸੀ, ਜਿਸ ਵਿਚ ਸਾਡੇ ਵੱਡੇ ਬਾਬੇ (ਨਾਨੇ ਦਾ ਵੱਡਾ ਭਰਾ) ਦੇ ਮੁੰਡਿਆਂ ਦੇ ਟੱਬਰ ਰਹਿੰਦੇ ਸਨ। ਮੈਂ ਉਦੋਂ ਅਠਵੀਂ-ਨੌਵੀਂ ਵਿਚ ਪੜ੍ਹਦਾ ਹੋਵਾਂਗਾ। ਸਾਡੀ ਰਿਸ਼ਤੇ ਵਿਚੋਂ ਲੱਗਦੀ ਮੇਰੀ ਇਕ ਭੈਣ ਦੇ ਮਨ ਵਿਚ ਪਤਾ ਨਹੀਂ ਕੀ ਆਈ। ਉਹਨੇ ਮੈਨੂੰ ਕੁੜੀਆਂ ਵਾਲੇ ਕੱਪੜੇ ਪਵਾ ਕੇ ਮੇਰੀ ਗੁੱਤ ਕਰ ਦਿੱਤੀ। ਸਿਰ 'ਤੇ ਚੁੰਨੀ। ਸਾਰੀਆਂ ਜ਼ਨਾਨੀਆਂ ਹੱਸਣ। ਭੈਣ ਕਹਿੰਦੀ, 'ਹਾਇ ਮੈਂ ਮਰਜਾਂ, ਵੇਖੋ ਨੀ ਕਿੰਨੀ ਸੋਹਣੀ ਕੁੜੀ ਏ। ਪਛਾਣ ਈ ਨਹੀਂ ਹੁੰਦੀ ਕਿ ਇਹ ਸਾਡਾ ਵਰਿਆਮ ਹੈ।'

ਫਿਰ ਪਤਾ ਨਹੀਂ ਉਹਦੇ ਮਨ ਵਿਚ ਕੀ ਆਈ। ਕਹਿੰਦੀ, 'ਮੈਂ ਇਹਨੂੰ ਅੰਦਰਲੇ ਘਰ ਲੈ ਕੇ ਜਾਂਦੀ ਆਂ। ਵਿੰਹਦੀ ਆਂ ਕਿ ਇਹਨੂੰ ਕੋਈ ਪਛਾਣਦਾ ਵੀ ਹੈ ਕਿ ਨਹੀਂ।' ਤੇ ਸ਼ੁਗਲ-ਸ਼ੁਗਲ ਵਿਚ ਉਹ ਮੈਨੂੰ ਅੰਦਰਲੇ ਘਰ ਨੂੰ ਲੈ ਤੁਰੀ। ਸੱਚੀ ਗੱਲ ਤਾਂ ਇਹ ਹੈ ਕਿ ਅੰਦਰਲੇ ਘਰ ਦੇ ਕਿਸੇ ਜੀਅ ਨੇ ਵੀ ਮੈਨੂੰ ਪਛਾਣਿਆਂ ਨਾ। ਭੈਣ ਨੇ ਕਿਸੇ ਹੋਰ ਰਿਸ਼ਤੇਦਾਰ ਦੀ ਧੀ ਦੱਸ ਕੇ ਮੇਰੀ ਜਾਣ-ਪਛਾਣ ਕਰਵਾਈ। ਸਾਰੀਆਂ ਨੇ ਮੈਨੂੰ ਪਿਆਰ ਕੀਤਾ। ਸ਼ਗਨ ਦਿੱਤਾ। ਵਾਰ ਵਾਰ ਆਖਣ, 'ਕਿਆ ਰੂਪ ਏ ਕੁੜੀ 'ਤੇ'

ਮੈਂ ਘੁੰਨਾਂ ਹੋਇਆ ਚੁੰਨੀ ਵਿਚ ਮੂੰਹ ਲੁਕਾ ਕੇ ਹੱਸਾਂ। ਪਰ ਪਛਾਣਿਆਂ ਕਿਸੇ ਨਾ। ਜਦੋਂ ਅਸੀਂ ਅੰਦਰਲੇ ਘਰ ਜਾਣ ਲਈ ਘਰੋਂ ਨਿਕਲੇ ਸਾਂ ਤਾਂ ਗੁਰਦਵਾਰੇ ਵਾਲੇ ਥੜ੍ਹੇ 'ਤੇ ਸਦਾ ਵਾਂਗ ਕੁਝ ਲੋਕ ਬੈਠੇ ਸਨ। ਮੈਂ ਸੰਗਦੇ ਨੇ ਮੂੰਹ ਉਤਾਂਹ ਨਹੀਂ ਸੀ ਚੁੱਕਿਆ। ਪਰ ਜਦੋਂ ਵਾਪਸ ਘਰ ਨੂੰ ਆ ਰਹੇ ਸਾਂ, ਤਾਂ ਅਚਾਨਕ ਮੇਰੀ ਨਜ਼ਰ ਥੜ੍ਹੇ 'ਤੇ ਬੈਠੇ ਬੰਦਿਆਂ ਵੱਲ ਚਲੀ ਗਈ। ਮੇਰੀ ਨਜ਼ਰ ਆਪਣੇ ਉਸ ਮਾਮੇ ਵੱਲ ਗਈ, ਜੋ ਪਿੰਡ ਵਿਚ ਬੜੇ ਸਾਊ ਤੇ ਚੰਗੇ ਗੱਭਰੂ ਵਜੋਂ ਜਾਣਿਆ ਜਾਂਦਾ ਸੀ। ਮੈਂ ਵੇਖਿਆ ਕਿ ਮਾਮੇ ਦੀਆਂ ਨਜ਼ਰਾਂ ਮੇਰੇ 'ਤੇ ਗੱਡੀਆਂ ਹੋਈਆਂ ਸਨ। ਉਹਦੀਆਂ ਅੱਖਾਂ ਵਿਚ ਏਨੀ ਹਿਰਸ ਤੇ ਭੋਖੜਾ ਸੀ ਕਿ ਪਲ ਦੀ ਪਲ ਮੈਂ ਭੁੱਲ ਗਿਆ ਕਿ ਮੈਂ ਮੁੰਡਾ ਹਾਂ। ਮੈਨੂੰ ਲੱਗਾ ਕਿ ਮੇਰੇ ਵਿਚੋਂ ਦਿਸਦੀ ਕੁੜੀ ਨੂੰ ਮਾਮਾ ਕਿਹੋ ਜਿਹੀ ਸ਼ਹਿਵਤ ਨਾਲ ਵੇਖ ਰਿਹਾ ਏ! ਮੇਰੇ ਅੰਦਰਲੀ ਕੁੜੀ ਨੂੰ ਉਹਦੀਆਂ ਅੱਖਾਂ ਦੀ ਮੈਲ ਵੇਖ ਕੇ ਬੜਾ ਅਜੀਬ ਲੱਗਾ। ਘਬਰਾਹਟ ਹੋਣ ਲੱਗੀ। ਬੜੀ ਸ਼ਰਮ ਵੀ ਆਈ। ਸਾਊ ਮਾਮੇ ਦੀਆਂ ਅੱਖਾਂ ਵਿਚ ਕੁੜੀ ਨੂੰ ਖਾ ਜਾਣਾ ਬਘਿਆੜ ਮੈਨੂੰ ਬੜਾ ਬੁਰਾ ਲੱਗਾ। ਉਸਤੋਂ ਬਾਅਦ ਵੀ ਮਾਮਾ ਪਿੰਡ ਵਾਲਿਆਂ ਲਈ ਓਨਾ ਹੀ ਚੰਗਾ ਸੀ। ਮੈਨੂੰ ਵੀ ਓਨਾ ਹੀ ਪਿਆਰ ਕਰਦਾ, ਪਰ ਪਤਾ ਨਹੀਂ ਕਿਉਂ, ਜਦੋਂ ਮੈਂ ਉਹਦੇ ਵੱਲ ਵਿੰਹਦਾ ਤਾਂ ਮੈਨੂੰ ਆਪਣਾ ਆਪ ਕੁੜੀ ਲੱਗਣ ਲੱਗ ਜਾਂਦਾ। ਮਾਮੇ ਦੀਆਂ ਅੱਖਾਂ ਵਿਚ ਪਹਿਲਾਂ ਵਾਲੀ ਨਿਰਛਲਤਾ ਤੇ ਮੋਹ ਹੁੰਦਾ। ਪਰ ਪਤਾ ਨਹੀਂ ਮੈਨੂੰ ਕਿਉਂ ਮਾਮੇ ਦੀਆਂ ਉਸ ਦਿਨ ਵਾਲੀਆਂ ਮੈਲੀਆਂ ਨਜ਼ਰਾਂ ਦਿਸਣ ਲੱਗ ਪੈਂਦੀਆਂ ਤੇ ਮੈਂ ਪਾਸਾ ਵਟਾ ਕੇ ਮਾਮੇ ਕੋਲੋਂ ਤੁਰ ਜਾਂਦਾ।

ਮਾਮੇ ਦੀਆਂ ਉਹ ਅੱਖਾਂ ਮੈਨੂੰ ਅੱਜ ਵੀ ਚੇਤੇ ਨੇ। ਮੇਰੇ ਅੰਦਰਲੀ ਕੁੜੀ ਦੇ ਜਿਸਮ ਨੂੰ ਵਿੰਨ੍ਹ ਰਹੀਆਂ। ਕੱਪੜਿਆਂ ਹੇਠੋਂ ਉਹਦਾ ਨੰਗੇਜ਼ ਵੇਖ ਰਹੀਆਂ। ਉਸਤੋਂ ਬਾਅਦ ਮੈਂ ਸੋਚਣ ਲੱਗਾ ਕਿ ਕੁੜੀਆਂ ਵਿਚਾਰੀਆਂ ਤਾਂ ਰੋਜ਼ ਹੀ ਅਜਿਹੇ ਮਰਦਾਂ ਦੀਆਂ ਅੱਖਾਂ ਦੀ ਮੈਲ ਨਾਲ ਲਿਬੜਦੀਆਂ ਹੋਣਗੀਆਂ। ਉਹ ਹਰ ਰੋਜ਼ ਅਜਿਹੀਆਂ ਕਿੰਨੀਆਂ ਨਜ਼ਰਾਂ ਦੇ ਤੀਰ ਸਹਿੰਦੀਆਂ ਹੋਣਗੀਆਂ। ਮੈਨੂੰ ਲੱਗਦਾ ਕਿ ਕੁੜੀ ਹੋ ਕੇ ਜਿਊਣਾ ਤੇ ਵਿਚਰਨਾ ਕਿੰਨਾ ਮੁਸ਼ਕਿਲ ਹੈ! ਸ਼ਾਇਦ ਏਹੋ ਕਾਰਨ ਹੈ ਕਿ ਉਮਰ ਬੀਤ ਗਈ ਹੈ ਮੈਂ ਕਦੀ ਕਿਸੇ (ਹੁਣ ਤਾਂ ਉਮਰ ਬੀਤ ਗਈ, ਜਵਾਨੀ ਵੇਲੇ ਦੀ ਗੱਲ ਕਰਾਂ) ਕੁੜੀ ਨੂੰ ਸ਼ੋਹਦਿਆਂ ਵਾਂਗ ਅੱਜ ਤੱਕ ਕਦੀ ਕੋਈ ਛੇੜਨ ਜਾਂ ਉਹਦੀ ਹਸਤੀ ਨੂੰ ਬੁਰੀ ਲੱਗਣ ਵਾਲੀ ਗੱਲ ਸੁਣਾ ਕੇ ਨਹੀਂ ਆਖੀ।

ਇਹ ਯਾਦ ਸਾਂਝੀ ਕਰਨ ਦਾ ਮਤਲਬ ਇਹ ਨਹੀਂ ਕਿ ਕੁੜੀਆਂ ਇਕੱਲ੍ਹੀਆਂ ਏਸੇ ਨਜ਼ਰ ਨਾਲ ਹੀ ਜ਼ਖ਼ਮੀ ਹੁੰਦੀਆਂ ਹੋਣਗੀਆਂ, ਉਨ੍ਹਾਂ ਨਾਲ ਹੋਰ ਵੀ ਵਧੀਕੀਆਂ ਹੁੰਦੀਆਂ ਨੇ ਤੇ ਉਨ੍ਹਾਂ ਦੇ ਕਈ ਪਸਾਰ ਨੇ। ਉਹ ਗੱਲਾਂ ਵੀ ਹੁੰਦੀਆਂ ਰਹਿੰਦੀਆਂ, ਕਰਦੇ ਰਹਿੰਦੇ ਹਾਂ। ਪਰ ਇਸ ਇਕ ਝਾਕੀ ਨੇ ਮੈਨੂੰ ਕਿੱਡਾ ਵੱਡਾ ਸਬਕ ਦੇ ਦਿੱਤਾ ਸੀ! ਅਜਿਹੀਆਂ ਨਜ਼ਰਾਂ ਦਾ ਭਾਰ ਸਾਰੀ ਉਮਰ ਝੱਲਣ ਵਾਲੀਆਂ ਔਰਤਾਂ ਨੂੰ ਔਰਤ ਦਿਵਸ 'ਤੇ ਔਰਤ ਜ਼ਾਤ ਦੇ ਸਤਿਕਾਰ ਲਈ ਸਿਰ ਝੁਕਾਉਣਾ ਫ਼ਰਜ਼ ਸਮਝਦਾ ਹਾਂ।

---

# ਬੇਗ਼ਮ ਅਖ਼ਤਰ

## ਪੁਰਾਣਾ ਸ਼ਹਿਦ

**ਹਜ਼ਾਰਾਂ ਗੁੰਮਨਾਮ ਸੂਰਮਿਆਂ ਦੀਆਂ ਬਹੁਤ ਹੀ ਦਿਲਚਸਪ ਅਣਲਿਖੀਆਂ ਕਹਾਣੀਆਂ (ਜਿਨ੍ਹਾਂ ਵਿਚ ਸਿੱਖਿਆ ਵੀ ਹੈ, ਇਤਿਹਾਸ ਵੀ ਤੇ ਸਾਹਿਤ ਵੀ) ਨੂੰ ਪਾਠਕਾਂ ਤਕ ਪੁਜਦਾ ਕਰਨ ਲਈ ਅਸੀਂ ਇਹ ਨਵਾਂ ਕਾਲਮ 'ਪੁਰਾਣਾ ਸ਼ਹਿਦ' ਸ਼ੁਰੂ ਕਰਨ ਜਾ ਰਹੇ ਹਾਂ। ਸਾਨੂੰ ਆਸ ਹੈ ਕਿ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲੇਗਾ। -ਸੰਪਾਦਕ**

1968 ਦੇ ਫ਼ਰਵਰੀ ਮਹੀਨੇ ਦੀ ਇਕ ਬਹੁਤ ਠੰਢੀ ਰਾਤ ਸੀ, ਜਦੋਂ ਰਾਤ ਦੇ ਯਾਰਾਂ ਵਜੇ ਦਿੱਲੀ ਦੇ ਪਟੌਦੀ ਹਾਊਸ ਦੇ ਇਕ ਕਮਰੇ ਦੇ ਬੂਹੇ ਤੇ ਦਸਤਕ ਹੋਈ, ਤੇ ਪਸ਼ਮੀਨੇ ਦੀ ਚਾਦਰ ਮੋਢਿਆਂ 'ਤੇ ਵਲ੍ਹੇਟ ਕੇ ਜਦੋਂ ਮਲਕਾ ਏ ਠੁਮਰੀ ਸਿਧੇਸ਼ਵਰੀ ਦੇਵੀ ਨੇ ਬੂਹਾ ਖੋਲ੍ਹਿਆ ਤੇ ਬੂਹੇ ਅੱਗੇ ਖਲੋਤੀ ਬੇਗ਼ਮ ਅਖ਼ਤਰ ਨੂੰ ਵੇਖਿਆ, ਤਾਂ ਉਹਦੇ ਮੂੰਹੋਂ ਨਿਕਲਿਆ, ਸੁਬ੍ਹਾਨ ਅੱਲਾ! ਇਕ ਜ਼ਮਾਨੇ ਤੋਂ ਬਾਅਦ ਇਹ ਮੁਲਾਕਾਤ ਹੋਈ ਸੀ, ਕਰੀਬ ਤੀਹਾਂ ਵਰ੍ਹਿਆਂ ਦੇ ਵਕਫ਼ੇ ਤੋਂ ਬਾਅਦ, ਇਸ ਲਈ ਇਕ ਹੈਰਾਨੀ ਵਿਚ ਲਿਪਟੀ ਸਿਧੇਸ਼ਵਰੀ ਨੇ ਕਿਹਾ-ਓ ਅਖ਼ਤਰੀ! ਕਾ ਹੋ, ਇਤੇ ਦਿਨ ਬਾਦ ਤੁਮ ਹਮਾਰੇ ਘਰ ਆਏ ਹੋ... ਬੇਗ਼ਮ ਅਖ਼ਤਰ ਨੇ ਕੋਈ ਤਮਹੀਦ ਨਹੀਂ ਬੰਨ੍ਹੀ, ਆਖਿਆ-ਹਮ ਤੁਮ ਸੇ ਕੋਈ ਚੀਜ਼ ਮਾਂਗਨੇ ਆਏ ਹੈਂ... ਸਿਧੇਸ਼ਵਰੀ ਕਮਰੇ ਦੇ ਗਲੀਚੇ ਉੱਤੇ ਪਏ ਹੋਏ ਰੇਸ਼ਮ ਦੇ ਇਕ ਤਕੀਏ ਉੱਤੇ ਬੇਗ਼ਮ ਅਖ਼ਤਰ ਨੂੰ ਬਿਠਾਂਦਿਆਂ ਇਕ

**ਅੰਮ੍ਰਿਤਾ ਪ੍ਰੀਤਮ**

ਖ਼ਾਮੋਸ਼ ਖ਼ੁਸ਼ਆਮਦੀਦ ਆਖ, ਪਰ ਹੋਠਾਂ ਵਿਚ ਸ਼ਿਕਵਾ ਭਰ ਕੇ ਬੋਲੀ-ਜ਼ਿੰਦਗੀ ਭਰ ਮਾਂਗਤ ਹੋ, ਸਭ ਮਿਲਾਲ ਹੋ, ਔ ਕਾ ਚਾਹੀ? ਤੂੰ ਬੇਗ਼ਮ ਹੋ ਨਾ ਅਬ ਤੋ... ਜੱਗ ਜਾਣਦਾ ਸੀ ਕਿ ਫ਼ੈਜ਼ਾਬਾਦ ਦੀ ਅਖ਼ਤਰੀ ਬਾਈ 'ਕਾਂਕੋਲੀ' ਦੇ ਨਵਾਬ ਇਸ਼ਤਿਆਕ ਅਹਿਮਦ ਅੱਬਾਸੀ ਨਾਲ ਨਿਕਾਹ ਕਰਕੇ ਹੁਣ ਬੇਗ਼ਮ ਅਖ਼ਤਰ ਹੋ ਚੁੱਕੀ ਸੀ। ਤੇ ਸਿਧੇਸ਼ਵਰੀ ਦੇਵੀ ਦੀ ਮੁਬਾਰਕ ਇਸੇ ਹਲਕੀ ਜਹੀ ਤਨਜ਼ ਦੀ ਸੂਰਤ ਵਿਚ ਸੀ। ਇਹ ਮਲਕਾ-ਏ-ਠੁਮਰੀ ਦੀ ਇਕ ਤਰ੍ਹਾਂ ਮਲਕਾ-ਏਗ਼ਜ਼ਲ ਨਾਲ ਇਕ ਦੋਸਤਾਨਾ ਗੁਫ਼ਤਗੂ ਸੀ।

ਬੇਗ਼ਮ ਅਖ਼ਤਰ ਦੇ ਨਾਲ ਉਸ ਰਾਤ ਇਕ ਵੀਹਾਂ ਵਰ੍ਹਿਆਂ ਦੀ ਬੜੀ ਹੁਸੀਨ ਲੜਕੀ ਸੀ-ਰੀਤਾ ਗਾਂਗੋਲੀ। ਉਹਦੇ ਵਲ ਇਸ਼ਾਰਾ ਕਰਕੇ ਉਹ ਸਿਧੇਸ਼ਵਰੀ ਨੂੰ ਕਹਿਣ ਲੱਗੀ-ਯਹ ਬੱਚੀ ਮੁਝੇ ਦੇ ਦੋ! ਮਾਂਗਨੇ ਆਈ ਹੂੰ! ਇਸ ਰੀਤਾ ਗਾਂਗੋਲੀ ਨੇ ਨਾਚ ਤੇ ਸੰਗੀਤ ਦੀ ਤਾਲੀਮ ਸ਼ਾਂਤੀ ਨਿਕੇਤਨ ਤੋਂ ਪਾਈ ਹੋਈ ਸੀ, ਤੇ ਖ਼ਿਆਲ ਠੁਮਰੀ ਤੇ ਟੱਪੇ ਦੀ ਅਗਲੀ ਤਾਲੀਮ ਉਹਨੇ ਪੂਰੇ ਦੋ ਵਰ੍ਹੇ ਸਿਧੇਸ਼ਵਰੀ ਤੋਂ ਪਾਈ ਸੀ, ਇਸ ਲਈ ਬੇਗ਼ਮ ਅਖ਼ਤਰ ਹੁਣ ਰੀਤਾ ਨੂੰ ਆਪਣੇ ਸਾਏ ਵਿਚ ਰੱਖਣ ਲਈ ਉਹਦੀ ਪਹਿਲੀ ਉਸਤਾਦ ਤੋਂ ਉਹਨੂੰ ਮੰਗਣ ਆਈ ਸੀ। ਸਿਧੇਸ਼ਵਰੀ ਦਾ ਮੂੰਹ ਉਹਦੀ ਉਂਗਲ ਵਿਚ ਪਏ ਹੋਏ ਮੋਤੀ ਵਾਂਗ ਚਮਕ ਪਿਆ, ਤੇ ਉਹ ਕਹਿਣ ਲੱਗੀ-ਤਨੀ ਬੈਠਾ, ਚਾਏ ਵਾਏ ਪੀਆ, ਬਤਿਆਵਾ ਹਮਰੇ ਲਗੇ। ਬੇਗ਼ਮ ਅਖ਼ਤਰ ਨੇ ਦਲੀਲ ਨਾਲ ਆਖਿਆ-ਤੁਮ ਜੋ ਆਜਕਲ ਨਹੀਂ ਸਿਖਾ ਰਹੀ ਹੋ, ਮੈਂ ਇਸੇ ਸਿਖਾਊਂਗੀ। ਫੇਰ ਸਿਧੇਸ਼ਵਰੀ ਨੂੰ ਸ਼ਾਇਦ ਮੋਤੀ ਜਹੀ ਸ਼ਾਗਿਰਦ ਦੇ ਗੁਆਚ ਜਾਣ ਦਾ ਅਹਿਸਾਸ ਹੋਇਆ, ਕਹਿਣ ਲੱਗੀ-ਪਛਤਾਵੇ ਕੇ ਹੋ! ਈਕਰ ਲੇ ਕੇ ਕਾ ਕਰੀ ਹੋ? ਪਰ ਜਿਹਨੇ ਬੂਹੇ 'ਤੇ ਆ ਕੇ ਜੋ ਕੁਝ ਮੰਗਿਆ ਸੀ, ਉਹਨੂੰ ਇਨਕਾਰ ਨਹੀਂ ਸੀ ਕੀਤਾ ਜਾ ਸਕਦਾ, ਸੋ ਗੰਢਾਂ ਬੰਨ੍ਹਣ ਦੀ ਬਾਕਾਇਦਾ ਰਸਮ ਹੋਈ। ਸਿਧੇਸ਼ਵਰੀ ਦੇਵੀ ਨੇ ਮੌਲੀ ਦੀ ਇਕ ਤੰਦ ਬੇਗ਼ਮ ਅਖ਼ਤਰ ਨੂੰ ਫੜਾਂਦਿਆਂ, ਨਾਲ ਛੋਲੇ ਤੇ ਗੁੜ ਸਾਹਮਣੇ ਰੱਖ ਦਿੱਤੇ। ਤੇ ਬੇਗ਼ਮ ਅਖ਼ਤਰ ਨੇ ਗੁੜ-ਛੋਲੇ ਰੀਤਾ ਦੇ ਮੂੰਹ ਲੁਆ ਕੇ, ਉਹਦੀ ਬਾਂਹ 'ਤੇ ਮੌਲੀ ਦੀ ਤੰਦ ਬੰਨ੍ਹ ਦਿੱਤੀ। ਇਹ ਇਕ ਅਜਿਹੀ ਰਾਤ ਸੀ, ਜੋ ਅੱਜ ਵੀ ਰੀਤਾ ਗਾਂਗੋਲੀ ਦੇ ਜ਼ਿਹਨ ਵਿਚ ਉਸੇ ਤਰ੍ਹਾਂ ਖਲੋਤੀ ਹੋਈ ਹੈ, ਜਿਵੇਂ ਹਵਾ ਵਿਚ ਸਿਧੇਸ਼ਵਰੀ ਦੇ ਲਫਜ਼ ਖਲੋਤੇ ਹੋਏ ਹਨ-ਸੁਬ੍ਹਾਨ ਅੱਲਾ! ਇਹ ਲਫ਼ਜ਼ ਸਿਰਫ ਸਿਧੇਸ਼ਵਰੀ ਦੇਵੀ ਦੇ ਨਹੀਂ-ਇਕ ਜ਼ਮਾਨੇ ਦੇ ਲਫਜ਼ ਹਨ-ਜੋ ਬੇਗ਼ਮ ਅਖ਼ਤਰ ਦਾ ਜ਼ਮਾਨਾ ਸੀ। 1914 ਵਿਚ ਫ਼ੈਜ਼ਾਬਾਦ ਦੀ ਇਕ ਹੁਸੀਨਾ ਮੁਸ਼ਤਰ ਬੇਗ਼ਮ ਦੇ ਘਰ ਦੋ ਜੌੜੀਆਂ ਬੱਚੀਆਂ ਨੇ ਜਨਮ ਲਿਆ ਸੀ, ਕਿਸੇ ਸੱਯਦ ਬਾਪ ਤੋਂ। ਪਰ ਉਨ੍ਹਾਂ ਬੱਚੀਆਂ ਨੂੰ ਬਾਪ ਦਾ ਨਾਂ ਨਸੀਬ ਨਹੀਂ ਸੀ ਹੋਇਆ। ਤੇ ਉਹ ਬੱਚੀਆਂ ਜਦੋਂ ਢਾਈ ਵਰ੍ਹੇ ਦੀ ਉਮਰ ਦੀਆਂ ਸਨ, ਪਤਾ ਨਹੀਂ ਕਿਹਨੇ ਕਿਹੜਾ ਇੰਤਕਾਮ ਲਿਆ ਸੀ ਕਿ ਇਕ ਬੱਚੀ ਗੈਰ ਕੁਦਰਤੀ ਮੌਤ ਮਰ ਗਈ ਸੀ, ਤੇ ਦੂਜੀ ਦੀ ਜਾਨ 'ਤੇ ਖਤਰਾ ਮੰਡਰਾਣ ਲੱਗ ਪਿਆ ਸੀ। ਇਹੋ ਦੂਜੀ ਬੱਚੀ ਅਖ਼ਤਰੀ ਸੀ, ਜੋ ਮੌਤ ਦੇ ਸਾਏ ਹੇਠਾਂ ਖੇਡਦੀ, ਜਦੋਂ ਸਕੂਲ ਪੜ੍ਹਨ ਲੱਗ ਪਈ ਤਾਂ ਕਿਸੇ ਨੇ ਮਾਂ ਬੇਟੀ ਦਾ ਘਰ ਜਲਾ ਦਿੱਤਾ ਸੀ, ਤੇ ਉਹ ਵੇਲਾ ਸੀ, ਜਦੋਂ ਅਖ਼ਤਰੀ ਦੀ ਮਾਂ ਨੇ ਫ਼ੈਜ਼ਾਬਾਦ ਨੂੰ ਅਲਵਿਦਾ ਆਖ ਕੇ ਗਯਾ ਵਿਚ ਆਪਣਾ ਕਿਆਮ ਕਰ ਲਿਆ ਸੀ। ਅਖ਼ਤਰੀ ਦੀ ਵਾਲਦਾ ਹੈਰਾਨ ਸੀ ਕਿ ਮੌਸਿਕੀ ਉਹਦੀਆਂ ਰਗਾਂ ਵਿਚ ਨਹੀਂ ਸੀ, ਪਰ ਉਹਦੀ ਕੁੱਖ ਵਿਚੋਂ ਸੱਤਾਂ ਸੁਰਾਂ ਵਿਚ ਲਿਪਟੀ ਇਸ ਬੱਚੀ ਨੇ ਜਨਮ ਕਿਵੇਂ ਲੈ ਲਿਆ ਸੀ। ਅਖ਼ਤਰੀ ਅਜੇ ਬੱਚੀ ਸੀ, ਜਦੋਂ ਆਸ਼ਕ ਅਲੀ ਸਾਹਬ ਤੋਂ ਗਾਣਾ ਸਿੱਖਦੀ ਆਪਣੇ ਰਿਆਜ਼ ਵਿਚ ਇਸ ਤਰ੍ਹਾਂ ਮਗਨ ਹੋ ਜਾਣ ਲੱਗ ਪਈ ਸੀ ਕਿ ਉਸਤਾਦਾਂ ਦੇ ਮੂੰਹੋਂ ਨਿਕਲ ਜਾਂਦਾ ਸੀ-ਸੁਬ੍ਹਾਨ ਅੱਲਾ! ਫ਼ੇਰ ਅਤਾ ਮੁਹੰਮਦ ਖਾਨ ਸਾਹਿਬ ਉਹਦੇ ਗੰਢ ਬੰਨ੍ਹ ਉਸਤਾਦ ਹੋਏ। ਤੇ ਉਹਦੀ ਆਵਾਜ਼ ਸ਼ਾਹੀ ਮਹਿਫ਼ਲਾਂ ਵਿਚ ਵੀ ਪਹੁੰਚੀ, ਤੇ ਉਹਦੀ ਸੂਰਤ ਫ਼ਿਲਮਾਂ ਵਿਚ ਵੀ। 'ਅਖ਼ਤਰੀ ਬਾਈ ਫ਼ੈਜ਼ਾਬਾਦੀ' ਸਿਰਫ਼ ਇਕ ਔਰਤ ਦਾ ਨਾਂ ਨਹੀਂ ਸੀ, ਇਕ ਬਹੁਤ ਲੰਬੇ ਰਸਤੇ ਦਾ ਨਾਂ ਸੀ। ਤੇ ਬੇਗ਼ਮ ਅਖ਼ਤਰ ਤੱਕ ਪਹੁੰਚਣ ਵਾਲਾ ਇਹ ਰਾਹ ਹਜ਼ਾਰ ਤੋਹਮਤਾਂ, ਹਸਦ ਤੇ ਇੰਤਕਾਮ ਜਹੇ ਹਜ਼ਾਰ ਖ਼ਤਰਿਆਂ ਨਾਲ ਭਰਿਆ ਹੋਇਆ ਸੀ-ਹੀਰਿਆਂ ਦੀਆਂ ਮੁੰਦਰੀਆਂ ਨਾਲ ਭਰੀਆਂ ਹੋਈਆਂ ਉਂਗਲਾਂ ਜਦੋਂ ਰਾਹ ਦੇ ਕੰਡੇ ਪੈਰਾਂ ਵਿਚੋਂ ਕਢਦੀਆਂ ਸਨ-ਤਾਂ ਪਤਾ ਨਹੀਂ ਵਕਤ ਦੇ ਮੂੰਹੋਂ ਕਿੰਨੀ ਵਾਰ ਨਿਕਲਦਾ ਸੀ-ਸੁਬ੍ਹਾਨ ਅੱਲਾ! ਬੇਗ਼ਮ ਅਖ਼ਤਰ ਨੇ ਆਪਣੀ ਸ਼ਖ਼ਸੀਅਤ ਦਾ ਰਾਜ਼ ਇਕ ਵਾਰੀ ਆਪਣੀ ਸ਼ਾਗਿਰਦ ਨੂੰ ਦੱਸਿਆ ਸੀ-ਬੇਟੀ! ਔਰਤ ਕੇ ਪਾਸ ਦੋ ਚੀਜ਼ੇਂ ਚਾਹੀਏਂ-ਤਨ ਕੀ ਨਜ਼ਾਕਤ ਔਰ ਮਨ ਕੀ ਤਾਕਤ। ਤੇ ਅੱਜ ਰੀਤਾ ਆਪਣੀ ਉਸ 'ਅੰਮੀ' ਦੀ ਗੱਲ ਕਰਦਿਆਂ ਅੱਖਾਂ ਭਰ ਲੈਂਦੀ ਹੈ 'ਮੇਰੇ ਕੋਲੋਂ ਨਹਾਇਤ ਗੁਸਤਾਖ਼ੀ ਹੋ ਗਈ ਸੀ-ਜਿਸ ਬੇਗ਼ਮ ਅਖ਼ਤਰ ਦੇ ਨਾਂ ਦੀ ਮੈਂ ਦੀਵਾਨੀ ਸਾਂ, ਉਹਨੇ ਜਦੋਂ ਗਾਲਿਬ ਸ਼ਤਾਬਦੀ ਦੇ ਜਸ਼ਨ ਵਿਚ ਮੈਨੂੰ ਆਪਣੇ ਨਾਲ ਮੰਚ ਉੱਤੇ ਬਿਠਾ ਲਿਆ, ਮੈਂ ਤਾਨਪੁਰਾ ਵਜਾਂਦੀ ਰਹੀ, ਤਾਂ ਅਚਾਨਕ ਅੰਮੀ ਨੇ ਹਾਰਮੋਨੀਅਮ ਉਤੋਂ ਹੱਥ ਚੁੱਕ ਕੇ, ਸਾਹਮਣੇ ਮਹਿਫ਼ਲ ਵਿਚ ਬੈਠੇ ਜ਼ਾਕਿਰ ਹੁਸੈਨ ਸਾਹਬ ਨੂੰ ਕਿਹਾ- 'ਮੈਨੇ ਏਕ ਬੱਚੀ ਤਈਆਰ ਕੀ ਹੈ, ਸੁਨੀਏ। ਕੈਸਾ ਕੋਇਲ ਜੈਸਾ ਕੂਕਤੀ ਹੈ।' ਤੇ ਪਾਸੇ ਵਲ ਵੇਖ ਕੇ ਮੈਨੂੰ ਕਿਹਾ-'ਗਾਓ!' 'ਮੈਂ ਖ਼ਿਆਲ ਗੌਂਦੀ ਸਾਂ, ਠੁਮਰੀ ਗੌਂਦੀ ਸਾਂ, ਤੇ ਸਿਧੇਸ਼ਵਰੀ ਦੇਵੀ ਤੋਂ ਤਾਲੀਮ ਪਾਈ ਸੀ, ਪਰ ਕਦੇ ਗ਼ਜ਼ਲ ਨਹੀਂ ਸੀ ਗਾਈ, ਤੇ ਅੰਮੀ ਆਪਣੀ ਗ਼ਜ਼ਲ ਵਿਚ ਮੈਨੂੰ ਸਾਥ ਦੇਣ ਲਈ ਆਖ ਰਹੀ ਸੀ।' 'ਮੈਂ ਚੁੱਪ ਰਹੀ, ਤਾਂ ਅੰਮੀ ਨੇ ਪਿਛਾਂਹ ਵਲ ਮੂੰਹ ਕਰਕੇ ਮੈਨੂੰ ਆਖਿਆ-ਕੈਸੇ ਗਾਏਗੀ, ਜੈਸੀ ਕੂੜ ਤੇਰੀ ਉਸਤਾਦ ਥੀ-ਵੈਸੀ ਤੂੰ।' 'ਤੇ ਉਸ ਵੇਲੇ ਮੇਰੀਆਂ ਰਗਾਂ ਬਲਣ ਲੱਗ ਪਈਆਂ। ਇਹ ਮੇਰੀ ਉਸਤਾਦ ਦਾ ਅਪਮਾਨ ਸੀ। ਅੰਮੀ ਗ਼ਜ਼ਲ ਗਾ ਰਹੀ ਸੀ:

'ਜ਼ਿਕਰ ਉਸ ਕਾ ਪਰੀਵਸ਼ ਕਾ ਔਰ ਫਿਰ ਬਯਾਂ ਅਪਨਾ,
ਬਨ ਗਯਾ ਰਕੀਬ, ਥਾ ਜੋ ਰਾਜ਼ਦਾਂ ਅਪਨਾ'

ਪਰ ਮੈਂ ਇਸ ਗ਼ਜ਼ਲ ਤੋਂ ਵਾਕਫ਼ ਨਹੀਂ ਸਾਂ। ਨਾ ਹੀ ਮੈਨੂੰ ਕੋਈ ਲਫ਼ਜ਼ ਸੁਣਾਈ ਦੇ ਰਿਹਾ ਸੀ, ਕਿਉਂਕਿ ਮੈਂ ਮਾਈਕ ਤੋਂ ਪਿਛਲੇ ਪਾਸੇ ਸਾਂ। ਸਿਰਫ਼ 'ਬਯਾਂ ਅਪਨਾ' ਸਮਝ ਆਇਆ, ਤੇ ਮੈਂ ਗੁੱਸੇ ਵਿਚ ਭਰੀ-ਪੀਤੀ ਨੇ ਉਹੀ ਲਫਜ਼, ਖ਼ਿਆਲ ਦੇ ਅੰਦਾਜ਼ ਵਿਚ ਗਾ ਦਿੱਤੇ। ਗ਼ਜ਼ਲ ਵਿਚ ਖ਼ਿਆਲ ਦਾ ਅੰਦਾਜ਼ ਨਹੀਂ ਚਲਦਾ। ਮੈਂ ਆਪਣੀ ਜਾਚੇ ਅੰਮੀ ਦੀ ਗਜ਼ਲ ਵਿਗਾੜ ਦਿੱਤੀ ਸੀ-ਪਰ ਨਹੀਂ ਸਾਂ ਜਾਣਦੀ ਕਿ ਸੱਤੇ ਸੁਰਾਂ ਉਹਦੀ ਤਾਬਿਆ ਵਿਚ ਸਨ-ਉਹਨੇ ਖ਼ਿਆਲ ਦਾ ਅੰਦਾਜ਼ ਵੀ ਸੰਭਾਲ ਲਿਆ, ਤੇ ਗ਼ਜਲ ਦਾ ਅੰਦਾਜ਼ ਵੀ ਕਾਇਮ ਰੱਖ ਲਿਆ।' 'ਮਹਿਫ਼ਿਲ ਖ਼ਤਮ ਹੋਈ, ਤਾਂ ਮੈਂ ਅੰਮੀ ਨਾਲ ਲੜ ਪਈ ਕਿ ਅੱਜ ਤੋਂ ਬਾਅਦ ਮੈਂ ਕਦੇ ਅੰਮੀ ਦੀ ਸੂਰਤ ਨਹੀਂ ਵੇਖਾਂਗੀ, ਨਾ ਕਦੇ ਅੰਮੀ ਦਾ ਗਾਣਾ ਸੁਣਾਂਗੀ। ਤੇ ਗਾਲ੍ਹਾਂ ਵਰਗੇ ਅੰਦਾਜ਼ ਵਿਚ ਮੈਂ ਆਖਿਆ-ਤੁਹਾਨੂੰ ਮੇਰੀ ਉਸਤਾਦ ਸਿਧੇਸ਼ਵਰੀ ਦੀ ਹੱਤਕ ਕਰਨ ਦਾ ਕੀ ਹੱਕ ਸੀ? 'ਅੰਮੀ ਮੁਸਕਰਾਂਦੀ ਰਹੀ। ਤੇ ਫੇਰ ਮੈਨੂੰ ਗਲ ਨਾਲ ਲਾ ਕੇ ਆਖਣ ਲੱਗੀ, ਬਸ ਮੁਝੇ ਤੇਰੇ ਜੈਸੀ ਸ਼ਾਗਿਰਦ ਚਾਹੀਏ ਥੀ-ਜੋ ਅਪਨੇ ਉਸਤਾਦ ਕੇ ਖ਼ਿਲਾਫ਼ ਏਕ ਭੀ ਹਰਫ਼ ਬਰਦਾਸ਼ਤ ਨਾ ਕਰ ਸਕੇ।'

ਤੇ ਇਹ ਉਹੀ ਰਾਤ ਸੀ, ਜਦੋਂ ਸਿਰ 'ਤੇ ਦੁਸ਼ਾਲਾ ਲੈ ਕੇ, ਅੰਮੀ ਨੇ ਟੈਕਸੀ ਮੰਗਵਾਈ, ਬੰਗਾਲੀ ਮਾਰਕਿਟ ਜਾ ਕੇ ਇਕ ਹਲਵਾਈ ਦੀ ਦੁਕਾਨ ਖੁਲ੍ਹਵਾਈ, ਮਠਿਆਈ ਖ਼ਰੀਦੀ ਤੇ ਰਾਤ ਨੂੰ ਯਾਰਾਂ ਵਜੇ ਪਟੌਦੀ ਹਾਊਸ ਜਾ ਕੇ ਸਿਧੇਸ਼ਵਰੀ ਦੇਵੀ ਤੋਂ ਮੈਨੂੰ ਕਾਇਦੇ ਨਾਲ ਮੰਗ ਲਿਆ...ਉਸ ਰਾਤ ਅੰਮੀ ਦੇ ਦਿਲ ਦਾ ਹੁਸਨ ਜੋ ਮੈਂ ਵੇਖਿਆ ਸੀ, ਉਹ ਮੈਂ ਹੀ ਜਾਣਦੀ ਹਾਂ।

ਬੇਗ਼ਮ ਅਖ਼ਤਰ ਦੀ ਅਸੂਲਦਾਰੀ ਦੀ ਗੱਲ ਕਰਦਿਆਂ, ਰੀਤਾ ਮੈਨੂੰ ਦੱਸਣ ਲੱਗੀ 'ਇਕ ਵਾਰ ਇਕ ਸਾਜ਼ ਦੇ ਮਾਹਿਰ ਨੂੰ ਅੰਮੀ ਨੇ ਸੁਣਿਆ, ਤੇ ਉਹਦੇ ਹੁਨਰ 'ਤੇ ਅੰਮੀ ਇਸ ਤਰ੍ਹਾਂ ਫ਼ਿਦਾ ਹੋ ਗਈ ਕਿ ਗੰਢ-ਬੰਨ੍ਹ ਸ਼ਾਗਿਰਦ ਹੋਣ ਲਈ ਤਿਆਰ ਹੋ ਗਈ। ਅੰਮੀ ਉਸ ਸਾਜ਼ ਦੀ ਮੁਹਾਰਤ ਹਾਸਿਲ ਕਰਨਾ ਚਾਹੁੰਦੀ ਸੀ। ਪੈਗ਼ਾਮ ਭੇਜਿਆ ਗਿਆ ਤਾਂ ਜਵਾਬ ਆਇਆ ਕਿ ਜੇ ਉਹ ਕੰਨਾਂ ਦੇ ਹੀਰੇ ਤੋਹਫ਼ਾ ਦੇਵੇ ਤਾਂ ਇਹ ਫ਼ਰਮਾਇਸ਼ ਕਬੂਲ ਕੀਤੀ ਜਾ ਸਕਦੀ ਹੈ। ਉਸ ਵੇਲੇ ਅੰਮੀ ਦਾ ਤਮਤਮਾਇਆ ਹੋਇਆ ਚਿਹਰਾ ਵੇਖਣ ਵਾਲਾ ਸੀ। ਕਹਿਣ ਲੱਗੀ-'ਅਜੀ ਲਾਹਨਤ ਭੇਜੋ ਉਸਕੀ ਜ਼ਾਤ ਪਰ, ਜੋ ਤਾਰੀਫ਼ ਕਾ ਸੌਦਾ ਕਰਤਾ ਹੈ।' ਬੇਗ਼ਮ ਅਖ਼ਤਰ ਦਾ ਇੰਤਕਾਲ 1974 ਵਿਚ ਹੋਇਆ ਸੀ, ਅਕਤੂਬਰ ਦੀ 30 ਤਾਰੀਖ਼। ਤੇ ਉਸੇ ਤਾਰੀਖ ਦੀ ਪ੍ਰਭਾਤ ਸੀ, ਕਰੀਬ 3 ਵਜੇ ਦਾ ਵੇਲਾ, ਜਦੋਂ ਅਹਿਮਦਾਬਾਦ ਦੀ ਫ਼ਲਾਈਟ ਫੜ੍ਹਨ ਤੋਂ ਪਹਿਲਾਂ ਉਹਨੇ ਆਪਣੀ ਰੀਤਾ ਨੂੰ ਫੋਨ ਕੀਤਾ ਸੀ- 'ਜਾਨਤੀ ਹੋ-ਇਸ ਬਾਰ ਮੈਂ ਕਲਕੱਤਾ ਮੇਂ ਕਯਾ ਗਾ ਕਰ ਆਈ ਹੂੰ...ਤਮਾਮ ਮੌਤ ਕੇ ਗੀਤ ਗਾਏ...ਔਰ ਮੌਤ ਕਾ ਫ਼ਰਿਸ਼ਤਾ ਇਤਨਾ ਖੁਸ਼ ਹੋ ਗਯਾ ਕਿ ਟਲ ਗਯਾ...ਤੁਮ ਮੇਰਾ ਫਿਕਰ ਕਰਤੀ ਹੋ ਨਾ ਕਿ ਮੈਂ ਕਮ ਪੀਊਂ, ਅਬ ਚਾਹੇ ਕਿਤਨਾ ਪੀ ਲੂੰ ਮਰਨੇ ਵਾਲੀ ਨਹੀਂ ਹੂੰ...।' ਰੀਤਾ ਨੇ ਘਬਰਾ ਕੇ ਆਖਿਆ, 'ਅੰਮੀ ਮੌਤ ਕੀ ਬਾਤ ਮਤ ਕਰੋ, ਤੂੰ ਨਹੀਂ ਜਾਨਤੀ ਕਿ ਤੇਰੀ ਇਸ ਦੀਵਾਨੀ ਬੇਟੀ ਪਰ ਕਯਾ ਗੁਜ਼ਰਤੀ ਹੈ...।' ਬੇਗ਼ਮ ਅਖ਼ਤਰ ਦੀ ਆਵਾਜ਼ ਵਿਚ ਸੱਤੇ ਸੁਰਾਂ ਹੱਸ ਪਈਆਂ। ਉਹ ਕਹਿਣ ਲੱਗੀ, 'ਪਿਆਰੀ ਲੜਕੀ ਮੇਰੀ ਜਗ੍ਹਾ ਕੋ ਤੂੰ ਭਰ ਦੇਗੀ...ਪਤਵਾਰ ਸੰਭਾਲਣਾ ਸੀਖ...ਔਰ ਮੇਰੀ ਸੰਗਤ ਮੇਂ ਨਹੀਂ ਅਬ ਅਕੇਲੇ ਗਾਨੇ ਕੀ ਹਿੰਮਤ ਕਰ!' ਰੀਤਾ ਨੇ ਮੌਤ ਦੇ ਜ਼ਿਕਰ ਨੂੰ ਟਾਲਣ ਲਈ ਪੁਛਿਆ, 'ਅੱਛਾ ਯਹ ਬਤਾਉ ਅੰਮੀ! ਨਾਕ ਮੇਂ ਵਹੀ ਬੇਸ਼ਕੀਮਤ ਤੀਲੀ ਪਹਿਨੀ ਹੂਈ ਹੈ ਨਾ, ਔਰ ਉਂਗਲੀ ਮੇਂ ਵਹੀ ਪੁਖਰਾਜ ਕੀ ਅੰਗੂਠੀ?-ਲੇਕਿਨ ਯਹ ਬਤਾਉ ਕਲ੍ਹ ਮਹਿਫ਼ਲ ਮੇਂ ਸਾੜ੍ਹੀ ਕੌਨ ਸੀ ਪਹਿਨੋਗੀ? ਮੈਂ ਯਹਾਂ ਦੂਰ ਬੈਠੀ ਤਸੱਵੁਰ ਕਰਤੀ ਰਹੂੰਗੀ...।' ਅੱਗੋਂ ਅੰਮੀ ਦੀ ਆਵਾਜ਼ ਜਿਵੇਂ ਖਰਜ ਵਿਚ ਉਤਰ ਗਈ। ਬੋਲੀ, 'ਤੁਮ ਬਤਾਉ! ਕੌਨ ਸੀ ਪਹਿਨੂੰ?' ਰੀਤਾ ਅੰਮੀ ਦੀ ਪਸੰਦ ਜਾਣਦੀ ਸੀ, ਬੋਲੀ 'ਵਹੀ ਲਾਲ ਸ਼ਿਫਾਨ ਕੀ ਸਾੜ੍ਹੀ...ਉਸ ਮੇਂ ਤੁਮ ਬੇਹੱਦ ਖ਼ੂਬਸੂਰਤ ਲਗਤੀ ਹੋ...।' ਪਰ ਫ਼ੋਨ ਵਿਚੋਂ ਆਉਂਦੀ ਬੇਗ਼ਮ ਅਖ਼ਤਰ ਦੀ ਅਗਲੀ ਆਵਾਜ਼ ਜਦੋਂ ਰੀਤਾ ਦੇ ਕੰਨਾਂ ਵਿਚ ਪਈ ਤਾਂ ਕੰਨਾਂ ਵਿਚ ਖਲੋਤੀ ਰਹਿ ਗਈ। ਬੇਗ਼ਮ ਅਖ਼ਤਰ ਕਹਿ ਰਹੀ ਸੀ, 'ਅੱਛਾ ਅੱਛਾ ਦੀਵਾਨੀ ਲੜਕੀ! ਲੇਕਿਨ ਸੁਨ ਤੋ ਜਬ ਮੈਨੇ ਕਲਕੱਤਾ ਮੇਂ ਯਹ ਗ਼ਜ਼ਲ ਗਾਈ:

'ਜ਼ਿੰਦਗੀ ਕੁਛ ਭੀ ਨਹੀਂ,
ਫਿਰ ਭੀ ਜੀਏ ਜਾਤੇ ਹੈਂ,
ਤੁਝ ਪੇ ਐ ਵਕਤ ਅਹਿਸਾਨ ਕੀਏ ਜਾਤੇ ਹੈ'

ਤੋ ਮੈਂ ਅਪਨੇ ਪੇ ਝੂਮ ਗਈ...।' ਰੀਤਾ ਨੇ ਛੇਤੀ ਨਾਲ ਕਹਿਣਾ ਚਾਹਿਆ, 'ਅੰਮੀ! ਜ਼ਿੰਦਾ ਰਹਿ ਕਰ ਯਹ ਅਹਿਸਾਨ ਵਕਤ ਪਰ ਭੀ ਕਰਤੀ ਰਹਿਨਾ ਔਰ ਹਮ ਸਭ ਪਰ ਭੀ...।'-ਪਰ ਏਨੇ ਵਿਚ ਟੈਲੀਫੋਨ ਦਾ ਕੁਨੈਕਸ਼ਨ ਕੱਟਿਆ ਗਿਆ ਸੀ। ਤੇ ਕੁਝ ਘੰਟਿਆਂ ਬਾਅਦ, 30 ਅਕਤੂਬਰ ਦੀ ਤਰਕਾਲ ਸੀ। ਅਹਿਮਦਾਬਾਦ ਵਿਚ, ਮਹਿਫ਼ਲ ਜੰਮੀ ਹੋਈ ਸੀ, ਜਿਸ ਵੇਲੇ ਮੰਚ ਉੱਤੇ ਮਲਕਾ-ਏ-ਗਜ਼ਲ ਦੀ ਆਵਾਜ਼ ਉਹਦੇ ਹੋਠਾਂ ਵਿਚੋਂ ਨਿਕਲੀ, ਤੇ ਫੇਰ ਹਵਾ ਨਾਲ ਟਕਰਾ ਕੇ ਹੋਠਾਂ ਉੱਤੇ ਹੀ ਡਿੱਗ ਪਈ...ਉਹਦੇ ਦਿਲ ਨੇ ਹਰਕਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਉਸ ਦਿਨ ਮੌਸੀਕੀ ਦੇ ਹਜ਼ਾਰਾਂ ਆਸ਼ਕਾਂ ਵਾਂਗ ਵਕਤ ਨੇ ਵੀ ਜ਼ਰੂਰ ਆਖਿਆ ਹੋਵੇਗਾ-ਬੀਬੀ! ਖ਼ਾਮੋਸ਼ ਨਾ ਹੋ ਜਾਉ! ਬੋਲੋ! ਮੁਝ ਪਰ ਅਹਿਸਾਨ ਕਰੋ...ਪਰ ਜਵਾਬ ਉਦੋਂ ਵੀ ਕਿਤੇ ਨਹੀਂ ਸੀ, ਹੁਣ ਵੀ ਕਿਤੇ ਨਹੀਂ...। ਸਿਰਫ਼ ਇਕ ਹਲਕੀ ਜਿਹੀ ਆਵਾਜ਼ ਖਲਾਅ ਵਿਚ ਖਲੋਤੀ ਹੋਈ ਹੈ, ਮੌਤ ਦੇ ਫ਼ਰਿਸ਼ਤੇ ਦੀ, ਜੋ ਬੇਗ਼ਮ ਅਖ਼ਤਰ ਦੀ ਆਵਾਜ਼ ਉੱਤੇ ਝੂਮ ਗਿਆ ਸੀ, ਤੇ ਉਹਦੇ ਮੂੰਹੋਂ ਨਿਕਲਿਆ ਸੀ-ਸੁਬ੍ਹਾਨ ਅੱਲਾ!

# ਸਿਰਜਣਾਤਮਕ ਯੋਗਤਾ ਅਤੇ ਪ੍ਰਗਤੀਸ਼ੀਲ ਚੇਤਨਾ ਦੀ ਗਵਾਹੀ ਭਰਦੀਆਂ ਰਚਨਾਵਾਂ

## ਪੁਸਤਕ ਸਮੀਖਿਆ

**'ਖ਼ਾਲੀ ਆਲ੍ਹਣਾ' (ਕਾਵਿ-ਸੰਗ੍ਰਹਿ)**
**ਲੇਖਕ- ਸੰਨੀ ਧਾਲੀਵਾਲ**

ਪਿਛਲੇ ਦਿਨੀਂ, ਸੰਨੀ ਧਾਲੀਵਾਲ ਨੇ ਆਪਣੀ ਪੁਸਤਕ 'ਖ਼ਾਲੀ ਆਲ੍ਹਣਾ' (ਕਾਵਿ-ਸੰਗ੍ਰਹਿ) ਦੀ ਪੀ.ਡੀ.ਐਫ. ਕਾਪੀ ਮੈਨੂੰ ਭੇਜੀ। ਇਸ ਤੋਂ ਪਹਿਲਾਂ, ਮੈਂ ਫੇਸ ਬੁੱਕ 'ਤੇ ਪੋਸਟ ਕੀਤੀਆਂ ਗਈਆਂ, ਉਨ੍ਹਾਂ ਦੀਆਂ ਰਚਨਾਵਾਂ ਨੂੰ ਪੜ੍ਹ ਲੈਂਦਾ ਹੁੰਦਾ ਸੀ ਪਰ ਕਦੇ ਖੁੱਲ੍ਹ ਕੇ ਆਪਣੇ ਵਿਚਾਰਾਂ ਦਾ ਇਜ਼ਹਾਰ ਨਹੀਂ ਕੀਤਾ ਸੀ। ਹੁਣ ਇਹ ਖ਼ਾਲੀ ਆਲ੍ਹਣਾ ਮੇਰੇ ਸਾਹਮਣੇ ਪਿਆ ਹੈ, ਜਿਸ ਦਾ ਹਰ ਤੀਲ੍ਹਾ, ਮੈਂ ਦੇਖ ਰਿਹਾ ਹਾਂ ਅਤੇ ਉਸ 'ਤੇ ਲਿਖੀ ਕਵੀ ਦੀ ਅਹਿਸਾਸ ਭਰੀ ਇਬਾਰਤ ਨੂੰ ਪੜ੍ਹ ਸਕਦਾ ਹਾਂ।



**ਸੁਰਜੀਤ ਸਿੰਘ ਭੁੱਲਰ**
**ਫੋਨ: 01-602-715-2828**

ਮੈਨੂੰ ਮਹਿਸੂਸ ਹੋਇਆ ਹੈ ਕਿ ਉਸ ਦੀਆਂ ਇਹ ਰਚਨਾਵਾਂ ਸਿਰਜਣਾਤਮਕ ਯੋਗਤਾ ਅਤੇ ਪ੍ਰਗਤੀਸ਼ੀਲ ਚੇਤਨਾ ਦੀ ਗਵਾਹੀ ਭਰਦੀਆਂ ਹਨ ਅਤੇ ਨਾਲ ਹੀ ਸਮਾਜਿਕ ਤੇ ਰਾਜਨੀਤਕ ਸਮੱਸਿਆਵਾਂ ਦੇ ਵਿਸ਼ਿਆਂ ਨਾਲ ਸੰਬੰਧਤ ਹਨ। ਉਸ ਦੀ ਇਹ ਨਿਵੇਕਲੀ ਕਿਸਮ ਦੀ ਕਾਵਿ-ਵਾਰਤਕ ਸ਼ੈਲੀ ਦੀ ਲਿਖਣ ਕਲਾ, ਪੰਜਾਬੀ ਸਾਹਿਤ ਵਿਚ ਇੱਕ ਪ੍ਰਮੁੱਖ ਸਥਾਨ ਸਥਾਪਿਤ ਕਰਵਾਉਂਦੀ ਹੈ। ਉਹ ਬੌਧਿਕ ਸ਼੍ਰੇਣੀ ਦਾ ਦਾਰਸ਼ਨਿਕ ਵਿਚਾਰਾਂ ਵਾਲਾ ਕਵੀ ਹੈ, ਜੋ ਆਪਣੇ ਖ਼ਿਆਲਾਂ ਨੂੰ ਅਤਿ ਸਹਿਜਤਾ ਨਾਲ ਵਿਅਕਤ ਕਰ ਸਕਦਾ ਹੈ ਅਤੇ ਜਿਸ ਰਾਹੀਂ ਉਸ ਦੀ ਸੀਰਤ ਵਿਚਲੀ ਗੰਭੀਰਤਾ ਅਤੇ ਚਿੰਤਕ ਵਿਅਕਤਿਤਵ ਦਾ ਗੂੜ੍ਹਾਪਨ ਨਿੱਖਰ ਕੇ ਸਾਹਮਣੇ ਆ ਜਾਂਦਾ ਹੈ। ਉਹ ਰਚਨਾ ਰਾਹੀਂ 'ਨਿਜ ਤੋਂ ਪਰ' ਤਕ ਦਾ ਸਫ਼ਰ ਤੈਅ ਕਰਦਾ ਹੋਇਆ, ਬਿਹਬਲਤਾ 'ਤੇ ਸੁਹਿਰਦਤਾ ਨਾਲ ਲੋਕਾਈ ਦੇ ਦਰਦ ਨੂੰ ਮਹਿਸੂਸ ਕਰਨ ਵਾਲਾ ਕਵੀ ਹੈ।

ਉਸ ਕੋਲ ਆਪਣੇ ਸਭਿਆਚਾਰਕ ਭਾਈਚਾਰੇ ਵਿਚ ਵਾਪਰੀਆਂ ਜਾਂ ਵਾਪਰ ਰਹੀਆਂ ਘਟਨਾਵਾਂ ਨੂੰ ਕਵਿਤਾ ਵਿਚ ਬਦਲ ਕੇ ਹਕੀਕਤ ਨੂੰ ਅਰਥ ਪੂਰਨ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲਿਖਣ ਦੀ ਸਿਆਣਪ ਹੈ। ਭਾਵੇਂ ਉਹ ਘਟਨਾਵਾਂ ਸਮਾਜਿਕ ਅਤੇ ਰਾਜਨੀਤਕ ਦ੍ਰਿਸ਼ਟੀਕੋਣ ਦੇ ਵਿਸ਼ਿਆਂ ਨਾਲ ਸਬੰਧਤ ਹੋਣ ਜਾਂ ਔਰਤਾਂ, ਮਰਦਾਂ, ਕਿਸਾਨਾਂ, ਮਜ਼ਦੂਰ ਵਰਗ ਦੇ ਲੋਕਾਂ, ਅਧਿਆਪਕਾਂ ਆਦਿ ਦੀਆਂ ਸਮੱਸਿਆਵਾਂ ਨਾਲ ਜੁੜੀਆਂ ਹੋਣ ਜਾਂ ਸਿਆਸਤਦਾਨਾਂ ਦੇ ਪਖੰਡੀ ਵਿਵਹਾਰ ਦੇ ਅਣਸੁਖਾਵੇਂ ਅਤੇ ਅਵਿਸ਼ਵਾਸ ਭਰੇ ਵਿਵਹਾਰ ਨਾਲ ਸਹਿ-ਸੰਯੋਜਕ ਹੋਣ, 'ਸੰਨੀ ਧਾਲੀਵਾਲ' ਨੇ ਆਪਣੇ ਨਵੀਨ ਵਿਚਾਰਾਂ ਰਾਹੀਂ ਉਨ੍ਹਾਂ ਨੂੰ ਬਹੁਤ ਵਧੀਆ ਢੰਗ ਨਾਲ ਉਜਾਗਰ ਕੀਤਾ ਹੈ। ਇਨ੍ਹਾਂ ਦੇ ਵੱਖ-ਵੱਖ ਵਿਸ਼ਿਆਂ ਵਿਚ ਰਹੱਸ, ਰੋਮਾਂਸ, ਉਦਾਸੀ, ਦਰਦ, ਦਹਿਸ਼ਤ ਅਤੇ ਡਰ ਦੇ ਤੱਤ ਸ਼ਾਮਲ ਹਨ। ਉਸ ਦੀਆਂ ਰੋਮਾਂਟਿਕ ਕਵਿਤਾਵਾਂ ਵਿਚ ਉਸ ਦੇ ਪ੍ਰਤੀਕਾਂ ਅਤੇ ਚਿੱਤਰਾਂ ਦੀ ਰੋਮਾਂਟਿਕਤਾ, ਆਪਣੇ ਸਿਖਰ ਨੂੰ ਉਜਾਗਰ ਕਰਦੀ ਹੈ। ਕੁਦਰਤੀ ਤੱਤ, ਉਸ ਦੀਆਂ ਬੇਰੋਕ ਭਾਵਨਾਵਾਂ ਲਈ ਪ੍ਰਤੀਕਾਂ ਵਜੋਂ ਵੀ ਕੰਮ ਕਰਦੇ ਦੇਖੇ ਜਾ ਸਕਦੇ ਹਨ।

ਇਸ ਤਰ੍ਹਾਂ, ਉਹ ਨਿਸ਼ਚਤ ਤੌਰ 'ਤੇ ਇੱਕ ਯਥਾਰਥਵਾਦੀ ਕਵੀ ਹੈ, ਜਿਸ ਦੇ ਸ਼ਬਦਾਂ ਵਿਚ ਜੀਵਨ ਦੀ ਕੌੜੀ ਅਤੇ ਡੂੰਘੀ ਹਕੀਕਤ ਤੋਂ ਪੈਦਾ ਹੋਏ ਅਣਗਿਣਤ ਵਿਸ਼ੇ ਹਨ ਪਰ ਉਹ ਇਨ੍ਹਾਂ ਨੂੰ ਇੱਕ ਦਾਰਸ਼ਨਿਕ ਦੀ ਸ਼ੈਲੀ ਵਾਂਗ ਪ੍ਰਗਟ ਕਰਨ ਦੇ ਨਾਲ, ਆਪਣੇ ਨਵੇਂ ਪ੍ਰਤੀਕਾਂ, ਅਲੰਕਾਰਾਂ ਅਤੇ ਸੁੰਦਰ ਦ੍ਰਿਸ਼ਟਾਂਤਾਂ ਦੇ ਰੂਪ ਵਿਚ ਸ਼ਾਨਦਾਰ ਸ਼ੈਲੀ ਨਾਲ ਸਿਰਜਦਾ ਹੈ।

ਉਪਰੋਕਤ ਕਥਨ ਦੀ ਪ੍ਰਮਾਣਿਕਤਾ ਲਈ, ਮੈਂ ਇਨ੍ਹਾਂ ਵਿਚੋਂ ਕੁੱਝ ਵਿਸ਼ਿਆਂ ਤੇ ਰਚਨਾਵਾਂ ਦਾ ਸੰਖੇਪ ਰੂਪ ਵਿਚ ਵਿਸ਼ਲੇਸ਼ਣ ਕੀਤਾ ਹੈ।

**1-ਜੀਵਨ ਦਰਸ਼ਨ ਬਾਰੇ:** ਪ੍ਰਿਥਮ ਨਜ਼ਮ 'ਜ਼ਿੰਦਗੀ ਕਹਿੰਦੀ' ਹੈ ਵਿਚ ਦਰਸਾਇਆ ਗਿਆ ਹੈ ਕਿ ਜ਼ਿੰਦਗੀ ਜੀਵਤ ਹੋਣ ਦੀ ਇੱਕ ਅਵਸਥਾ ਹੈ, ਇੱਕ ਯਾਤਰਾ ਹੈ ਜੋ ਅਨੰਦਮਈ ਅਤੇ ਚੁਣੌਤੀ ਪੂਰਨ ਅਨੁਭਵਾਂ ਨਾਲ ਭਰੀ ਹੋਈ ਹੈ। ਇਸ ਨੂੰ ਰੱਜ ਕੇ ਮਾਣਨਾ ਚਾਹੀਦਾ ਹੈ। ਦੇਖੋ:

'ਜ਼ਿੰਦਗੀ ਕਹਿੰਦੀ!/ਮੈਂ ਚੱਲੀ ਹਾਂ/ ਬਠਿੰਡੇ ਦੀ ਰੇਤ ਵਾਂਗ/ ਤੇਰੇ ਹੱਥਾਂ 'ਚੋਂ ਕਿਰਦੀ ਜਾਂਦੀ ਹਾਂ.../ਤੂੰ ਜਾਗ/ਤੂੰ ਉੱਠ/ਅੱਖਾਂ ਖੋਲ...ਤੇਰੇ ਹੱਥਾਂ 'ਚ ਕਿਰਦੀ ਜਾਂਦੀ ਹਾਂ/... ਤੇਰਾ ਚੱਕਰ ਭਾਵੇਂ ਪੂਰਾ ਨਾ ਵੀ ਹੋਵੇ/ਪਰ ਮੇਰਾ ਚੱਕਰ ਤਾਂ ਪੂਰਾ ਹੋ ਹੀ ਜਾਣਾ ਹੈ।' ਜੀਵਨ ਦੇ ਕਾਲ-ਚੱਕਰ ਨੂੰ ਬਹੁਤ ਹੀ ਪ੍ਰਭਾਵਿਤ ਤਰੀਕੇ ਨਾਲ, ਸਾਡੀਆਂ ਰੋਜ਼ਾਨਾ ਦੀਆਂ ਆਮ ਉਦਾਹਰਨਾਂ ਰਾਹੀਂ ਸਮਝਾਇਆ ਹੈ।

'ਖ਼ਾਲੀ ਆਲ੍ਹਣਾ' ਵਿਚ ਜ਼ਿਕਰ ਕੀਤਾ ਹੈ ਕਿ ਜਦੋਂ ਬੱਚੇ ਉਡਾਰ ਹੋ ਕੇ ਬਾਹਰ ਸੈਟ ਹੋ ਜਾਂਦੇ ਹਨ ਅਤੇ ਮਾਂ-ਬਾਪ ਘਰ ਵਿਚ ਇਕੱਲੇ ਰਹਿ ਜਾਂਦੇ ਹਨ ਤਾਂ ਉਸ ਸਥਿਤੀ ਬਾਰੇ ਲੇਖਕ ਉਨ੍ਹਾਂ ਦੇ ਦਿਲਾਂ ਦੀ ਵੇਦਨਾ ਨੂੰ ਇਨ੍ਹਾਂ ਸ਼ਬਦਾਂ ਰਾਹੀਂ ਕਹਿੰਦਾ ਹੈ-'ਚੱਲ ਫੇਰ ਆਪਾਂ/ਜ਼ਿੰਦਗੀ ਦੀ ਬਚੀ-ਖੁਚੀ ਪੂੰਜੀ ਦਾ/ਆਨੰਦ ਮਾਣੀਏ/..ਚੱਲ ਫਿਰ ਫੜਾ ਮੈਨੂੰ ਆਪਣੇ ਹੱਥ/ਰੱਖ ਮੇਰੇ ਪਿਆਸੇ ਬੁੱਲ੍ਹਾਂ 'ਤੇ ਆਪਣੇ ਥਿਰਕਦੇ ਬੁੱਲ੍ਹ/ਤੇ ਜ਼ਿੰਦਗੀ ਦੇ ਆਖ਼ਰੀ ਚੈਪਟਰ ਦੀ ਸ਼ੁਰੂਆਤ ਕਰੀਏ।' ਜੀਵਨ ਦੇ ਇਸ ਹਿੰਡੋਲੇ ਵਿਚ ਕਰਮਾਂ ਵਾਲੇ ਹੀ ਅਨੰਦ ਮਾਣਦੇ ਹਨ, ਨਹੀਂ ਤਾਂ ਮਨ ਵਿਚ ਹਸਰਤਾਂ ਹੀ ਪਾਲਦੇ ਰਹਿ ਜਾਂਦੇ ਹਨ।

**2. ਬੁਢਾਪੇ ਦੁਆਰਾ ਦਰਪੇਸ਼ ਸਮੱਸਿਆਵਾਂ:**

'ਮੌਲਾ ਬਲਦ' ਕਵਿਤਾ, ਉਨ੍ਹਾਂ ਬਹੁਤੇ ਬਜ਼ੁਰਗ ਮਾਪਿਆਂ ਦੀ ਵੇਦਨਾ ਦੀ ਸਚਾਈ ਨੂੰ ਦਰਸਾਉਂਦੀ ਹੈ, ਜੋ ਖ਼ਾਸ ਕਰਕੇ ਵਿਦੇਸ਼ਾਂ ਵਿਚ ਆਪਣੇ ਬੱਚਿਆਂ ਨਾਲ ਰਹਿ ਰਹੇ ਹਨ। ਉਹ ਸਮਝਦੇ ਹਨ ਕਿ ਬੱਚਿਆਂ ਵੱਲੋਂ ਉਨ੍ਹਾਂ ਦਾ ਪੂਰਾ ਸਤਿਕਾਰ ਨਹੀਂ ਕੀਤਾ ਜਾਂਦਾ ਅਤੇ ਗੱਲ-ਗੱਲ 'ਤੇ ਨਿਰਾਦਰ ਅਤੇ ਅਣਗੌਲਿਆਂ ਕੀਤਾ ਜਾਂਦਾ ਹੈ, ਜੋ ਉਨ੍ਹਾਂ ਦੇ ਮਨ 'ਤੇ ਡੂੰਘਾ ਦਬਾਅ ਪਾਉਂਦਾ ਹੈ। ਵੈਸੇ ਤਾਂ ਬਜ਼ੁਰਗਾਂ ਦੀਆਂ ਸਮੱਸਿਆਵਾਂ ਨੂੰ ਸਹੀ ਅਤੇ ਤਸੱਲੀਬਖ਼ਸ਼ ਤਰੀਕੇ ਨਾਲ ਹੱਲ ਕਰਨਾ, ਆਮ ਤੌਰ 'ਤੇ ਬਹੁਤ ਕਠਿਨ ਹੁੰਦਾ ਹੈ, ਪਰ ਰਿਸ਼ਤੇ ਨੂੰ ਪਿਆਰ ਬੰਧਨ 'ਚ ਬਣਾਈ ਰੱਖਣ ਲਈ ਵਿਚਕਾਰਲਾ ਸਮਾਯੋਜਨ ਲੱਭਣਾ ਜ਼ਰੂਰੀ ਹੈ।

ਇੱਥੇ ਇਸ ਨੁਕਤੇ 'ਤੇ ਦੋ ਦੋਸਤਾਂ ਵਿਚਕਾਰ, ਵਿਚਾਰਕ ਗੱਲਬਾਤ ਦਾ ਅੰਦਾਜ਼ ਕਮਾਲ ਦਾ ਹੈ। 'ਯਾਰ, ਬਾਪੂ ਨਾਰਾਜ਼ ਹੋ ਕੇ ਪਿੰਡ ਵਾਪਸ ਚੱਲਿਆ ਗਿਆ ਹੈ ਕਿਉਂਕਿ ਮੂੰਹੋਂ ਨਿਕਲ ਗਿਆ ਕਿ-ਬਾਪੂ ਵਿਹਲਾ ਰੋਟੀਆਂ ਡੱਫਦਾ ਰਹਿਨੈਂ, ਕੋਈ ਘਰੇ ਝਾੜੂ ਪੋਚਾ ਲਾ ਦਿਆ ਕਰ'। ਯਾਰ ਅੱਜ ਦਾਦੀ ਦੀ ਇਹ ਗੱਲ ਯਾਦ ਕਰ ਕੇ ਦੁਖੀ ਹਾਂ। ਉਹ ਕਹਿੰਦੀ ਹੁੰਦੀ ਸੀ ਕਿ ਜਦੋਂ 'ਮੌਲਾ ਬਲਦ ਮਰਿਆ ਸੀ ਤਾਂ ਬਾਪੂ ਬਹੁਤ ਉਦਾਸ ਹੋਇਆ ਸੀ.../ਸਾਰਾ ਦਿਨ ਉਦਾਸ ਰਿਹਾ। ...ਮੌਲਾ ਬਲਦ ਉਸ ਦੇ ਭਰਾਵਾਂ ਵਰਗਾ ਸੀ...', 'ਇਹ ਵਿਹਲੇ ਨਹੀਂ ਹੁੰਦੇ-ਧਰਤੀ ਦਾ ਭਾਰ - ਇਨ੍ਹਾਂ ਨੇ ਚੁੱਕਿਆ ਹੋਇਆ ਹੈ।'




*ਸੰਨੀ ਧਾਲੀਵਾਲ ਦੀ ਪੁਸਤਕ 'ਖ਼ਾਲੀ ਆਲ੍ਹਣਾ' ਦਾ ਸਰਵਰਕ।*

ਇਹ ਕਵਿਤਾ ਜੀਵਤ ਪ੍ਰਤੀਕਾਤਮਕ ਰਿਸ਼ਤਿਆਂ ਦੇ ਚਿੱਤਰ ਦੀ ਸਚਾਈ ਦਰਸਾਉਂਦੀ ਹੋਈ- ਦੋ ਪਿੜ੍ਹੀਆਂ ਦੇ ਵਿਚਕਾਰ ਫਸੀ- ਆਪਣੇ ਦੋ ਰੂਪਾਂ ਨੂੰ ਨਿਹਾਰਦੀ, ਸਾਡੇ ਸਮਾਜੀ ਰਿਸ਼ਤਿਆਂ ਦੇ ਪਰਿਵਰਤਨ ਦੀ ਸਹੀ ਤਸਵੀਰ ਖਿੱਚਦੀ ਸੁਚੇਤ ਕਰਦੀ ਹੈ ਕਿ ਬਜ਼ੁਰਗਾਂ ਨੂੰ ਪਿਆਰ ਅਤੇ ਸਤਿਕਾਰ ਨਾਲ ਸੰਭਾਲਣਾ ਚਾਹੀਦਾ ਹੈ।

'ਲੱਗਦਾ ਮੈਂ ਹੁਣ ਬੁੱਢਾ ਹੋ ਗਿਆ'- ਇੱਕ ਬਜ਼ੁਰਗ ਨੇ ਬੁਢੇਪੇ ਵਿਚ ਆਉਣ ਵਾਲੀਆਂ ਪਰੇਸ਼ਾਨੀਆਂ ਦਾ ਜ਼ਿਕਰ ਕੀਤਾ ਹੈ। ਉਹ ਜੋ ਵੀ ਕੰਮ ਕਰਦਾ ਹੈ, ਘਰ ਵਾਲੇ, ਕੋਈ ਨਾ ਕੋਈ ਉਸ ਵਿਚ ਨਿਗੋਚ ਹੀ ਕੱਢਦੇ ਹਨ; ਉਸ ਦੀ ਆਲੋਚਨਾ ਹੁੰਦੀ ਹੈ। ਉਸ ਦੀ ਮੌਜੂਦਗੀ ਕੋਈ ਵੀ ਪਸੰਦ ਨਹੀਂ ਕਰਦਾ, ਸਗੋਂ ਉਹਦੇ ਕੰਮਾਂ ਨੂੰ ਫ਼ਜ਼ੂਲ ਅਤੇ ਨਕਾਰਾਤਮਕਤਾ ਵਿਚ ਦਰਸਾਇਆ ਜਾਂਦਾ ਹੈ। ਵਿਚਾਰਾਂ ਦੀ ਹੱਦ ਉਦੋਂ ਖ਼ਤਮ ਹੁੰਦੀ ਹੈ, ਜਦੋਂ ਨੂੰਹ, ਉਸਨੂੰ ਟੈਕਸੀ ਡਰਾਈਵਰ ਵਜੋਂ ਕੰਮ ਕਰਨ ਦਾ ਸੁਝਾਅ ਦਿੰਦੀ ਕਹਿੰਦੀ ਹੈ ਕਿ ਇੰਜ ਨਾਲੇ ਤਾਂ ਕੁੱਝ ਕਮਾਈ ਹੋ ਜਾਏਗੀ ਅਤੇ ਵਾਪਸੀ 'ਤੇ ਘਰ ਦੀਆਂ ਲੋੜੀਂਦੀਆਂ ਵਸਤੂਆਂ ਵੀ ਖ਼ਰੀਦ ਕੇ ਲੈ ਆਇਆ ਕਰੇਗਾ।

'ਸ਼ੀਸ਼ਾ ਬੋਲਿਆ': ਇਹ ਸਵੈ-ਵਿਸ਼ਲੇਸ਼ਣ ਦਾ ਮੁਲਾਂਕਣ ਹੈ। ਅਚੇਤ ਮਨ ਦੀ ਸ਼ਕਤੀ...ਜੋ ਵਿਅਕਤੀ ਨੂੰ ਨਿਰਪੱਖਤਾ ਨਾਲ ਆਪਣਾ 'ਪ੍ਰਤੀਬਿੰਬ' ਬਣਾਉਂਦੀ ਦਿਖਾਉਂਦੀ ਹੈ।

**3- ਔਰਤਾਂ ਦੇ ਮਾਨਸਿਕ ਅਤੇ ਵਿਵਹਾਰਕ ਰਵੱਈਏ ਵਿਚ ਪਰਿਵਰਤਨ:**

'ਡੇਟਿੰਗ ਸ਼ੇਟਿੰਗ' -ਇਸ ਕਵਿਤਾ ਵਿਚ ਵੀ ਸਭਿਆਚਾਰਕ ਅਭਿਆਸਾਂ ਅਤੇ ਵਿਸ਼ਵਾਸਾਂ ਦੀ ਵਿਭਿੰਨਤਾ ਸੱਚਮੁੱਚ ਕਮਾਲ ਦੀ ਹੈ। ਲੇਖਕ ਦੇ ਇੱਕ ਪੰਜਾਬੀ ਕੁੜੀ ਅਤੇ ਇੱਕ ਗੋਰੀ ਕੁੜੀ ਵਿਚਕਾਰ ਡੇਟਿੰਗ 'ਤੇ ਗੱਲਬਾਤ ਦੇ ਦ੍ਰਿਸ਼ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਦਰਸਾਉਂਦੇ ਹਨ। ਲੇਖਕ ਦਾ ਵਿਚਾਰ ਪਾਠਕਾਂ ਨੂੰ ਦੋਵਾਂ ਸਭਿਆਚਾਰਾਂ ਦੀਆਂ ਕਦਰਾਂ-ਕੀਮਤਾਂ ਅਤੇ ਪਰੰਪਰਾਵਾਂ ਨੂੰ ਦਿਖਾਉਣਾ ਹੈ।

'ਸੁਣ ਮੇਰੀ ਗੱਲ'-ਇਹ ਆਧੁਨਿਕ ਸਮਾਜ ਵਿਚ ਔਰਤਾਂ ਦੇ ਵਿਵਹਾਰਕ ਬਦਲਾਅ ਨਾਲ ਸਬੰਧਿਤ ਹੈ। ਉਹ ਵੀ ਆਪਣੇ ਜੀਵਨ ਸਾਥੀ ਵਾਂਗ, ਬਿਨਾਂ ਕਿਸੇ ਨਿਯੰਤਰਣ ਦੇ ਜੀਵਨ ਜਿਊਣਾ ਚਾਹੁੰਦੀਆਂ ਹਨ। ਉਹ ਆਪਣੇ ਘਰੇਲੂ ਜੀਵਨ ਵਿਚ ਵੀ ਰੋਜ਼ਾਨਾ ਅਨੁਸ਼ਾਸਨ ਵਿਚ ਉਤਰਾਅ-ਚੜ੍ਹਾਅ ਦੇਖਣਾ ਚਾਹੁੰਦੀਆਂ ਹਨ। ਇੱਕ ਸਮਾਜਿਕ ਤਬਦੀਲੀ, ਜੋ ਹੌਲੀ-ਹੌਲੀ ਭਾਰਤੀ ਸਭਿਆਚਾਰ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਉਧਾਰ ਕਵਿਤਾ ਇੱਕ ਵੇਸਵਾ ਦੇ ਕਿਰਦਾਰ ਦੁਆਲੇ ਘੁੰਮਦੀ ਹੈ। ਕਈ ਵਾਰ, ਕਿਸੇ ਮਜਬੂਰ ਔਰਤ ਨੂੰ ਵੇਸਵਾ ਦੇ ਘਿਣਾਉਣੇ ਪੇਸ਼ੇ ਵਿਚ ਧਕੇਲ ਦਿੱਤਾ ਜਾਂਦਾ ਹੈ ਅਤੇ ਕਈ ਵਾਰੀ ਉਹ ਆਪਣੀ ਗ਼ਰੀਬੀ ਦੀ ਮਜਬੂਰੀ ਹਿਤ ਇਹ ਪੇਸ਼ਾ ਅਪਣਾ ਲੈਂਦੀ ਹੈ। ਇਸ ਕਵਿਤਾ ਦੀ ਔਰਤ ਸਪਸ਼ਟ ਸ਼ਬਦਾਂ ਵਿਚ ਕਹਿੰਦੀ ਹੈ ਕਿ ਉਸ ਦੀ ਇਸ ਦੁਕਾਨ 'ਤੇ ਉਧਾਰ ਲੈਣ/ਦੇਣ ਦੀ ਕੋਈ ਗੱਲ ਨਹੀਂ ਹੋਵੇਗੀ, ਜੋ ਵੀ 'ਵਪਾਰ' ਹੋਵੇਗਾ, ਉਹ ਸਿਰਫ਼ ਨਕਦ ਕੀਤਾ ਜਾਵੇਗਾ। ਜਦੋਂ ਉਸ ਨੂੰ ਅਜਿਹਾ ਗੰਧਲਾ ਧੰਦਾ, ਆਪਣੀ ਉਪਜੀਵਕਾ ਲਈ ਚੁਣਨਾ ਪਿਆ ਹੋਵੇਗਾ ਤਾਂ ਉਸ ਦੀ ਜ਼ਮੀਰ ਕਿੰਡੇ ਵੱਡੇ ਦੁੱਖ ਦਰਦ ਥੱਲੇ ਪਿਸ ਕੇ ਰਹਿ ਗਈ ਹੋਵੇਗੀ? ਇਹ ਮਨੋਵਿਗਿਆਨਕ ਪ੍ਰਭਾਵ ਕਵਿਤਾ ਦੇ ਹਰ ਸ਼ਬਦ ਵਿਚ ਸਪਸ਼ਟ ਤੌਰ 'ਤੇ ਝਲਕਦਾ ਹੈ।

ਮੈਨੂੰ ਨਹੀਂ ਚਾਹੀਦਾ 'ਕਵੀ ਪਤੀ'-ਇਹ ਕਵਿਤਾ ਇੱਕ ਪਤਨੀ ਦੀ ਦੁੱਖ ਭਰੀ ਦਾਸਤਾਨ-ਏ-ਦੁਹਾਈ ਹੈ, ਜੋ ਬਿਲਕਦੀ ਹੋਈ ਕਹਿੰਦੀ ਹੈ ਕਿ ਉਸ ਨੂੰ ਅਜਿਹਾ ਕਵੀ ਪਤੀ ਨਹੀਂ ਚਾਹੀਦਾ, ਜੋ ਦਿਨ ਰਾਤ ਕਵਿਤਾ ਲਿਖਣ 'ਚ ਮਸਤ ਰਹੇ ਅਤੇ ਸ਼ਾਮਾਂ ਯਾਰਾਂ ਦੋਸਤਾਂ ਦੀਆਂ ਮਹਿਫ਼ਲਾਂ ਵਿਚ ਗੁਜ਼ਾਰਦਾ ਰਹੇ। ਉਸ ਕੋਲ ਬੱਚਿਆਂ ਅਤੇ ਮੇਰੇ ਲਈ ਕੋਈ ਸਮਾਂ ਨਾ ਹੋਵੇ? ਉਹ ਦੂਜਿਆਂ ਦੀ ਖ਼ੁਸ਼ੀ ਲਈ ਤਾਂ ਆਪਣੀ ਜਾਨ ਕੁਰਬਾਨ ਕਰਨ ਤਕ ਜਾਂਦਾ ਹੈ ਅਤੇ ਪਰਿਵਾਰ ਦੀ ਕੋਈ ਕਦਰ ਨਹੀਂ ਕਰਦਾ। ਅਜਿਹੀ ਮਾਨਸਿਕ ਬਿਮਾਰੀ ਅੱਜ-ਕੱਲ੍ਹ ਸਾਡੇ ਸਮਾਜ ਵਿਚ ਦੇਖੀ ਜਾ ਸਕਦੀ ਹੈ।

'ਕ੍ਰਿਸਮਿਸ ਗਿਫ਼ਟ'- ਇਹ ਕਵਿਤਾ ਬੱਚਿਆਂ ਅਤੇ ਮਾਪਿਆਂ ਵਿਚਕਾਰ ਬਦਲਦੀ 'ਲਿੰਗ ਅਸਮਾਨਤਾ ਵਿਚਾਰਧਾਰਾ' ਦੇ ਪ੍ਰਤੀਕਰਮ ਨੂੰ ਦਰਸਾਉਂਦੀ ਹੈ। ਧੀ ਦਾ ਆਪਣੇ ਮਾਪਿਆਂ ਦੀ ਸੋਚ ਦੇ ਵਿਰੁੱਧ ਦਲੇਰਾਨਾ ਸਟੈਂਡ ਲੈ ਕੇ ਇਸ ਬਾਰੇ ਆਪਣੇ ਮਾਪਿਆਂ ਨੂੰ ਕਹਿਣਾ ਇੱਕ ਚੁਣੌਤੀ ਹੈ। ਉਹ ਆਪਣੀ ਮਾਂ ਨੂੰ ਪੁਰਾਣੀ ਸਥਾਪਿਤ ਸੋਚ ਤੋਂ ਬਾਹਰ ਆਉਣ ਲਈ ਕਹਿਣ ਦੀ ਹਿੰਮਤ ਕਰਦੀ ਹੈ।

'...ਕੀ ਕਰਨਾ ਸੀ 'ਕੈਨੇਡਾ ਆ ਕੇ/ ਜੇ ਕਰ ਤੂੰ ਮੇਰੇ ਪੈਰਾਂ ਵਿਚ/ਜ਼ੰਜੀਰਾਂ ਹੀ ਪਾਉਣੀਆਂ ਸੀ।...ਮੈਂ ਨਹੀਂ ਪਾਉਣੀਆਂ/...ਮੈਂ ਵੀ ਵੀਰੇ ਦੇ ਬਰਾਬਰ ਉਡੂੰਗੀ—ਮੈਂ ਇਨ੍ਹਾਂ ਨੂੰ ਤੋੜੂੰਗੀ।' ਅੱਜ ਦੀ ਪੀੜ੍ਹੀ ਦੀ ਸੋਚ ਨੂੰ ਦਰਸਾਉਂਦੀ ਉੱਤਮ ਰਚਨਾ।

'ਵੈਲਨਟਾਈਨ ਡੇਅ'- ਇੱਕ ਰੋਮਾਂਟਿਕ ਕਵਿਤਾ ਹੈ, ਜਿਸ ਵਿਚ ਪ੍ਰੇਮੀ ਆਪਣੀ ਪ੍ਰੇਮਿਕਾ ਨੂੰ ਵਾਰ-ਵਾਰ ਕਹਿੰਦਾ ਹੈ ਕਿ ਉਹ ਇਸ ਦਿਨ ਫੁੱਲਾਂ ਦਾ ਗੁਲਦਸਤਾ ਭੇਟਾ ਨਹੀਂ ਕਰ ਸਕਦਾ ਕਿਉਂਕਿ ਉਹ ਬਹੁਤ ਮਹਿੰਗੇ ਹੋ ਗਏ ਹਨ ਅਤੇ ਨਾ ਹੀ ਉਹ ਸ਼ਿਵ ਦੀ ਤਰ੍ਹਾਂ ਦਿਲ ਦਾ ਮਾਸ ਖਵਾ ਸਕਦਾ ਹੈ। ਹਾਂ, ...ਤੂੰ ਮੇਰੇ ਦਿਲ ਦਾ ਟੁਕੜਾ ਹੈਂ। ਮੈਂ ਤੈਨੂੰ ਆਪਣੀ ਜਾਨ ਤੋਂ ਵੱਧ ਪਿਆਰ ਕਰਦਾ ਹਾਂ। ਇਹ ਸੁਣਕੇ, ਉਸ ਦੀ ਪ੍ਰੇਮਿਕਾ ਨੇ ਕਿਹਾ, 'ਉਨ੍ਹਾਂ ਫੁੱਲਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਬੱਸ, ਤੂੰ ਮੇਰੇ ਕੋਲ ਆ ਕੇ ਮੈਨੂੰ ਕਲਾਵੇ ਵਿਚ ਲੈ ਲਾ: ਮੇਰੇ ਬੁੱਲ੍ਹਾਂ ਨੂੰ ਚੁੰਮ ਅਤੇ ਮੇਰੀ ਲਿਪਸਟਿਕ ਨੂੰ ਗੁਲਾਬੀ ਕਰ ਦੇ।'

**4-ਸਭਿਆਚਾਰਕ ਤੇ ਸਮਾਜਿਕ ਸਮੱਸਿਆਵਾਂ:**

'ਵਧੀਆ ਦੇਸ਼ ਦੇ ਬੇਵਕੂਫ਼ ਲੋਕ': ਪੂਰਬ ਦੇ ਸਭਿਆਚਾਰ ਸਮਾਜ ਨੂੰ ਸੇਧ ਦੇਣ ਵਿਚ ਇੱਕ ਬੁਨਿਆਦੀ ਭੂਮਿਕਾ ਨਿਭਾਉਂਦੀ ਰਚਨਾ ਹੈ। ਕੁੱਤੇ ਦੀ 'ਪੌਟੀ' ਇਕੱਠੀ ਕਰਨ ਦੀ ਉਦਾਹਰਨ ਦੇ ਕੇ ਲੇਖਕ ਨੇ ਇਹ ਸਿੱਧ ਕੀਤਾ ਹੈ ਕਿ ਪੂਰਬ ਅਤੇ ਪੱਛਮ ਦੇ ਸਭਿਆਚਾਰਕ ਅੰਤਰ ਨੂੰ ਇੱਕੋ ਪੈਮਾਨੇ 'ਤੇ ਨਹੀਂ ਮਾਪਿਆ ਜਾ ਸਕਦਾ। ਪੱਛਮੀ ਲੋਕ ਜਨਤਕ ਥਾਵਾਂ 'ਤੇ ਕੂੜਾ ਸੁੱਟਣ ਨੂੰ ਆਪਣੀ ਗੈਰ-ਜ਼ਿੰਮੇਵਾਰਾਨਾ ਹਰਕਤ ਮਹਿਸੂਸ ਕਰਦੇ ਹਨ, ਜਿੱਥੇ ਪੂਰਬ ਵਾਲੇ ਇਸ ਬਾਰੇ ਸੋਚਦੇ ਹੀ ਨਹੀਂ।

'ਕਰਤਾਰ ਸਿੰਘ ਸਰਾਭਾ'-ਕਵੀ ਕਰਤਾਰ ਸਿੰਘ ਸਰਾਭਾ ਦੀ ਫ਼ੋਟੋ ਨੂੰ ਦੇਖ ਕੇ ਅਤੀਤ ਦੀ ਦੁਨੀਆ ਵਿਚ ਚਲਿਆ ਜਾਂਦਾ ਹੈ, ਜਿੱਥੇ ਉਹ ਸੋਚਦਾ ਹੈ ਕਿ 'ਤੂੰ ਤਾਂ 19 ਸਾਲ ਦੀ ਉਮਰ ਵਿਚ ਹੱਸ ਕੇ ਫੰਦੇ ਨੂੰ ਗਲ੍ਹ ਵਿਚ ਪਵਾ ਲਿਆ। ਮੈਨੂੰ ਤਾਂ ਸੋਚ ਕੇ ਹੀ ਧੁੜਧੁੜੀ ਆ ਰਹੀ ਹੈ।' ਤੂੰ ਆਜ਼ਾਦੀ ਲਈ ਕੁਰਬਾਨ ਹੋ ਗਿਆ/ਤੂੰ ਸਾਨੂੰ ਆਜ਼ਾਦੀ ਲੈ ਦਿੱਤੀ।' ਪਰ ਅਫ਼ਸੋਸ- ਅੱਜ 75 ਸਾਲ ਬਾਅਦ ਵੀ/ਕੰਮੀਆਂ ਦੀ ਕੁੜੀ ਨੂੰ ਤਾਂ/ਮੁੱਠ ਦਾਣਿਆਂ ਦੀ ਖ਼ਾਤਰ/ਹਰੇ ਚਾਰੇ ਦੀ ਭਰੀ ਖ਼ਾਤਰ/ਆਪਣੀ ਸਲਵਾਰ ਦਾ ਨਾਲਾ/ਖੁਲਵਾਉਣਾ ਪੈਂਦਾ।'

'ਹੈਪੀ ਲੋਹੜੀ'-ਸਮਾਜ ਦੀਆਂ ਕੁਰੀਤੀਆਂ ਅਤੇ ਰੀਤੀ-ਰਿਵਾਜਾਂ 'ਤੇ ਤਿੱਖਾ ਪ੍ਰਤੀਕਾਤਮਕ ਵਿਅੰਗ ਕਰਦੀ ਹੈ। ਲੋਹੜੀ ਵਾਲੇ ਦਿਨ, ਕਵੀ ਮਜਬੂਰੀ ਹਿਤ ਆਪਣੀ ਮਾਂ ਨੂੰ ਵਧਾਈ ਦੇਣ ਜਾਂਦਾ ਹੈ ਪਰ ਉਹਦੀ ਮਾਂ ਉਸ ਦਾ ਨਿੱਘਾ ਸਵਾਗਤ ਨਹੀਂ ਕਰਦੀ, ਸਗੋਂ ਕਹਿੰਦੀ ਹੈ, ਕਿ ਮੈਨੂੰ ਲੋਹੜੀ ਮੁਬਾਰਕ ਕਹਿਣ ਤੋਂ ਪਹਿਲਾਂ 'ਪਾਥੀਆਂ ਇਕੱਠੀਆਂ ਕਰ। ਫਿਰ ਉਹਦੇ ਵਿਚ ਜੋ ਜੋ ਕੁਰੀਤੀਆਂ ਹੋ ਰਹੀਆਂ ਹਨ ਅਤੇ ਜੋ ਕਰਦੇ ਹਨ. ਉਨ੍ਹਾਂ ਨੂੰ ਉੱਚੀਆਂ ਲੰਮੀਆਂ ਲਾਟਾਂ ਵਿਚ ਸੁੱਟ/ਤੇ ਚੰਗੀ ਤਰ੍ਹਾਂ ਸਾੜ/ਫਿਰ ਮੈਨੂੰ ਲੋਹੜੀ ਮੁਬਾਰਕ ਕਹੀਂ।'

'ਲਾਲ ਕਿਲਾ ਅਤੇ ਚਿੱਟਾ ਕਿਲਾ' -ਇਹ ਇੱਕ ਪ੍ਰਤੀਕਾਤਮਕ ਕਵਿਤਾ ਹੈ, ਜਿਸ ਵਿਚ ਸਰਕਾਰ ਦੀ ਸ਼ਕਤੀ ਨੂੰ ਲੋਕਾਂ ਦੇ ਭਲੇ ਲਈ ਨਹੀਂ ਸਗੋਂ ਆਪਣੇ ਹਿਤਾਂ ਲਈ ਵਰਤਣ ਦਾ ਵਰਣਨ ਕੀਤਾ ਗਿਆ ਹੈ। ਕਵਿਤਾ ਵਿਚ ਵੇਰਵਿਆਂ ਨੂੰ ਬਹੁਤ ਵਧੀਆ ਢੰਗ ਨਾਲ ਵਿਸਤ੍ਰਿਤ ਕੀਤਾ ਗਿਆ ਹੈ। 'ਅਸੀਂ ਸਰਕਾਰ ਹੁੰਦੇ ਹਾਂ/ਅਸੀਂ ਏਜੰਸੀਆਂ ਹੁੰਦੇ ਹਾਂ/ਅਸੀਂ ਇਮਾਨ ਹੁੰਦੇ ਹਾਂ/ਅਸੀਂ ਧਰਮ ਹੁੰਦੇ ਹਾਂ/ਅਸੀਂ ਤੁਹਾਡੇ ਮਾਂ ਬਾਪ ਹੁੰਦੇ ਹਾਂ/ਗੱਲ ਕੀ!/ਅਸੀਂ ਸਭ ਕੁੱਝ ਹੁੰਦੇ ਹਾਂ/ਅਸੀਂ ਤਾਕਤਵਰ ਹੁੰਦੇ ਹਾਂ/ਅਸੀਂ ਰੱਬ ਹੁੰਦੇ ਹਾਂ/ਅਸੀਂ ਰੱਬ ਦੇ ਵੀ ਰੱਬ ਹੁੰਦੇ ਹਾਂ...ਤੁਸੀਂ ਭੱਜ ਸਕਦੇ ਹੋ/ਲੁਕ ਸਕਦੇ ਹੋ/ ਪਰ ਸਾਡੇ ਵਿਛਾਏ ਜਾਲ ਤੇ/ਪਿੰਜਰੇ 'ਚੋਂ ਨਿਕਲ ਨਹੀਂ ਸਕਦੇ/ਭਾਵੇਂ ਪੱਗ ਬੰਨ੍ਹੋ ਜਾਂ ਟੋਪੀ ਪਾਓ।'

'ਤੂੰ ਇਨ੍ਹਾਂ ਤੋਂ ਬਚ ਕੇ ਰਹੀਂ!'- ਪ੍ਰਭਾਵਸ਼ਾਲੀ ਲੋਕਾਂ ਦਾ ਹਰ ਉਸ ਵਿਅਕਤੀ 'ਤੇ ਡੂੰਘਾ ਪ੍ਰਭਾਵ ਪੈਂਦਾ ਹੈ, ਜਿਸ ਨੂੰ ਉਹ ਮਿਲਦੇ ਹਨ। ਉਹ ਦ੍ਰਿੜ ਵਿਸ਼ਵਾਸੀ ਹਮੇਸ਼ਾ ਇਹੀ ਸੋਚਦੇ ਹਨ ਕਿ ਆਮ ਲੋਕਾਂ 'ਤੇ ਹਾਵੀ ਹੋ ਸਕਦੇ ਹਨ। ਇਹ ਕਵਿਤਾ ਜਨਤਾ ਨੂੰ ਸੱਤਾਧਾਰੀ ਲੋਕਾਂ ਤੋਂ ਸੁਚੇਤ ਰਹਿਣ ਲਈ ਸੰਕੇਤ ਕਰਦੀ ਹੈ ਕਿ ਉਨ੍ਹਾਂ ਦੀ ਕਹਿਣੀ-ਕਥਨੀ ਅਤੇ ਬੁਰੀ ਸੋਚ ਤੋਂ ਸਦਾ ਬਚੋ। '...ਤੂੰ ਇਨ੍ਹਾਂ ਤੋਂ ਬਚ ਕੇ ਰਹੀਂ/ ਇਹ ਕਿਸੇ ਦੇ ਰਿਸ਼ਤੇਦਾਰ ਨਹੀਂ ਹੁੰਦੇ/ਇਹ ਕਿਸੇ ਦੇ ਯਾਰ ਨਹੀਂ ਹੁੰਦੇ।'

**5-ਪੂਰਬ ਅਤੇ ਪੱਛਮ ਦੇ ਸਭਿਆਚਾਰਕ ਅੰਤਰ**

'ਕਨੇਡਾ ਵਾਲਾ ਚਾਚਾ' - ਦਿਖਾਵਾ ਕਰਨਾ, ਆਧੁਨਿਕ ਯੁੱਗ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ। ਇਹ ਇੱਕ ਮਨੁੱਖੀ ਕਮਜ਼ੋਰੀ ਹੈ, ਜਿਸ ਨੇ ਸਮਾਜ ਵਿਚ ਬੇਅੰਤ ਸਮੱਸਿਆਵਾਂ ਪੈਦਾ ਕੀਤੀਆਂ ਹਨ। ਪੰਜਾਬੀ ਖ਼ਾਸ ਕਰ, ਆਪਣੇ ਆਪ ਨੂੰ ਦੂਜਿਆਂ ਤੋਂ ਉੱਤਮ ਸਾਬਤ ਕਰਨ ਲਈ, ਆਪਣੇ ਪੈਰਾਂ ਤੋਂ ਕਿਤੇ ਵਧੇਰੇ ਚਾਦਰ ਫੈਲਾ ਲੈਣ ਦੇ ਆਦੀ ਹਨ। ਇਸੇ ਸੋਚ ਅਧੀਨ, 'ਕਨੇਡਾ ਵਾਲੇ ਚਾਚੇ' ਨੂੰ ਕਿਹਾ ਜਾਂਦਾ ਹੈ ਕਿ ਉਹ ਬਾਜ਼ਾਰ ਤੁਰ ਕੇ ਨਾ ਜਾਇਆ ਕਰੇ, ਬਰੈਂਡ ਕੱਪੜੇ ਪਾਇਆ ਕਰੇ, ਐਵੇਂ ਸਾਈਕਲ 'ਤੇ ਤੁਰਿਆ ਫਿਰਿਆ ਨਾ ਕਰ—ਸਾਡੀ ਬੇਇੱਜ਼ਤੀ ਹੁੰਦੀ ਹੈ।

ਵਿਦੇਸ਼ ਜਾਣ ਦੀ ਚਾਹਨਾ: ਅੱਜ ਦੇ ਸਮੇਂ, ਹਰ ਕੋਈ ਪੂਰੀਆਂ ਸਹੂਲਤਾਂ ਵਾਲਾ ਆਧੁਨਿਕ ਜੀਵਨ ਜਿਊਣਾ ਲੋਚਦਾ ਹੈ। ਭਾਵੇਂ ਪੰਜਾਬ ਕੋਲ ਅਜਿਹੀਆਂ ਬਹੁਤ ਸਹੂਲਤਾਂ ਹਨ ਪਰ ਉਹ ਕੇਵਲ ਕੁੱਝ ਖ਼ਾਸ ਵਰਗ ਦੇ ਲੋਕਾਂ ਨੂੰ ਹੀ ਪ੍ਰਲੋਭਤ ਹਨ। ਆਮ ਲੋਕਾਂ ਨੂੰ ਅਜਿਹੇ ਮੌਕਿਆਂ ਦੀ ਘਾਟ ਹੋਣ ਕਾਰਨ, ਉਹ ਲੋਕਾਂ ਦੀ ਰੀਸੋ-ਰੀਸ ਬਾਹਰਲੇ ਮੁਲਕਾਂ ਵੱਲ ਜਾਣ ਲਈ ਖਿੱਚੇ ਜਾਂਦੇ ਹਨ। ਇਸੇ ਸੰਦਰਭ ਵਿਚ ਇਹ ਨਜ਼ਮ ਦੱਸਦੀ ਹੈ ਕਿ ਇੱਕ ਲੜਕੀ ਬਾਹਰਲੇ ਮੁਲਕ ਜਾਣ ਲਈ ਆਪਣਾ ਸਭ ਕੁੱਝ ਵਾਰਨ ਨੂੰ ਤਤਪਰ ਹੈ....'ਕਨੇਡਾ ਵਾਲਿਆਂ ਰਹੀਆ.../ਤੂੰ ਸਾਡੇ ਵਿਹੜੇ ਫੇਰੀ ਪਾ ਤਾਂ ਸਹੀ/ਯਾਰ ਸਾਨੂੰ ਕਨੇਡਾ ਮੰਗਵਾ ਤਾਂ ਸਹੀ/ ਮੈਂ ਦੇਸੀ ਤੋਂ ਮਾਡਰਨ ਬਣ ਜਾਊਂਗੀ/ਮੇਰੇ ਬੁੱਲਾਂ ਤੋਂ ਲਿਪਸਟਿਕ ਲਾਹ ਤਾਂ ਸਹੀ।

'ਅਸੀਂ ਵੀ ਕਨੇਡਾ ਜ਼ਰੂਰ ਆਵਾਂਗੇ'-ਲਿਖਤ ਵਿਚ ਇੱਕ ਲੜਕੇ ਦਾ ਬੇਹੱਦ ਉਤਾਵਲਾਪਨ ਦਰਸਾਇਆ ਹੈ -'ਜੇ ਸਿੱਧੇ ਤਰੀਕੇ ਨਾਲ ਗੱਲ ਨਾ ਬਣੀ ਤਾਂ/ਕੋਈ ਪੁੱਠਾ ਤਰੀਕਾ ਅਪਣਾਵਾਂਗੇ। ਇਹ ਆਧੁਨਿਕ ਪੰਜਾਬੀ ਸਮਾਜ ਦੀ ਇੱਕ ਭਖਦੀ ਸਮੱਸਿਆ ਹੈ।

**6- ਕੁੱਝ ਕੇਂਦਰੀ ਸਰਕਾਰ ਵੱਲੋਂ ਆਰਥਿਕ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲ ਨਾਲ ਸਬੰਧਿਤ**

ਲੇਖਕ ਦੀਆਂ ਕੁੱਝ ਕਵਿਤਾਵਾਂ, ਕਿਸਾਨ, ਕਿਰਤੀ, ਮਜ਼ਦੂਰ ਵਰਗ ਦੀਆਂ ਆਰਥਿਕ ਮੁਸ਼ਕਲਾਂ, ਬੇਰੁਜ਼ਗਾਰੀ ਦਾ ਸਾਹਮਣਾ ਕਰ ਰਹੇ ਲੋਕਾਂ ਦੇ ਸੰਘਰਸ਼ਾਂ ਨੂੰ ਦਰਸਾਉਂਦੀਆਂ ਹਨ, ਜੋ ਵੱਖ-ਵੱਖ ਮੁੱਦਿਆਂ 'ਤੇ ਸ਼ਕਤੀਸ਼ਾਲੀ ਸੇਧ ਦੇਣ ਵਜੋਂ ਉਤਸ਼ਾਹਿਤ ਕਰਦੀਆਂ ਹਨ- ਜਿਵੇਂ: 'ਅਸੀਂ ਆਵਾਂਗੇ, ਤੰਬੂ ਵੀ ਲਾਵਾਂਗੇ' -ਇਹ ਆਪਣੇ ਹੱਕ-ਹਕੂਕਾਂ ਅਤੇ ਜੱਦੋ-ਜਹਿਦ ਨਾਲ ਵੀਰਤਾ ਭਰਪੂਰ ਰਚਨਾ ਹੈ, ਜਿਸ ਦਾ ਸਿਧਾ ਟਕਰਾਓ ਸੰਬੋਧਨ ਰਾਜ ਸੱਤਾ ਵਾਲਿਆਂ ਨਾਲ ਹੈ...'।

ਕਿਸਾਨ-ਮਜ਼ਦੂਰ ਏਕਤਾ ਜ਼ਿੰਦਾਬਾਦ: ਇਸ ਕਵਿਤਾ ਵਿਚ ਵੀ ਸਭਿਆਚਾਰਕ ਅਭਿਆਸਾਂ ਅਤੇ ਵਿਸ਼ਵਾਸਾਂ ਦੀ ਵਿਭਿੰਨਤਾ ਦਾ ਜ਼ਿਕਰ ਕੀਤਾ ਹੈ ਅਤੇ ਹੱਕਾਂ ਦੀ ਜੱਦੋ-ਜਹਿਦ ਬਾਰੇ ਉਤਸ਼ਾਹਿਤ ਕੀਤਾ ਹੈ।

**7- ਵਿਅੰਗਮਈ ਰਚਨਾਵਾਂ**

'ਮੈਂ ਭਗਤ ਸਿੰਘ ਬੋਲਦਾ ਹਾਂ'—ਵਿਅੰਗਮਈ ਕਵਿਤਾ ਹੈ, ਜੋ ਨਾਇਕ ਸ਼ਹੀਦ ਭਗਤ ਸਿੰਘ ਵਿਰੋਧੀ ਸ਼ਬਦਾਂ ਰਾਹੀਂ ਕਹਿੰਦਾ ਦਰਸਾਇਆ ਹੈ ਕਿ 'ਮੈਂ ਨਹੀਂ ਹੁਣ ਆਉਣਾ, ਐਵੇਂ ਨਾ ਮੈਨੂੰ 'ਵਾਜਾਂ ਮਾਰੋ। ...ਤੁਸੀਂ ਕਦੀ ਮੇਰੀਆਂ ਮੁੱਛਾਂ ਉਤਾਂਹ ਕਰਦੇ ਹੋ/ਕਦੇ ਹੇਠਾਂ ਕਰਦੇ ਹੋ/ਕਦੇ ਪੱਗ ਲਾਹ ਕੇ/ ਮੇਰੇ ਸਿਰ ਟੋਪੀ ਪਾਉਂਦੇ ਹੋ। ਭਾਰਤ ਵਿਚ ਭ੍ਰਿਸ਼ਟਾਚਾਰ ਕੋਈ ਨਵਾਂ ਵਰਤਾਰਾ ਨਹੀਂ। ਸਗੋਂ ਇਹ ਵਿਆਪਕ ਸਮੱਸਿਆ ਬਣ ਗਈ ਹੈ, ਜਿਸ ਦਾ ਹਟਣਾ ਅਸੰਭਵ ਹੈ। ਇਸ ਦੇ ਕਈ ਰੂਪ ਪੈਦਾ ਹੋ ਗਏ ਹਨ

(ਬਾਕੀ ਅਗਲੇ ਸਫੇ 'ਤੇ)

# ਕਾਂਜੀ ਕੋਲਾ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353





ਮੁੱਦਤਾਂ ਹੋ ਗਈਆਂ ਕਾਂਜੀ ਪੀਤਿਆਂ, ਸ਼ਾਇਦ ਜ਼ਿੰਦਗੀ ਵਿਚ ਮੈਂ ਇੱਕ ਅੱਧ ਵਾਰੀ ਹੀ ਇਹ ਨਫੀਸ ਪੀਣ ਪਦਾਰਥ ਛਕਿਆ ਹੋਵੇਗਾ ਪਰ ਫਿਰ ਵੀ ਹੋਰ ਪਿੱਛੇ ਰਹਿ ਗਈਆਂ ਦੇਸੀ ਖੁਰਾਕਾਂ ਜਿਵੇਂ ਸੀੜ੍ਹ ਦੀਆਂ ਪਿੰਨੀਆਂ, ਬੱਕਲੀਆਂ, ਗੁਲਗੁਲੇ, ਫੁੱਲੀਆਂ, ਕੁੱਲਰ, ਪਤਾਸੇ, ਸੱਤੂ, ਸੰਢੋਲਾ ਦੇ ਨਾਲ ਨਾਲ ਕਾਂਜੀ ਲਈ ਵੀ ਦਿਲ ਵਿਚੋਂ ਹੂਕ ਉਠਦੀ ਹੀ ਰਹਿੰਦੀ ਹੈ। ਪਾਣੀ ਵਿਚ ਗਾਜਰਾਂ, ਰਾਈ, ਵਿਆਹ ਵਾਲੇ ਪਕੌੜੇ, ਕਾਲਾ ਲੂਣ, ਕਾਲੀ ਮਿਰਚ ਆਦਿ ਪਾ ਕੇ ਬਣਾਏ ਇਸ ਲਾਹਣ ਨੂੰ ਕਈ ਦਿਨ ਖਮੀਰ ਉਠਣ ਤੱਕ ਢੱਕ ਕੇ ਰੱਖਿਆ ਜਾਂਦਾ ਸੀ ਤਾਂ ਜਾ ਕੇ ਇਹ ਸੌਗਾਤ ਤਿਆਰ ਹੁੰਦੀ ਸੀ। ਭਲੇ ਵੇਲਿਆਂ ਵਿਚ ਕਾਂਜੀ ਵਿਆਹਾਂ-ਸ਼ਾਦੀਆਂ ਦੌਰਾਨ ਬਰਾਤੀਆਂ ਨੂੰ ਕੋਕਾ ਕੋਲਾ ਵਾਂਗ ਪਿਲਾਈ ਜਾਂਦੀ ਸੀ। ਅੱਜ ਕੱਲ੍ਹ ਤਾਂ ਚਾਹ ਨਾਲ ਹੀ ਕਲੇਜਾ ਸਾੜਿਆ ਜਾਂਦਾ ਹੈ ਪਰ ਉਦੋਂ ਇਹ ਕਲੇਜੇ ਵਿਚ ਠੰਢ ਪਾਉਂਦੀ ਸੀ ਕਿਉਂਕਿ ਮੰਨਿਆ ਜਾਂਦਾ ਹੈ ਕਿ ਇਸ ਦੀ ਤਾਸੀਰ ਠੰਢੀ ਹੁੰਦੀ ਹੈ। ਤਾਸੀਰ ਸਿਧਾਂਤ ਅਣਵਿਗਿਆਨਕ ਹੈ, ਮੇਰਾ ਇਸ ਵਿਚ ਕੋਈ ਵਿਸ਼ਵਾਸ ਨਹੀਂ। ਇਹ ਕੁਝ ਨਸ਼ਾਵਰ ਵੀ ਹੁੰਦੀ ਹੈ ਇਸ ਲਈ ਇਸ ਨੂੰ ਪਾਚਕ ਸਮਝਿਆ ਜਾਂਦਾ ਹੈ। ਲੋਕਾਂ ਵਿਚ ਪੁਰਾਣੀਆਂ ਚੀਜ਼ਾਂ ਪ੍ਰਤੀ ਹੇਜ ਜਾਗ ਰਿਹਾ ਹੈ ਇਸ ਲਈ ਤੁਸੀਂ ਅੱਜ-ਕਲ੍ਹ ਅਨੇਕਾਂ ਵੈੱਬਸਾਈਟਾਂ 'ਤੇ ਕਾਂਜੀ ਬਣਾਉਣ ਦੀ ਵਿਧੀ ਦੇਖ ਸਕਦੇ ਹੋ। ਹਾਂ, ਹਰ ਕਿਸੇ ਦਾ ਆਪੋ ਆਪਣਾ ਨੁਸਖਾ ਹੈ। ਲਗਭਗ ਸਭ ਸੱਭਿਅਤਾਵਾਂ ਵਿਚ ਕਾਂਜੀ ਜਿਹੇ ਹਲਕੇ-ਫੁਲਕੇ ਪੀਣ ਪਦਾਰਥ ਦਾ ਜ਼ਿਕਰ ਮਿਲਦਾ ਹੈ। ਮੁਢਲੇ ਤੌਰ 'ਤੇ ਇਹ ਪਾਣੀ ਵਿਚ ਕੋਈ ਅੰਨ ਤੇ ਲੂਣ ਆਦਿ ਪਾ ਕੇ ਬਣਾਈ ਹੋਈ ਖੁਰਾਕ ਹੀ ਹੈ। ਜੇ ਇਸ ਨੂੰ ਅੰਗਰੇਜ਼ੀ ਵਿਚ ਸਮਝਾਉਣਾ ਹੋਵੇ ਤਾਂ gruel ਜਿਹਾ ਸ਼ਬਦ ਵਰਤਿਆ ਜਾਵੇਗਾ ਤੇ ਇਸ ਸ਼ਬਦ ਦਾ ਜੇ ਅੱਗੋਂ ਪੰਜਾਬੀ ਵਿਚ ਕੋਸ਼ਗਤ ਅਰਥ ਦੇਖਣਾ ਹੋਵੇ ਤਾਂ ਪਤਲਾ ਦਲੀਆ, ਖਿਚੜੀ, ਭੱਪਾ ਜਿਹੇ ਸ਼ਬਦ ਸਾਹਮਣੇ ਆਉਣਗੇ। ਪਰ ਸਾਡੀ ਕਾਂਜੀ ਕਾਂਜੀ ਹੀ ਹੈ। ਉਂਝ ਸਾਡਾ ਜਲ-ਜੀਰਾ ਵੀ ਇਸ ਦਾ ਵੈਸ਼ਨੋ ਭਰਾ ਹੀ ਹੈ।

ਕੋਰੀਆ ਵਿਚ ਅਜਿਹਾ ਹੀ ਪੇਯ ਕੰਬੂਚਾ ਕਹਾਉਂਦਾ ਹੈ ਜੋ ਚਾਹ, ਖੰਡ, ਯੀਸਟ ਤੇ ਕੁਝ ਹੋਰ ਮਸਾਲੇ ਪਾ ਕੇ ਖਮੀਰਿਆ ਜਾਂਦਾ ਹੈ। ਪੂਰਬੀ ਏਸ਼ੀਆ ਦੇ ਕਈ ਦੇਸ਼ਾਂ ਵਿਚ ਸਾਡੀ ਕਾਂਜੀ ਤੋਂ ਪ੍ਰਭਾਵਿਤ ਹੋ ਕੇ ਜਾਂ ਕੁਝ ਵੱਖਰੇ ਤਰ੍ਹਾਂ ਦੇ ਅਜਿਹੇ ਹੀ ਸਾਦੇ ਜਿਹੇ ਵਿਅੰਜਨ ਬਣਾਏ ਜਾਂਦੇ ਹਨ। ਇਨ੍ਹਾਂ ਦੀਆਂ ਬਹੁਤੀਆਂ ਵਿਸ਼ੇਸ਼ਤਾਈਆਂ ਵਿਚ ਨਾ ਜਾਂਦਾ ਹੋਇਆ ਮੈਂ ਕੁਝ ਦੇ ਨਾਂ ਗਿਣਾਉਂਦਾ ਹਾਂ: ਹਾਂਗ ਕਾਂਗ ਦੇ ਹਰ ਕੂਚੇ ਖੁਲ੍ਹੇ ਕਾਂਜੀ ਘਰਾਂ ਵਿਚ 'ਜੂਕ' ਪਿਲਾਇਆ ਹੈ। ਇਸ ਵਿਚ ਕਿਧਰੇ ਚੌਲ, ਕਿਧਰੇ ਕਣਕ ਤੇ ਕਿਧਰੇ ਕੋਈ ਹੋਰ ਦਾਣੇ ਉਬਾਲੇ ਜਾਂਦੇ ਹਨ ਜਿਨ੍ਹਾਂ ਵਿਚ ਆਪੋ ਆਪਣੇ ਇਲਾਕੇ ਜਾਂ ਸ਼ੌਕ ਦੇ ਅਨੁਸਾਰ ਦੁੱਧ, ਨਾਰੀਅਲ ਦਾ ਪਾਣੀ, ਕਈ ਤਰ੍ਹਾਂ ਦੇ ਮੀਟ, ਸਬਜ਼ੀਆਂ ਤੇ ਆਂਡੇ ਵੀ ਪਾ ਦਿੱਤੇ ਜਾਂਦੇ ਹਨ। ਦੱਸਿਆ ਜਾਂਦਾ ਹੈ ਕਿ ਪੁਰਤਗਾਲੀ ਦੱਖਣੀ ਭਾਰਤ ਤੋਂ ਕਾਂਜੀ ਚੀਨ ਵਿਚ ਲੈ ਕੇ ਗਏ। ਜੂਕ ਜਿਹਾ ਸ਼ਬਦ ਵੀ ਕਾਂਜੀ ਤੋਂ ਹੀ ਵਿਉਤਪਤ ਮੰਨਿਆ ਜਾਂਦਾ ਹੈ ਪਰ ਮੇਰੀ ਸਮਝ ਤੋਂ ਪਰੇ ਹੈ। ਥਾਈਲੈਂਡ ਵਿਚ ਕਾਂਜੀ ਜਿਹੇ ਰਸੇ ਨੂੰ ਚੋਕ ਜਾਂ ਖਾਓ ਤੁਮ, ਵੀਅਤਨਾਮ ਵਿਚ ਚਾਓ, ਬਰਮਾ ਵਿਚ ਹਸਾਨ ਪਿਯੋਕ, ਮਲਾਇਆ ਇੰਡੋਨੇਸ਼ੀਆ ਵਿਚ ਬੁਬੁਰ, ਜਪਾਨੀ ਵਿਚ ਓਕਾਯੂ, ਤਿੱਬਤ ਵਿਚ ਦੇਅਥੁਕ ਆਦਿ ਜਿਹੇ ਸ਼ਬਦਾਂ ਨਾਲ ਨਿਵਾਜਿਆ ਜਾਂਦਾ ਹੈ। ਪਰ ਕਈ ਭਾਰਤੀ ਭਾਸ਼ਾਵਾਂ ਵਿਚ ਕਾਂਜੀ ਨਾਲ ਮਿਲਦੇ-ਜੁਲਦੇ ਸ਼ਬਦ ਹੀ ਹਨ ਜਿਵੇਂ ਮਲਿਆਲਮ ਵਿਚ ਕਾਂਹਜੀ, ਕੰਨੜ ਤੇ ਤੈਲਗੂ ਵਿਚ ਗਾਂਜੀ, ਤਾਮਿਲ ਵਿਚ ਕੰਚੀ। ਮਲਾਇਆ ਅਤੇ ਇੰਡੋਨੇਸ਼ੀਆ ਦੀਆਂ ਭਾਸ਼ਾਵਾਂ ਵਿਚ ਬੁਬੁਰ ਦੇ ਨਾਲ ਨਾਲ ਕਾਂਜੀ ਸ਼ਬਦ ਇਸ ਲਈ ਚਲਦਾ ਹੈ ਕਿਉਂਕਿ ਇਨ੍ਹਾਂ ਦੇਸ਼ਾਂ ਦੇ ਨਾਲ ਦਰਾਵੜ ਦੇ ਇਤਿਹਾਸਕ ਸਬੰਧ ਵੀ ਰਹੇ ਹਨ ਤੇ ਇਹ ਸਮੁੰਦਰੀ ਗਵਾਂਢੀ ਵੀ ਹਨ। ਬੁਬੁਰ ਇਨ੍ਹਾਂ ਦੇਸ਼ਾਂ ਦੇ ਆਦਿਵਾਸੀਆਂ ਦੀ ਭਾਸ਼ਾ ਦਾ ਸ਼ਬਦ ਹੈ। ਪਰ ਦੂਜੇ ਪਾਸੇ ਕੁਝ ਭਾਰਤੀ ਭਾਸ਼ਾਵਾਂ ਵਿਚ ਇਸ ਲਈ ਕੁਝ ਹੋਰ ਸ਼ਬਦ ਹਨ ਜਿਵੇਂ ਨੈਪਾਲੀ ਜਾਉਲੋ, ਬੰਗਾਲੀ ਜਾਓ। ਇਹ ਸ਼ਬਦ ਸੰਸਕ੍ਰਿਤ ਦੇ ਯਵਾਗੂ ਤੋਂ ਵਿਕਸਿਤ ਹੋਇਆ ਹੈ ਜਿਸ ਦਾ ਅਰਥ ਚੌਲਾਂ ਦੀ ਪਿੱਛ ਹੈ। ਇਹ ਸ਼ਬਦ ਜੌਂ ਨਾਲ ਸਬੰਧਤ ਹੈ। ਕਈ ਥਾਈਂ ਗਲਤ ਤੌਰ 'ਤੇ ਦੱਸਿਆ ਗਿਆ ਹੈ ਕਿ ਇਹ ਦੋਵੇਂ ਸ਼ਬਦ ਚੀਨ ਦੀ ਮੈਂਡਰਿਨ ਭਾਸ਼ਾ ਦੇ ਸ਼ਬਦ ਚਾਊ ਤੋਂ ਪ੍ਰਭਾਵਿਤ ਹਨ। ਉੜੀਆ ਵਿਚ ਪਖਲ ਭਾਤ ਹੈ। ਪਖਲ ਦਾ ਅਰਥ ਉਬਾਲਣਾ ਜਿਹਾ ਹੈ, ਸੋ ਭਾਵ ਨਿਕਲਿਆ ਚੌਲਾਂ ਨਾਲ ਉਬਾਲਿਆ ਪਾਣੀ।

ਕਾਂਜੀ ਪੀਣ ਪਦਾਰਥ ਵੀ ਦਰਾਵੜੀ ਅਸਲੇ ਦੇ ਹੈ ਤੇ ਸ਼ਬਦ ਵੀ। ਇਸ ਦੇ ਤਾਮਿਲ, ਤੈਲਗੂ, ਮਲਿਆਲਮ ਅਤੇ ਕੰਨੜ ਭਾਸ਼ਾਵਾਂ ਦੇ ਭੇਦ ਉਪਰ ਦੱਸੇ ਜਾ ਚੁਕੇ ਹਨ। ਉਥੇ ਇਹ ਉਥੋਂ ਦੇ ਮੁੱਖਖਾਧ-ਅਨਾਜ ਚੌਲਾਂ ਤੋਂ ਬਣਾਇਆ ਜਾਂਦਾ ਹੈ। ਇਹ ਇੱਕ ਤਰ੍ਹਾਂ ਉਬਾਲੇ ਚੌਲਾਂ ਨਾਲ ਖਮੀਰਿਆ ਪਾਣੀ ਹੈ ਜਿਸ ਵਿਚ ਹੋਰ ਮਿਰਚ ਮਸਾਲਾ ਮਿਲਾ ਲਿਆ ਜਾਂਦਾ ਹੈ। ਸਮਝੋ ਪਿੱਛ ਦਾ ਵਿਅੰਜਨ ਹੈ। ਭਾਰਤ ਵਿਚ ਅਜਿਹੇ ਹਲਕੇ-ਫੁਲਕੇ ਖਾਣਿਆਂ ਦਾ ਸੇਵਨ ਵਰਤ, ਰਮਾਜ਼ਾਨ ਜਾਂ ਬੀਮਾਰੀ ਦੀ ਹਾਲਤ ਵਿਚ ਵੀ ਕੀਤਾ ਜਾਂਦਾ ਹੈ। ਸੋਲ੍ਹਵੀਂ ਸਦੀ ਵਿਚ ਭਾਰਤ ਆਏ ਬਸਤੀਵਾਦੀ ਪੁਰਤਗਾਲੀਆਂ ਨੇ ਇਸ ਨੂੰ ਅਪਣਾ ਲਿਆ। ਉਨ੍ਹਾਂ ਦੇ ਇੱਕ ਡਾਕਟਰ ਅਤੇ ਬਨਸਪਤੀ ਵਿਗਿਆਨੀ ਨੇ 'ਕਾਂਜੇ' ਦੇ ਤੌਰ 'ਤੇ ਇਸ ਦਾ ਜ਼ਿਕਰ ਆਪਣੇ ਇੱਕ ਵਿਸ਼ਵ ਕੋਸ਼ ਵਿਚ ਕੀਤਾ ਹੈ। ਅੱਜ-ਕੱਲ੍ਹ ਪੁਰਤਗਾਲ ਵਿਚ 'ਕੰਜਾ' ਮੁਰਗੀ ਦੇ ਸ਼ੋਰਬੇ ਨੂੰ ਆਖਿਆ ਜਾਂਦਾ ਹੈ। ਇਹ ਮਿਸਾਲ ਦਰਸਾਉਂਦੀ ਹੈ ਕਿ ਦੂਰ-ਦੁਰਾਡੇ ਜਾ ਕੇ ਚੀਜ਼ਾਂ, ਉਨ੍ਹਾਂ ਨੂੰ ਵਿਅਕਤ ਕਰਦੇ ਸ਼ਬਦਾਂ ਦੇ ਅਰਥ ਅਤੇ ਰੂਪ ਕਿਵੇਂ ਹੋਰ ਦੇ ਹੋਰ ਹੋ ਜਾਂਦੇ ਹਨ। ਸਤਾਰਵੀਂ-ਅਠਾਰਵੀਂ ਸਦੀ ਵਿਚ ਹੀ ਇਹ ਸ਼ਬਦ ਅੰਗਰੇਜ਼ੀ ਸਮੇਤ ਹੋਰ ਯੂਰਪੀਅਨ ਭਾਸ਼ਾਵਾਂ ਵਿਚ ਕੁਝ ਬਦਲਵੇਂ ਰੂਪ ਵਿਚ ਚਲੇ ਗਿਆ। ਅੰਗਰੇਜ਼ੀ ਵਿਚ ਇਹ ਸ਼ਬਦ congee ਵਜੋਂ ਲਿਖਿਆ ਜਾਂਦਾ ਹੈ ਪਰ ਉਚਾਰਣ ਕਾਂਜੀ ਜਿਹਾ ਹੀ ਹੈ। ਦਰਾਵੜੀ ਇਲਾਕਿਆਂ ਵਿਚ ਕਾਂਜੀ ਨੂੰ ਬੀਮਾਰਾਂ ਤੇ ਗਰੀਬਾਂ ਦਾ ਭੋਜਨ ਵੀ ਸਮਝਿਆ ਜਾਂਦਾ ਹੈ ਇਸ ਲਈ ਮਹਿਮਾਨਾਂ ਅੱਗੇ ਨਹੀਂ ਪਰੋਸਿਆ ਜਾਂਦਾ। ਉਬਲੇ ਚੌਲਾਂ ਦਾ ਪਾਣੀ ਹੋਣ ਕਾਰਨ ਕਾਂਜੀ ਨੂੰ ਧੋਬੀ ਮਾਇਆ ਵਜੋਂ ਵੀ ਵਰਤਦੇ ਰਹੇ ਹਨ ਪਰ ਇਹ ਨਾ ਸਮਝੋ ਕਿ ਇਸ ਵਿਚ ਹੋਰ ਮਸਾਲੇ ਵੀ ਮਿਲਾਏ ਜਾਂਦੇ ਹੋਣਗੇ! ਲੰਕਾ ਦੀ ਇਕ ਕਹਾਵਤ ਹੈ ਕਿ ਇਸ ਨੂੰ ਪੀ ਨਹੀਂ ਸਕਦਾ ਕਿਉਂਕਿ ਇਹ ਗਰਮ ਹੈ ਤੇ ਸੁੱਟ ਵੀ ਨਹੀਂ ਸਕਦਾ ਕਿਉਂਕਿ ਇਹ ਕਾਂਜੀ ਹੈ। ਹੈ ਨਾ ਸੱਪ ਅੱਗੇ ਕੋਹੜ ਕਿਰਲੀ ਜਿਹੀ ਦੁਬਿਧਾ।

ਤਾਮਿਲ ਭਾਸ਼ਾ ਵਿਚ ਕੰਚੀ ਸ਼ਬਦ ਵਿਚ ਉਬਲਣ ਦਾ ਭਾਵ ਹੈ। ਸੋ ਕਾਂਜੀ ਸ਼ਾਬਦਿਕ ਤੌਰ 'ਤੇ ਉਬਾਲੇ ਚੌਲਾਂ ਦਾ ਪਾਣੀ ਹੈ। ਇਸ ਨੂੰ ਕੁਝ ਸਮੇਂ ਲਈ ਰੱਖਣ ਨਾਲ ਇਹ ਖਮੀਰਿਆ ਜਾਂਦਾ ਹੈ ਤੇ ਸਿਰਕੇ ਵਾਂਗ ਖੱਟਾ ਹੋ ਜਾਂਦਾ ਹੈ, ਕੁਝ ਕੋਸ਼ਾਂ ਵਿਚ ਇਸ ਨੂੰ ਸਿਰਕਾ ਵੀ ਕਿਹਾ ਗਿਆ ਹੈ। ਇਸ ਦੇ ਖੱਟੇਪਣ ਤੋਂ ਸੰਕੇਤ ਲੈ ਕੇ ਇੱਕ ਪ੍ਰਕਾਰ ਦੇ ਨਿੰਬੂ ਅਤੇ ਸੰਤਰੇ ਨੂੰ ਵੀ ਕੰਨੜ ਵਿਚ ਕੰਚੀ ਕਿਹਾ ਜਾਂਦਾ ਹੈ, ਪੰਜਾਬੀ 'ਖੱਟਾ' ਵੀ ਇੱਕ ਪ੍ਰਕਾਰ ਦਾ ਨਿੰਬੂ ਪ੍ਰਜਾਤੀ ਦਾ ਫਲ ਹੁੰਦਾ ਹੈ। ਕੰਚੀ ਸ਼ਬਦ ਦਰਾਵੜੀ ਤੋਂ ਸੰਸਕ੍ਰਿਤ ਵਿਚ ਸ਼ਾਮਿਲ ਹੋ ਗਿਆ ਜਿਥੇ ਇਸ ਦੇ ਰੂਪ ਕਾਂਜਿਕ, ਕਾਂਜਿਕਾ, ਕਾਂਜੀ, ਕਾਂਜੀਕਮ ਮਿਲਦੇ ਹਨ। ਪਾਲੀ ਵਿਚ ਇਸ ਦਾ ਰੂਪ ਕੰਜਿਕਾ ਅਤੇ ਪ੍ਰਾਕ੍ਰਿਤ ਵਿਚ ਕੰਜੀਆ ਹੈ। ਪੰਜਾਬ ਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਵਿਚ ਇਹ ਕਾਂਜੀ ਚੌਲਾਂ ਦਾ ਬਣਿਆ ਵਿਅੰਜਨ ਨਾ ਰਹੀ ਬਲਕਿ ਗਾਜਰਾਂ ਜਾਂ ਵੇਸਣ ਦੇ ਬਣੇ ਵਿਆਹ ਵਾਲੇ ਪਕੌੜਿਆਂ ਤੋਂ ਖਮੀਰਿਆ ਪੀਣ ਪਦਾਰਥ ਬਣ ਗਿਆ। 'ਮਹਾਨ ਕੋਸ਼' ਨੇ ਇਸ ਨੂੰ 'ਇੱਕ ਪ੍ਰਕਾਰ ਦਾ ਖੱਟਾ ਰਸ, ਜੋ ਰਾਈ ਆਦਿਕ ਦੇ ਮੇਲ ਤੋਂ ਬਣਦਾ ਹੈ' ਵਜੋਂ ਪਰਿਭਾਸ਼ਿਤ ਕੀਤਾ ਹੈ। ਕਾਂਜੀ ਨੂੰ ਕਾਂਜੀ-ਪਾਣੀ ਵੀ ਕਿਹਾ ਜਾਂਦਾ ਹੈ, ਮੈਂ ਤਾਂ ਇਸ ਦਾ ਆਧੁਨਿਕੀਕਰਣ ਕਰ ਕੇ ਕਾਂਜੀ-ਕੋਲਾ ਕਹਿਣਾ ਚਾਹਾਂਗਾ। ਕਿਸੇ ਕੰਮ ਦੇ ਖਰਾਬ ਹੋਣ ਦੇ ਭਾਵਾਂ ਲਈ ਅਸੀਂ ਦੁੱਧ ਵਿਚ ਕਾਂਜੀ ਪਾਉਣਾ ਜਾਂ ਕਾਂਜੀ ਘੋਲਣਾ ਜਿਹਾ ਮੁਹਾਵਰਾ ਵਰਤਦੇ ਹਾਂ। ਅਮਰਜੀਤ ਚੰਦਨ ਦੀ ਇਕ ਪੁਸਤਕ ਦਾ ਨਾਂ 'ਦੁਧ ਵਿਚ ਕਾਂਜੀ' ਹੈ ਜਿਸ ਵਿਚ ਉਨ੍ਹਾਂ ਸੰਸਕ੍ਰਿਤ ਤੇ ਅੰਗਰੇਜ਼ੀ ਦੇ ਪ੍ਰਭਾਵਾਂ ਕਾਰਨ ਪੰਜਾਬੀ ਭਾਸ਼ਾ ਦੇ ਠੁੱਕ ਵਿਚ ਆਈ ਬੇਲੋੜੇ ਵਿਗਾੜ ਦਾ ਰੋਣਾ ਰੋਇਆ ਹੈ। 'ਸਿਧ ਗੋਸਟਿ' ਵਿਚ ਸਿੱਧਾਂ ਨੇ ਗੁਰੂ ਜੀ ਦੇ ਸੰਸਾਰੀ ਭੇਸ ਅਪਣਾਉਣ ਨੂੰ ਦੁਧ ਵਿਚ ਕਾਂਜੀ ਮਿਲਾਉਣ ਦੇ ਤੁਲ ਬਿਆਨਿਆ ਹੈ,

ਖਾਧੀ ਖੁਣਸ ਜੋਗੀਸ਼ਰਾਂ
ਗੋਸਟਿ ਕਰਨ ਸਭੇ ਉਠ ਆਈ।
ਪੁਛੇ ਜੋਗੀ ਭੰਗ੍ਰ ਨਾਥ
ਤੁਹਿ ਦੁਧ ਵਿਚ ਕਿਉਂ ਕਾਂਜੀ ਪਾਈ।
ਫਿਟਿਆ ਚਾਟਾ ਦੁਧ ਦਾ ਰਿੜਕਿਆਂ
ਮਖਣ ਹਥ ਨ ਆਈ॥
ਭੇਖ ਵਤ ਕਿਉਂ ਸੰਸਾਰੀ ਰੀਤ ਚਲਾਈ।

ਇਵੇਂ ਹੀ ਭਾਈ ਗੁਰਦਾਸ ਨੇ ਵੀ ਇਸ ਮੁਹਾਵਰੇ ਦੀ ਵਰਤੋਂ ਕੀਤੀ ਹੈ, 'ਤਨਕ ਹੀ ਜਾਵਨ ਕੈ ਦੂਧ ਦਧ ਹੋਤ ਜੈਸੇ ਤਨਕ ਹੀ ਕਾਂਜੀ ਪਰੈ ਦੂਧ ਫਟ ਜਾਤ ਹੈ' ਅਰਥਾਤ ਥੋੜੇ ਜਿਹੇ ਜਾਗ ਨਾਲ ਦਹੀਂ ਜੰਮ ਜਾਂਦਾ ਹੈ ਅਤੇ ਥੋੜੀ ਜਿਹੀ ਕਾਂਜੀ ਨਾਲ ਦੁੱਧ ਫਟ ਜਾਂਦਾ ਹੈ। ਇਸੇ ਤਰ੍ਹਾਂ,

ਵਿਗੜੈ ਚਾਟਾ ਦੁਧ ਦਾ ਕਾਂਜੀ ਦੀ ਚੁਖੈ।
ਸਹਸ ਮਣਾ ਰੂਈ ਜਲੈ ਚਿਣਗਾਰੀ ਧੁਖੈ।

ਕਾਂਜੀ ਹਾਊਸ

ਅੱਜ-ਕੱਲ੍ਹ ਕਾਂਜੀ ਹਾਊਸ ਵਿਚ ਗਊਆਂ ਦੀਆਂ ਮੌਤਾਂ ਦੀਆਂ ਖਬਰਾਂ ਆਉਂਦੀਆਂ ਰਹਿੰਦੀਆਂ ਹਨ। 'ਰੇਲ ਗੱਡੀ' ਦੀ ਤਰ੍ਹਾਂ ਕਾਂਜੀ ਹਾਊਸ ਵੀ ਦੇਸੀ ਅਤੇ ਅੰਗਰੇਜ਼ੀ ਦੇ ਦੋ ਸ਼ਬਦਾਂ ਨੂੰ ਜੋੜ ਕੇ ਬਣਿਆ ਇੱਕ ਸੰਯੁਕਤ ਸ਼ਬਦ ਹੈ ਜਿਸ ਵਿਚ ਚਰਚਿਤ ਕਾਂਜੀ ਪਹਿਲਾ ਸ਼ਬਦ ਹੈ। ਕਾਂਜੀ ਹਾਊਸ ਇੱਕ ਹਾਤਾ ਹੁੰਦਾ ਹੈ ਜਿਥੇ ਖੁੱਲ੍ਹੇ-ਆਵਾਰਾ ਪਸ਼ੂ ਥੋੜ੍ਹੇ ਸਮੇਂ ਲਈ ਡੱਕੇ ਜਾਂਦੇ ਹਨ। ਇਸ ਲਈ ਇਕ ਅੰਗਰੇਜ਼ੀ ਸ਼ਬਦ ਪਊਂਡ ਹੈ, ਪਸ਼ੂ ਤਾੜਨ ਲਈ ਅੰਗਰੇਜ਼ੀ ਵਿਚ ਇਮਪਊਂਡ ਕਿਰਿਆ ਦੀ ਵਰਤੋਂ ਹੁੰਦੀ ਹੈ। 'ਕਾਂਜੀ ਹਾਊਸ' ਸ਼ਬਦ ਦੇ ਬਣਨ ਪਿੱਛੇ ਵੀ ਰੌਚਕ ਕਹਾਣੀ ਹੈ। ਅੰਗਰੇਜ਼ਾਂ ਦੇ ਰਾਜ ਸਮੇਂ ਕਈ ਭਾਰਤੀ ਸੈਨਿਕ ਅਕਸਰ ਹੀ ਵਧੇਰੇ ਸ਼ਰਾਬੀ ਹੋ ਕੇ ਹੜਦੁੰਗ ਮਚਾਉਣ ਲੱਗ ਪੈਂਦੇ ਸਨ। ਅਫਸਰਾਂ ਨੇ ਉਨ੍ਹਾਂ ਨੂੰ ਕੁਝ ਸਮੇਂ ਲਈ 'ਨਜ਼ਰਬੰਦ' ਕਰਨ ਬਾਰੇ ਸੋਚਿਆ ਤਾਂ ਕਾਂਜੀ ਹਾਊਸ ਜਿਹੀ ਸਕੀਮ ਸੁੱਝੀ। ਭੂਤਰੇ ਸ਼ਰਾਬੀਆਂ ਨੂੰ ਕਾਬੂ ਕਰਨ ਤੇ ਸਬਕ ਸਿਖਾਉਣ ਲਈ ਇਕ ਕੋਠੜੀ ਵਿਚ ਤਾੜ ਦਿੱਤਾ ਜਾਣ ਲੱਗਾ। ਉਨ੍ਹਾਂ ਨੂੰ ਬਹੁਤ ਹੀ ਗਰੀਬੜਾ ਜਿਹਾ ਖਾਣਾ, ਕਹਿਣ ਦਾ ਮਤਲਬ ਕਾਂਜੀ ਛਕਣ ਲਈ ਮਜਬੂਰ ਕੀਤਾ ਜਾਂਦਾ ਸੀ। ਜਾਣੋਂ ਇਨ੍ਹਾਂ ਨਜ਼ਰਬੰਦਾਂ ਨੂੰ Gruelling experience ਵਿੱਚੀਂ ਲੰਘਾਇਆ ਜਾਂਦਾ ਸੀ। ਅਜਿਹੇ ਕੋਠੜਿਆਂ ਨੂੰ ਉਦੋਂ ਕਾਂਜੀ ਹਾਊਸ ਕਿਹਾ ਜਾਣ ਲੱਗਾ। ਇਸੇ ਤਰਜ਼ 'ਤੇ ਉੱਤਰੀ ਭਾਰਤ ਵਿਚ ਆਵਾਰਾ ਪਸ਼ੂਆਂ ਤੋਂ ਫਸਲਾਂ ਨੂੰ ਹੋਣ ਵਾਲੇ ਨੁਕਸਾਨ ਤੋਂ ਬਚਾਉਣ ਲਈ ਜਿਸ ਵਾੜੇ ਵਿਚ ਤਾੜਿਆ ਜਾਣ ਲੱਗਾ, ਉਸ ਨੂੰ ਵੀ ਕਾਂਜੀ ਹਾਊਸ ਕਿਹਾ ਜਾਣ ਲੱਗਾ। ਇੱਕ ਕਾਨੂੰਨ ਵੀ ਬਣਾਇਆ ਗਿਆ ਜਿਸ ਤਹਿਤ ਇਸ ਤਰ੍ਹਾਂ ਤਾੜੇ ਆਵਾਰਾ ਪਸ਼ੂ ਦੇ ਮਾਲਕ ਨੂੰ ਪਸ਼ੂ ਛੁਡਾਉਣ ਲਈ ਜੁਰਮਾਨਾ ਭਰਨਾ ਪੈਂਦਾ ਸੀ। ਜਬੀਰ ਅਲੀ ਸਈਅਦ ਨਾਮੀ ਇੱਕ ਲੇਖਕ ਅਨੁਸਾਰ ਕਾਂਜੀ ਹਾਊਸ ਸ਼ਬਦ caging house (ਪਿੰਜਰੇ ਵਾਂਗੂੰ ਕੈਦ ਕਰਨ ਦਾ ਵਾੜਾ) ਦਾ ਵਿਗੜਿਆ ਰੂਪ ਹੈ ਪਰ ਇਹ ਵਿਆਖਿਆ ਗਲੇ ਨਹੀਂ ਉਤਰਦੀ। ਇਹ ਨਾ ਤਾਂ ਕੋਈ ਅੰਗਰੇਜ਼ੀ ਦਾ ਸ਼ਬਦ ਹੈ ਤੇ ਨਾ ਹੀ ਇਸ ਤੋਂ ਕਾਂਜੀ ਹਾਊਸ ਦੇ ਬਣਨ ਦੀ ਸੰਭਾਵਨਾ ਹੈ। ਅੰਤ ਵਿਚ ਰਾਜਿੰਦਰ ਸਿੰਘ ਬੇਦੀ ਦੀ ਇੱਕ ਖੂਬਸੂਰਤ ਉਰਦੂ ਕਹਾਣੀ 'ਆਪਨੇ ਦੁੱਖ ਮੁਝੇ ਦੇ ਦੋ', ਦਾ ਇੱਕ ਫਿਕਰਾ ਪੇਸ਼ ਹੈ, "ਆਪਨੇ ਮਦਨ ਸੇ ਦੂਰ ਅਲਸਾਨੀ ਹੋਈ ਰਤੀ, ਇੰਦੂ ਤੋ ਅਪਨੇ ਪਹਿਨਾਵੇ ਤੱਕ ਸੇ ਗ਼ਾਫ਼ਲ ਹੋ ਗਈ ਥੀ। ਵੋਹ ਰਸੋਈ ਮੇਂ ਯੂੰ ਫਿਰਤੀ ਥੀ ਜੈਸੇ ਕਾਂਜੀ ਹਾਊਸ ਮੇਂ ਗਾਏਂ, ਬਾਹਰ ਕੀ ਤਰਫ਼ ਮੂੰਹ ਉਠਾ ਉਠਾ ਕਰ ਅਪਨੇ ਮਾਲਿਕ ਕੋ ਢੂੰਡਾ ਕਰਤੀ ਹੋ"।

---

(ਪਿਛਲੇ ਸਫੇ ਦਾ ਬਾਕੀ)

ਜਿਵੇਂ -ਰਿਸ਼ਵਤਖ਼ੋਰੀ, ਗ਼ਬਨ, ਜਬਰੀ ਵਸੂਲੀ, ਨਿਯੁਕਤੀਆਂ ਜਾਂ ਤਰੱਕੀਆਂ ਵਿਚ ਰਿਸ਼ਤੇਦਾਰਾਂ ਦਾ ਪੱਖ ਲੈਣਾ, ਉਨ੍ਹਾਂ ਨੂੰ ਸ਼ਕਤੀਸ਼ਾਲੀ ਅਹੁਦਿਆਂ 'ਤੇ ਨਿਯੁਕਤ ਕਰਨਾ। ਨਿੱਜੀ ਲਾਭ ਲਈ ਜਨਤਕ ਖ਼ਰੀਦ ਪ੍ਰਕਿਰਿਆਵਾਂ ਵਿਚ ਹੇਰਾ-ਫੇਰੀ, ਮਨੀ ਲਾਂਡਰਿੰਗ - ਗੈਰ-ਕਾਨੂੰਨੀ ਤੌਰ 'ਤੇ ਪ੍ਰਾਪਤ ਕੀਤੇ ਫ਼ੰਡਾਂ ਦੇ ਸਰੋਤ ਨੂੰ ਛੁਪਾਉਣਾ ਆਦਿ ਇਨ੍ਹਾਂ ਭੈੜਾਂ ਵਿਚੋਂ 'ਲੀਡਰਾਂ ਨੇ/ਬਾਂਹਾਂ ਰਾਹੀਂ ਚਿੱਟਾ ਪੀਣ ਸਿਖਾ-ਤਾ।

'ਡਾ.ਸਾਹਿਬ ਜੀ ਕੀ ਗੱਲ ਹੈ?' ਇਹ ਪੀ ਐਚ ਡੀ ਦੀ ਡਿਗਰੀ ਵਾਲੇ ਇੱਕ ਡਾਕਟਰ ਬਾਰੇ ਵਿਅੰਗਮਈ ਕਵਿਤਾ ਹੈ, ਜੋ ਬਹੁਤ ਖ਼ੁਸ਼ ਹੈ ਕਿਉਂਕਿ ਉਹ ਟੋਰਾਂਟੋ ਵਿਖੇ ਤੀਜੀ ਵਿਸ਼ਵ ਪੰਜਾਬੀ ਕਾਨਫ਼ਰੰਸ ਵਿਚ ਸ਼ਾਮਲ ਹੋਣ ਜਾ ਰਿਹਾ ਹੈ। ਇਸ ਕਾਨਫ਼ਰੰਸ ਦੇ ਆਹਰ ਵਿਚ, ਉਹ ਉਥੇ ਅਨੰਦ ਮਾਣੇਗਾ ਅਤੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਵੀ ਮਿਲੇਗਾ। ਆਉਣ ਵਾਲੇ ਸਮੇਂ ਵਿਚ ਉਹ ਇਸ ਮੀਟਿੰਗ ਨੂੰ ਆਪਣੀ ਭਵਿੱਖ ਦੀ ਤਰੱਕੀ ਲਈ ਵਾਧੂ ਯੋਗਤਾ ਦੀ ਵਰਤੋਂ ਕਰੇਗਾ। ਪਰਮਾਤਮਾ ਪੰਜਾਬੀਆਂ ਨੂੰ ਅਜਿਹੇ ਬੇਈਮਾਨ ਪੀ ਐਚ ਡੀ ਸਾਥੀਆਂ ਤੋਂ ਬਚਾਏ, ਜੋ ਇਹ ਇਸ ਤਰ੍ਹਾਂ ਸੋਚਦੇ ਹਨ ਕਿ 'ਇਹ ਸਾਹਿਤਕਾਰ ਇਸ ਤਰਾਂ ਹੀ/ਸਾਡੇ ਜਾਲ਼ ਵਿਚ ਫਸਦੇ ਰਹਿਣ/ਇੱਕ ਦੂਜੇ ਨਾਲ ਛਿੱਤਰੋ-ਛਿੱਤਰੀ ਹੋ ਕੇ/ਦਾਲ਼ ਵੰਡਦੇ ਰਹਿਣ/ਸਾਡੇ ਤੋਂ ਸਾਹਿਤ ਦੀ ਸੇਵਾ ਕਰਵਾਉਂਦੇ ਰਹਿਣ।'

'ਮਜ਼ਦੂਰਾਂ ਦੀ ਹੜਤਾਲ'-ਇਹ ਕਵਿਤਾ ਦਰਸਾਉਂਦੀ ਹੈ ਕਿ ਕਵੀ ਭਾਵੇਂ ਕਿੰਨਾ ਵੀ ਚੰਗਾ ਕਿਉਂ ਨਾ ਹੋਵੇ, ਉਹ ਹਮੇਸ਼ਾ ਸੁਆਰਥੀ ਅਤੇ ਮਤਲਬੀ ਹੁੰਦਾ ਹੈ। ਕਵਿਤਾ ਵਿਚ, ਕਵੀ ਔਖੇ ਸ਼ਬਦਾਂ ਦੀ ਵਰਤੋਂ ਕਰ ਕੇ, ਦਰਸ਼ਕਾਂ ਨੂੰ ਇਹ ਦਿਖਾਉਣਾ ਚਾਹੁੰਦਾ ਹੈ ਕਿ ਉਹ ਬਹੁਤ ਬੁੱਧੀਮਾਨ ਅਤੇ ਸਿਆਣਾ ਹੈ, ਪਰ ਉਹ ਇਹ ਨਹੀਂ ਜਾਣਦਾ ਕਿ ਉਸ ਦੇ ਦਰਸ਼ਕ, ਜਿਨ੍ਹਾਂ ਨੂੰ ਕਵਿਤਾ ਸੁਣਾਉਂਦਾ ਹੈ, ਉਹ ਕਵਿਤਾ ਨੂੰ ਸਮਝਣ ਦੀ ਸਮਰੱਥਾ ਵਾਲੇ ਨਹੀਂ ਹਨ। ਉਹ ਇਸ ਨੂੰ ਸਮਝ ਨਹੀਂ ਪਾਉਂਦੇ ਅਤੇ ਰੋਸੇ ਵਜੋਂ ਕਵੀ 'ਤੇ ਘਰੋਂ ਲਿਆਂਦੇ ਖਾਣੇ ਦੀ ਸੁੱਕੀ ਰੋਟੀ ਅਤੇ ਅਚਾਰ ਸੁੱਟਣਾ ਸ਼ੁਰੂ ਕਰ ਦਿੰਦੇ ਹਨ ਅਤੇ ਕਹਿੰਦੇ ਹਨ:' ਇਹ ਕਹੀਣ, ਮਹੀਣ, ਟਵੀਨ, ਲਵੀਨ, ਪਰੀਨ/ਕੀ ਹੁੰਦਾ ਹੈ? ਤੂੰ ਸਾਡੀ ਬੋਲੀ ਵਿਚ ਗੱਲ ਕਰ/ਸਾਨੂੰ ਤੇਰੀ ਇਹ ਚਾਦਰਾਂ, ਰਜਾਈਆਂ ਵਿਚ ਲਪੇਟੀ/ਕਵਿਤਾ ਸਮਝ ਨਹੀਂ ਆਉਂਦੀ'..।'

8- ਅਧਿਆਤਮਿਕਤਾ ਅਤੇ ਵਿਸ਼ਵਾਸ: ਕੁੱਝ ਕਵਿਤਾਵਾਂ, ਅਧਿਆਤਮਿਕ ਵਿਸ਼ਵਾਸ, ਮਨ ਦੀ ਸ਼ਾਂਤੀ ਅਤੇ ਗਿਆਨ ਦੀ ਖੋਜ ਨੂੰ ਪ੍ਰਗਟਾ ਕਰਨ ਵਾਲੀਆਂ ਸ੍ਰੇਸ਼ਟ ਹਨ,

ਜਿਵੇਂ: 'ਬੀਚ' - ਕਵੀ ਦੇ ਇਰਾਦੇ ਦਾ ਅਹਿਸਾਸ ਹੈ ਕਿ ਇਸ ਵਾਰ ਬੀਚ 'ਤੇ ਜਾ ਕੇ ਔਰਤਾਂ ਦਾ ਨੰਗੇਜ ਨਹੀਂ ਤੱਕਣਾ। ਗੁਰੂ ਦੀ ਦਿੱਤੀ ਮੱਤ 'ਮਨਿ ਜੀਤੈ ਜਗੁ ਜੀਤੁ' ਸ਼ਬਦ ਨਾਲ ਮਨ ਨੂੰ ਜਿੱਤਣਾ ਹੈ। ਕਵੀ ਖ਼ੁਸ਼ ਹੈ ਕਿ ਉਹ ਸਫਲ ਰਿਹਾ।'

'ਓਏ ਰੱਬਾ!'-ਇੱਕ ਆਮ ਸੋਚ ਦੀ ਭਾਵਨਾਤਮਕ ਕਵਿਤਾ, ਜਿਸ ਰਾਹੀਂ ਪਰਮਾਤਮਾ ਤੋਂ ਮਦਦ ਮੰਗਣ ਦੀ ਬੇਨਤੀ ਕੀਤੀ ਗਈ ਹੈ। ਕਵਿਤਾ ਦੀ ਬਣਤਰ ਚੰਗੀ ਬੁਣੀ ਹੋਈ ਹੈ।

'ਮੇਰਾ ਸਥਾਨ, ਤੇਰਾ ਰਾਸ਼ਟਰ '-ਗੁਰੂ ਗਿਆਨ ਦੀ ਮਹਿਮਾ ਦਰਸਾਈ ਹੈ। ਕਵੀ ਕਹਿੰਦਾ ਹੈ ਕਿ ਕਦੇ ਉਹ ਵੀ ਤੁਹਾਡੇ ਵਰਗਾ ਪਛੜਿਆ ਹੋਇਆ ਹੁੰਦਾ ਸੀ ਅਤੇ ਦਿਮਾਗ਼ ਦੀ ਕਦੇ ਵਰਤੋਂ ਨਹੀਂ ਕਰਦਾ ਸੀ। ਬਹੁਤ ਸਮੇਂ ਬਾਅਦ ਪਤਾ ਲੱਗਾ ਕਿ ਜਿਹੜੇ ਲੋਕ ਮੈਨੂੰ ਵਰਤਦੇ ਸਨ, ਉਹ ਤਾਂ ਖ਼ੁਦ ਕਿਸੇ ਕੋਲ ਅੱਗੋਂ ਵਿਕੇ ਹੋਏ ਸਨ। ਫਿਰ ਪਤਾ ਨਹੀਂ ਕਦੋਂ ਮੇਰਾ ਅਧਿਆਪਕ (ਗੁਰੂ ਸਾਹਿਬ ਦੀ ਸ਼ਬਦ ਬਾਣੀ) ਮੈਨੂੰ ਗਿਆਨ ਦੇ ਸਮੁੰਦਰ ਵਿਚ ਲੈ ਗਿਆ ਅਤੇ ਉਸ ਦਾ ਇੱਕ ਘੁੱਟ ਪਿਲਾ ਦਿੱਤਾ, ਜਿਸ ਨਾਲ ਮੇਰੀ ਸੋਚ ਬਦਲਣ ਲੱਗੀ। ਮੈਂ ਜਾਨਵਰ ਤੋਂ ਮਨੁੱਖ ਬਣਨ ਲੱਗ ਪਿਆ।

ਆਓ, ਤੁਸੀਂ ਵੀ ਮੇਰੇ ਨਾਲ ਆਓ/ ਉਸ ਸੋਚ ਦਾ ਅੰਮ੍ਰਿਤ ਪੀਓ। ਜੇ ਤੁਸੀਂ ਸਹਿਮਤ ਨਹੀਂ ਹੋ ਤਾਂ ਜਿੱਥੇ ਚਾਹੋ ਆਪਣਾ ਰਾਸ਼ਟਰ ਸਥਾਨ ਬਣਾ ਸਕਦੇ ਹੋ।

ਅੰਤ ਵਿਚ, 'ਸੰਨੀ ਧਾਲੀਵਾਲ' ਦੀ ਸਿਰਜਣ ਪ੍ਰਕਿਰਿਆ ਬਾਰੇ ਇਹ ਹੀ ਕਹਿਣਾ ਹੈ ਕਿ ਉਹ ਯਥਾਰਥ ਵਿਚ ਵਿਚਰਦਾ, ਆਸ਼ਾਵਾਦੀ, ਸੁਧਾਰਕ,

ਚੇਤੰਨ ਬੁੱਧ, ਤੀਖਣ ਜਜ਼ਬੇ, ਜਾਗਰੂਕ ਅਤੇ ਲੋਕ-ਹਿਤੈਸ਼ੀ ਕਵੀ ਹੈ। ਉਹ ਆਪਣੀ ਕਾਵਿ-ਰਚਨਾ ਰਾਹੀਂ ਮਹੱਤਵਪੂਰਨ ਸੰਦੇਸ਼, ਜੋ ਲੋਕ ਹਿਤ ਲਈ ਹੋਵੇ, ਬਿਨਾ ਕਿਸੇ ਲੁਕ-ਲਪੇਟ, ਸਪੱਸ਼ਟਤਾ ਨਾਲ ਪਾਠਕਾਂ ਦੇ ਦਿਲਾਂ ਤਕ ਆਪਣੀ ਕਲਮ ਰਾਹੀਂ ਸਹਿਜੇ ਪਹੁੰਚਾਉਣ ਦੀ ਸ਼ਕਤੀ ਰੱਖਦਾ ਹੈ।

ਸ਼ਾਲਾ! ਉਹ ਆਪਣੇ ਉਦੇਸ਼ ਵਿਚ ਸਦਾ ਕਾਮਯਾਬੀ ਦੀਆਂ ਸਿਖ਼ਰਾਂ ਛੂੰਹਦਾ ਰਹੇ।

## ਲੋਕ ਗਾਇਕ ਜਗਤ ਰਾਮ ਲਾਲਕਾ ਦੀ ਵਿਰਾਸਤ ਦੇ ਵਾਰਸ

# ਅਸ਼ੋਕ ਕੁਮਾਰ ਅਤੇ ਹੰਸ ਰਾਜ ਲਾਲਕਾ



ਅਸ਼ੋਕ ਕੁਮਾਰ



ਹੰਸ ਰਾਜ



**ਹਰਦਿਆਲ ਸਿੰਘ ਬੂਹੀ**
84271-00341

ਤੂੰਬੇ ਜੋੜੀ ਦੀ ਲੋਕ ਗਾਇਕੀ ਦੇ ਖੇਤਰ ਵਿਚ ਜਗਤ ਰਾਮ ਲਾਲਕਾ ਦਾ ਇੱਕ ਸਨਮਾਨਯੋਗ ਸਥਾਨ ਸੀ। ਅਨਾਇਤ ਕੋਟੀਏ ਨਵਾਬ ਘੁਮਾਰ ਦੀ ਗਾਇਣ ਸ਼ੈਲੀ ਨੂੰ ਅਪਨਾਉਣ ਅਤੇ ਉਸਦੀ ਵਿਰਾਸਤ ਨੂੰ ਅੱਗੇ ਤੋਰਨ ਵਿਚ ਜਗਤ ਰਾਮ ਨੇ ਵਿਸ਼ੇਸ਼ ਯੋਗਦਾਨ ਪਾਇਆ। ਉਸਦੀ ਮਿਲਦੀ ਰਿਕਾਰਡਿੰਗ ਨੂੰ ਸੁਣਕੇ ਪਤਾ ਲਗਦਾ ਹੈ ਕਿ ਉਹ ਇੱਕ ਪੁਖਤਾ ਗਾਇਕ ਸੀ। ਹਰਿਆਣੇ ਵਿਚ ਰਹਿੰਦਾ ਹੋਇਆ ਵੀ ਉਹ ਪੰਜਾਬ ਦੀ ਇਸ ਵਿਰਾਸਤੀ ਗਾਇਕੀ ਨਾਲ ਆਪਣੇ ਅੰਤ ਸਮੇਂ ਤੱਕ ਜੁੜਿਆ ਰਿਹਾ। ਜਗਤ ਰਾਮ ਲਾਲਕਾ ਦੀ ਵਿਰਾਸਤ ਨੂੰ ਅੱਗੇ ਸੰਭਾਲਿਆ ਉਸਦੇ ਭਰਾ ਹੰਸ ਰਾਜ ਅਤੇ ਪੁੱਤਰ ਅਸ਼ੋਕ ਕੁਮਾਰ ਨੇ। ਪਿਤਾ ਲਾਲ ਚੰਦ ਲਾਲਕਾ ਦੇ ਘਰ ਮਾਤਾ ਢੂੰਡੀ ਦੇਵੀ ਦੀ ਕੁੱਖੋਂ 20 ਅਪਰੈਲ 1968 ਨੂੰ ਜਨਮੇ ਹੰਸ ਰਾਜ ਨੇ 1984 ਵਿਚ ਭੇਵੇ (ਪਹੇਵੇ) ਦੇ ਸਰਕਾਰੀ ਸਕੂਲ ਤੋਂ ਦਸਵੀਂ ਤੱਕ ਦੀ ਪੜ੍ਹਾਈ ਕੀਤੀ। ਵੱਡੇ ਭਰਾ ਨੂੰ ਗਾਉਂਦਿਆਂ ਸੁਣ ਸੁਣਕੇ ਉਸਨੂੰ ਵੀ ਸੰਗੀਤ ਨਾਲ ਲਗਾਓ ਹੁੰਦਾ ਗਿਆ। ਸਕੂਲ ਦੀ ਬਾਲ ਸਭਾ ਵਿਚ ਗਾਉਣ ਕਾਰਨ ਅਧਿਆਪਕਾਂ ਵੱਲੋਂ ਉਸਨੂੰ ਖੂਬ ਹੱਲਾਸ਼ੇਰੀ ਮਿਲਦੀ ਜਿਸ ਕਾਰਨ ਉਸਦਾ ਇਹ ਸ਼ੌਕ ਵਧਦਾ ਗਿਆ।

ਅਸ਼ੋਕ ਕੁਮਾਰ ਦਾ ਜਨਮ 1974 ਦੇ ਨਵੇਂ ਸਾਲ ਵਾਲੇ ਦਿਨ ਜਗਤ ਰਾਮ ਦੇ ਘਰ ਮਾਤਾ ਪਿਆਰੀ ਦੇਵੀ ਦੀ ਕੁੱਖੋਂ ਹੋਇਆ। ਉਸਨੇ ਸਰਕਾਰੀ ਹਾਈ ਸਕੂਲ ਮੂਨਕ ਤੋਂ ਮੈਟ੍ਰਿਕ ਪਾਸ ਕੀਤੀ। ਘਰ ਵਿਚ ਆਪਣੇ ਵੱਡਿਆਂ ਨੂੰ ਸੁਣਕੇ ਉਸ ਅੰਦਰ ਵੀ ਗਾਇਕੀ ਦੀ ਜਾਗ ਲੱਗ ਗਈ। ਕਦੇ ਕਦਾਈਂ ਥੋੜ੍ਹਾ ਮੋਟਾ ਗਾ ਵੀ ਲੈਂਦਾ, ਪਰੰਤੂ ਯਥਾਯੋਗ ਸਿਖਲਾਈ ਲਏ ਬਿਨਾਂ ਗਾਉਣ ਦਾ ਉਸਦਾ ਤਜਰਬਾ ਕੌੜਾ ਰਿਹਾ। ਉਸਨੇ ਦੱਸਿਆ, ‘‘ਪਹਿਲੀ ਵਾਰੀ ਜਦੋਂ ਮੈਂ ਸਟੇਜ ’ਤੇ ਗੀਤ ਗਾਇਆ:-

ਤੇਰੇ ਦਰ ‘ਤੇ ਖੜ੍ਹੇ ਭਿਖਾਰੀ,
ਪਾ ਦੇ ਖੈਰ ਫਕੀਰਾਂ ਨੂੰ।
ਤੈਨੂੰ ਸੁਣਿਆ ਖੁਦਮੁਖਤਿਆਰੀ,
ਬਦਲ ਦੇਵੇਂ ਤਕਦੀਰਾਂ ਨੂੰ।

ਇਹ ਗੀਤ ਮੈਂ ਕਾਪੀ ਤੋਂ ਦੇਖਕੇ ਗਾਇਆ। ਪਾਪਾ ਜੀ ਨੇ ਦੇਖ ਲਿਆ। ਜਦੋਂ ਸਟੇਜ ਤੋਂ ਹੇਠਾਂ ਉਤਰ ਕੇ ਪਾਪਾ ਜੀ ਕੋਲ ਆਇਆ ਤਾਂ ਉਹਨਾਂ ਨੇ ਵੱਟਕੇ ਚਪੇੜ ਮਾਰੀ ਤੇ ਕਿਹਾ, ‘‘ਇੱਕ ਗੀਤ ਵੀ ਯਾਦ ਕਰਕੇ ਨਹੀਂ ਗਾ ਸਕਿਆ।’’ ਉਸ ਦਿਨ ਤੋਂ ਬਾਅਦ ‘ਗੌਣ’ ਯਾਦ ਕਰਨਾ ਸ਼ੁਰੂ ਕਰ ਦਿੱਤਾ। ਪਾਪਾ ਜੀ ਨੂੰ ਗਾਉਂਦਿਆਂ ਸੁਣ ਸੁਣਕੇ ‘ਤਰਜ਼ਾਂ’ ਆਪਣੇ ਦਿਮਾਗ ਵਿਚ ਬਿਠਾਈਆਂ। ਇਸ ਤਰ੍ਹਾਂ ਕਈ ਸਾਲ ਇਹ ਸਿਲਸਿਲਾ ਚਲਦਾ ਰਿਹਾ।’’

ਹੰਸ ਰਾਜ ਤੇ ਅਸ਼ੋਕ ਕੁਮਾਰ ਨੂੰ ਸਹੀ ਤਰੀਕੇ ਨਾਲ ਗਾਇਕੀ ਨੂੰ ਸਿੱਖਣ ਦਾ ਮੌਕਾ ਉਸ ਸਮੇਂ ਮਿਲਿਆ ਜਦੋਂ ਉੱਤਰੀ ਖੇਤਰ ਸਭਿਆਚਾਰਕ ਕੇਂਦਰ, ਪਟਿਆਲਾ ਵੱਲੋਂ ਜਗਤ ਰਾਮ ਲਾਲਕਾ ਨੂੰ ‘ਗੁਰੂ ਸ਼ਿਸ਼’ ਪ੍ਰਣਾਲੀ ਅਧੀਨ ਵਰਕਸ਼ਾਪ ਦਿੱਤੀ ਗਈ। ਇਸ ਪ੍ਰਣਾਲੀ ਅਧੀਨ ਜਿਥੇ ਗੁਰੂ ਨੂੰ ਮਿਹਨਤਾਨਾ ਦਿੱਤਾ ਜਾਂਦਾ ਹੈ, ਉਥੇ ਸਿਖਿਆਰਥੀਆਂ ਨੂੰ ਵੀ ਵਜੀਫਾ ਦਿੱਤਾ ਜਾਂਦਾ ਹੈ। ਹੰਸ ਰਾਜ ਤੇ ਅਸ਼ੋਕ ਕੁਮਾਰ ਨੇ ਇਸ ਮੌਕੇ ਦਾ ਭਰਪੂਰ ਲਾਹਾ ਲਿਆ। ਕਿੰਗ (ਤੂੰਬੀ), ਢੋਲਕ, ਚਿਮਟਾ ਆਦਿ ਸਾਜ਼ ਵਜਾਉਣੇ ਸਿੱਖੇ। ਇਸ ਤਰ੍ਹਾਂ ਜਗਤ ਰਾਮ ਨੇ ਆਪਣੀ ਵਿਰਾਸਤ ਨੂੰ ਅੱਗੇ ਤੋਰਨ ਲਈ ਰਾਹ ਬਣਾ ਦਿੱਤਾ। ਹੌਲੀ ਹੌਲੀ ਉਹ ਜਗਤ ਰਾਮ ਨਾਲ ਪ੍ਰੋਗਰਾਮਾਂ ’ਤੇ ਜਾਣ ਲੱਗ ਪਏ।

ਹੰਸ ਰਾਜ ਤੇ ਅਸ਼ੋਕ ਕੁਮਾਰ ਉਹੀ ਰਚਨਾਵਾਂ ਸੁਣਾਉਂਦੇ ਹਨ, ਜੋ ਜਗਤ ਰਾਮ ਗਾਉਂਦਾ ਸੀ। ਇਨ੍ਹਾਂ ਵਿਚ ਮਿਰਜ਼ਾ ਸਾਹਿਬਾਂ, ਸੱਸੀ ਪੁੰਨੂੰ, ਹੀਰ ਰਾਂਝਾ, ਸੋਹਣੀ ਮਹੀਂਵਾਲ, ਢੋਲ ਸੰਮੀ, ਰਾਜਾ ਰਸਾਲੂ, ਪੂਰਨ ਭਗਤ, ਦੁੱਲਾ ਭੱਟੀ, ਜੈਮਲ ਫੱਤਾ, ਵੀਰ ਜੋਧ, ਰਾਣਾ ਪਰਤਾਪ, ਭੀਮ ਅਤੇ ਜਰਾਸੰਧ ਦਾ ਯੁੱਧ ਆਦਿ ਸ਼ਾਮਲ ਹਨ। ਅਨਇਤ ਕੋਟੀਏ ਨਵਾਬ ਘੁਮਾਰ ਅਤੇ ਹੋਰ ਸ਼ਾਇਰਾਂ ਦੀਆਂ ਰਚੀਆਂ ਇਹ ਰਚਨਾਵਾਂ ਪੀੜ੍ਹੀ ਦਰ ਪੀੜ੍ਹੀ ਇਨ੍ਹਾਂ ਕੋਲ ਪਹੁੰਚੀਆਂ ਹਨ।

ਜਗਤ ਰਾਮ ਦੀ ਮੌਤ ਤੋਂ ਬਾਅਦ ਹੰਸ ਰਾਜ ਤੇ ਅਸ਼ੋਕ ਕੁਮਾਰ ਇੱਕ ਵਾਰ ਤਾਂ ਢੇਰੀ ਢਾਹ ਕੇ ਬਹਿ ਗਏ। ਕੁੱਝ ਸਮੇਂ ਬਾਅਦ ਹੌਂਸਲਾ ਕਰਕੇ ਇਨ੍ਹਾਂ ਨੇ ਉਤਰੀ ਖੇਤਰ ਸਭਿਆਚਾਰਕ ਕੇਂਦਰ ਪਟਿਆਲਾ ਨਾਲ ਸੰਪਰਕ ਕੀਤਾ। ਇਸ ਤਰ੍ਹਾਂ ਇਨ੍ਹਾਂ ਨੂੰ ਇਸ ਕੇਂਦਰ ਵੱਲੋਂ ਪ੍ਰੋਗਰਾਮ ਮਿਲਣ ਲੱਗ ਪਏ। ਇਸ ਕੇਂਦਰ ਵੱਲੋਂ ਇਹ ਗੀਤਾ ਜਯੰਤੀ ਮੇਲਾ ਕੁਰਕਸ਼ੇਤਰ, ਸੂਰਜ ਕੁੰਡ ਮੇਲਾ, ਸਰਸ ਮੇਲਾ ਫਰੀਦਕੋਟ, ਸਰਸ ਮੇਲਾ ਰੂਪ ਨਗਰ, ਸਰਸ ਮੇਲਾ ਹੁਸ਼ਿਆਰਪੁਰ, ਹਰਸ ਮੇਲਾ ਪਟਿਆਲਾ, ਸਰਸ ਮੇਲਾ ਸੰਗਰੂਰ ਆਦਿ ਮੇਲਿਆਂ ਵਿਚ ਕਈ ਕਈ ਦਿਨ ਆਪਣੀ ਪੇਸ਼ਕਾਰੀ ਦੇ ਚੁੱਕੇ ਹਨ। ਇਨ੍ਹਾਂ ਨਾਲ ਸਾਜ਼ਾਂ ‘ਤੇ ਸਾਥ ਨਿਭਾਅ ਰਹੇ ਹਨ ਖਰੈਤੀ ਲਾਲ ਜੋੜੀ (ਅਲਗੋਜ਼ੇ) ਵਾਦਕ, ਲੱਖੀ ਰਾਮ ਢੋਲਕ ਵਾਦਕ ਅਤੇ ਸੁਨੀਲ ਕੁਮਾਰ ਢੋਲ ਮਾਸਟਰ।

**ਪ੍ਰੋਗਰਾਮ ਕਰਨ ਦੇ ਨਾਲ ਨਾਲ ਇਹ ਉੱਤਰੀ ਖੇਤਰ ਸਭਿਆਚਾਰਕ ਕੇਂਦਰ ਵੱਲੋਂ ਚੱਲ ਰਹੀ, ‘ਗੁਰੂ ਸ਼ਿਸ਼’ ਪਰੰਪਰਾ ਅਧੀਨ ਆਪਣੀ ਵਿਰਾਸਤ ਨੂੰ ਅੱਗੇ ਤੋਰਨ ਲਈ ਕੁਝ ਸਿਖਾਂਦਰੂਆਂ ਨੂੰ ਇਸ ਗਾਇਕੀ ਦੀ ਸਿਖਲਾਈ ਵੀ ਦੇ ਰਹੇ ਹਨ। ਇਸਦੇ ਬਾਵਜੂਦ ਇਨ੍ਹਾਂ ਦੀ ਆਰਥਿਕ ਹਾਲਤ ਕੋਈ ਬਹੁਤੀ ਚੰਗੀ ਨਹੀਂ, ਇੱਕ ਤਾਂ ਇਨ੍ਹਾਂ ਨੂੰ ਪ੍ਰੋਗਰਾਮ ਹੀ ਘੱਟ ਮਿਲਦੇ ਹਨ ਅਤੇ ਦੂਜੀ ਗੱਲ ਪ੍ਰੋਗਰਾਮਾਂ ਦੇ ਪੈਸੇ ਵੀ ਕੋਈ ਬਹੁਤੇ ਨਹੀਂ ਮਿਲਦੇ।**

ਹੰਸ ਰਾਜ ਅਤੇ ਅਸ਼ੋਕ ਕੁਮਾਰ ਦੀ ਬਹੁਤ ਸਾਰੀ ਰਿਕਾਰਡਿੰਗ ਯੂ ਟਿਊਬ ‘ਤੇ ਉਪਲੱਭਦ ਹੈ। ਉਨ੍ਹਾਂ ਵੱਲੋਂ ਗਾਈਆਂ ਜਾਂਦੀਆਂ ਗਾਥਾਵਾਂ ਵਿਚੋਂ ਮਿਰਜ਼ੇ ਦੀ ਇੱਕ ਵੰਨਗੀ ਨਮੂਨੇ ਵਜੋਂ ਪੇਸ਼ ਹੈ:

ਜੰਡ ਜੰਡੋਰਾ ਬਾਰ ਦਾ,
ਸਾਹਿਬਾਂ ਠੰਢੀ ਜੰਡ ਦੀ ਛਾਂ।
ਏਥੇ ਪਲ ਕੁ ਠੌਂਕਾ ਲਾ ਲੀਏ,
ਸਾਡਾ ਜੱਗ ‘ਚ ਰਹਿਜੂ ਨਾਂ।
ਸਾਹਿਬਾਂ ਭਾਈਆਂ ਬਾਝ ਨੀ ਜੋੜੀਆਂ,
ਤੇ ਪੁੱਤਰਾਂ ਬਾਝ ਨੀ ਨਾਂ।
ਭਾਈ ਮਰਨ ਤੇ ਬਾਹਾਂ ਭੱਜਦੀਆਂ,
ਪੁੱਤਰ ਮਰਨ ਤੇ ਜਾਂਦੇ ਨਾਂ।
ਮੈਨੂੰ ਚਾਰੇ ਕੂੰਟਾਂ ਸੁੰਨੀਆਂ,
ਜਿਸ ਦਿਨ ਮਰਗੇ ਪਿਉ ਤੇ ਮਾਂ।
ਸਾਹਿਬਾਂ ਰੱਸੀਆਂ ਧਰਕੇ ਵੰਡਣਗੇ,
ਔਂਤ ਗਿਆਂ ਦੇ ਥਾਂ।

## ਕਲਾ ਪਰਿਕਰਮਾ

ਲੌਢੇ ਵੇਲੇ ਨੂੰ ਚੱਲੇ ਚੱਲਾਂਗੇ,
ਦਾਨਾਬਾਦ ਗਰਾਂ।
ਉਠ ਨਕਰਮਨ ਮਿਰਜ਼ਿਆ,
ਤੂੰ ਲੰਮਾ ਕਰ ਧਿਆਨ।
ਤੈਨੂੰ ਖੜ੍ਹਾ ਵੰਗਾਰਦਾ,
ਮੇਰਾ ਛੋਟਾ ਵੀਰ ਸੁਲਤਾਨ।
ਤੇਰੀ ਪੀਤਿਆਂ ਰੱਤ ਨਾ ਰੱਜੂਗਾ,
ਖਾਊਗਾ ਮਾਸ ਲੁਹਾਨ।
ਜੱਟ ਨੇ ਪੜ੍ਹ ਬਿਸਮਿਲਾ ਤੀਰ ਫੜ ਲਿਆ,
ਸੱਜੇ ਹੱਥ ਕਮਾਨ।
ਵਾਂਗ ਸੁਹਾਗੇ ਉਲਟਿਆ,
ਸਾਹਿਬਾਂ ਦਾ ਛੋਟਾ ਵੀਰ ਸੁਲਤਾਨ।
ਡਿਗਦੇ ਭਾਈ ਨੂੰ ਦੇਖਕੇ,
ਉਹਦੀ ਕਰਬਲ ਆ ਗਈ ਜਾਨ।
ਜੱਟਾ ਤੋੜਾਂ ਤੇਰੀ ਭਾਥਲੀ,
ਜਾਦੂ ਕਰ ਦਿਆਂ ਤੀਰ ਕਮਾਨ।
ਤੂੰ ਗੱਦੀ ਰੋਲੀ ਮੇਰੇ ਬਾਪ ਦੀ,
ਤੇਰਾ ਰੱਬ ਗੁਆਵੇ ਸ਼ਾਨ।

ਪ੍ਰੋਗਰਾਮ ਕਰਨ ਦੇ ਨਾਲ ਨਾਲ ਇਹ ਉੱਤਰੀ ਖੇਤਰ ਸਭਿਆਚਾਰਕ ਕੇਂਦਰ ਵੱਲੋਂ ਚੱਲ ਰਹੀ, ‘ਗੁਰੂ ਸ਼ਿਸ਼’ ਪਰੰਪਰਾ ਅਧੀਨ ਆਪਣੀ ਵਿਰਾਸਤ ਨੂੰ ਅੱਗੇ ਤੋਰਨ ਲਈ ਕੁਝ ਸਿਖਾਂਦਰੂਆਂ ਨੂੰ ਇਸ ਗਾਇਕੀ ਦੀ ਸਿਖਲਾਈ ਵੀ ਦੇ ਰਹੇ ਹਨ। ਇਸਦੇ ਬਾਵਜੂਦ ਇਨ੍ਹਾਂ ਦੀ ਆਰਥਿਕ ਹਾਲਤ ਕੋਈ ਬਹੁਤੀ ਚੰਗੀ ਨਹੀਂ, ਇੱਕ ਤਾਂ ਇਨ੍ਹਾਂ ਨੂੰ ਪ੍ਰੋਗਰਾਮ ਹੀ ਘੱਟ ਮਿਲਦੇ ਹਨ ਅਤੇ ਦੂਜੀ ਗੱਲ ਪ੍ਰੋਗਰਾਮਾਂ ਦੇ ਪੈਸੇ ਵੀ ਕੋਈ ਬਹੁਤੇ ਨਹੀਂ ਮਿਲਦੇ। ਆਪਣੀ ਰੋਜ਼ੀ ਰੋਟੀ ਤੋਰਨ ਲਈ ਇਨ੍ਹਾਂ ਨੂੰ ਹੋਰ ਮਿਹਨਤ ਮਜ਼ਦੂਰੀ ਵੀ ਕਰਨੀ ਪੈਂਦੀ ਹੈ। ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਨੂੰ ਇਸ ਪਾਸੇ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ ਕਿ ਇਨ੍ਹਾਂ ਦੇ ਰੋਜ਼ਗਾਰ ਦਾ ਕੋਈ ਪੱਕਾ ਪ੍ਰਬੰਧ ਕੀਤਾ ਜਾਵੇ ਤਾਂ ਕਿ ਇਹ ਨਿਸ਼ਚਿੰਤ ਹੋ ਕੇ ਪੰਜਾਬੀ ਲੋਕ ਸੰਗੀਤ ਤੇ ਸੱਭਿਆਚਾਰ ਨਾਲ ਜੁੜੇ ਰਹਿਣ।

**-ਪਿੰਡ ਤੇ ਡਾਕ: ਬੂਹੀ, ਤਹਿ: ਨਾਭਾ**
**ਜ਼ਿਲ੍ਹਾ ਪਟਿਆਲਾ**
**ਫੋਨ : 84271-00341**

# ਆਖ ਤਸਵੀਰਾਂ ਬੋਲਦੀਆਂ

*ਕਾਲਮ ‘ਆਖ ਤਸਵੀਰਾਂ ਬੋਲਦੀਆਂ’ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ ’ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ ’ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 15 ਮਾਰਚ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-681



*ਪੁੱਤਰਾਂ ਵਾਂਗੂੰ ਪਾਲੀਏ ਕਣਕੇ, ਮਾਰ ਪਈ ਹੈ ਤੈਨੂੰ ਰੱਬ ਦੀ ਨੀਂ।*
*ਗੜ੍ਹਿਆਂ ਜਾਨ ਕੱਢੀ ਹੈ ਸਾਡੀ, ਬਾਕੀ ਬਚਿਆ ਕੱਖ ਨਾ ਨੀਂ।*
*ਸ਼ਾਹੂਕਾਰਾਂ ਤੇ ਬੈਂਕਾਂ ਦਾ ਕਰਜ਼ਾ, ਸਿਰ ਅਸਾਡੜੇ ਚੜ੍ਹਿਆ ਨੀਂ।*
*ਮਿਹਨਤ ਦਾ ਮੁੱਲ ਨਾ ਕੋਈ ਮੋੜੇ, ਪੈਰਾਂ ‘ਤੇ ਨ ਜਾਵੇ ਖੜਿਆ ਨੀਂ।*
*ਫੋਕੀਆਂ ਢਾਰਸਾਂ ਨੇਤਾ ਨੇ ਦਿੰਦੇ, ਨ ਹੱਥ ਕਿਸੇ ਨੇ ਫੜਿਆ ਨੀਂ।*
*ਹਾਰ ਗਏ ਹਾਂ ਅਸੀਂ ਸਰਕਾਰਾਂ ਤੋਂ, ਖੁਦਕੁਸ਼ੀਆਂ ਨੇ ਫੜਿਆ ਨੀਂ।*

## ਕੈਪਸ਼ਨ ਮੁਕਾਬਲਾ-679



ਬਿੱਲੀਆਂ ਅੱਖਾਂ, ਭੋਲੇ ਚਿਹਰੇ
ਤੱਕ ਕੇ ਮਨ ਖੁਸ਼ ਹੋਇਆ।
ਸੁੰਦਰਤਾ ਦਾ ਅਜਬ ਨਮੂਨਾ
ਭੂਰੇ ਵਾਲਾਂ ਵਿਚ ਸਮੋਇਆ।
ਭੈਣ ਭਰਾ ਦੀ ਜੋੜੀ ਨੇ ਬੱਸ
ਰੂਹ ਨੂੰ ਧੁਰ ਤੱਕ ਛੋਹਿਆ।
***-ਜਗਮੀਤ ਸਿੰਘ ਪੰਧੇਰ***
***ਫੋਨ: +91-98783-37222***

---

ਫੁੱਲਾਂ ਵਰਗੇ ਬੱਚੇ ਨੇ ਲੱਗਦੇ,
ਮਾਪਿਆਂ ਦੇ ਅੱਖਾਂ ਦੇ ਤਾਰੇ,
ਸ਼ਾਲਾ ਭੈੜੀ ਨਜ਼ਰ ਨਾ ਲੱਗੇ,
ਕਾਦਰ ਦੇ ਜਾਵਾਂ ਬਲਿਹਾਰੇ!
ਚੇਹਰੇ ਦੀ ਮਾਸੂਮੀਅਤ ਦੇਖੋ,
ਕਿੰਨੇ ਸੋਹਣੇ ਕਿੰਨੇ ਪਿਆਰੇ,
ਪੜ੍ਹ ਲਿਖ ਦੋਵੇਂ ਹੋਵਣ ਚੰਗੇ,
ਬਣ ਜਾਵਣ ਚਾਨਣ ਮੁਨਾਰੇ!
***-ਸੇਵਾ ਸਿੰਘ “ਨੂਰਪੁਰੀ “***

---

ਅਮੀਰਾਂ ਦੇ ਤਾਂ ਦੋ ਹੀ ਬੱਚੇ,
ਗਰੀਬਾਂ ਦੇ ਹੁੰਦੇ ਦਰਜਨ
ਅਬਾਦੀ ਕਦੇ ਕੰਟਰੋਲ ਨਹੀਂ ਹੋਣੀ
ਲੱਖ ਸਰਕਾਰਾਂ ਵਰਜਣ।
ਕਿਉਂਕਿ ਮਸਲਾ ਸਮਝ ਨਾ ਆਵੇ
ਕੀ ਸਮੱਸਿਆ ਸਾਡੀ
ਵਧਦੀ ਹੋਈ ਗਰੀਬੀ ਜਾਂ ਫੇਰ
ਵਧਦੀ ਹੋਈ ਅਬਾਦੀ।
ਕਾਸ਼ ਮੇਰੇ ਦੇਸ਼ ਦਾ ਬਚਪਨ
ਇਕ ਖਿੜਿਆ ਗੁਲਦਸਤਾ ਹੁੰਦਾ
ਸਭ ਦੇ ਕੋਲ ਖਿਣੌਣੇ ਹੁੰਦੇ
ਸਭ ਦੇ ਮੋਢੇ ਬਸਤਾ ਹੁੰਦਾ।
***-ਮਲਕੀਅਤ ਸਿੰਘ ਧਾਲੀਵਾਲ***

---

ਬੱਚੇ ਖੇਡਣ ਜਿਹੜੇ ਵਿਹੜੇ,
ਸੁਰਗੀ-ਝੂਟੇ ਹੋਰ ਨੇ ਕਿਹੜੇ?
ਪੁੱਤਰ ਹੋਵੇ ਜਾਂ ਫਿਰ ਧੀ।
ਇਸ ਗੱਲ ਤੋਂ ਲੈਣਾ ਕੀ।
ਹੋਰ ਨਹੀਂ, ਇਕ ਹੀ ਕਾਫੀ।
ਲੈ ਬੈਠੀ ਸਾਨੂੰ ਇਹ ਮਾਫ਼ੀ।
ਕੁੜੀ ਇਕੱਲੀ ਮੰਗਦੀ ਭਾਈ
ਤਰਸੇ ਭੈਣ ਲਈ ਨਿਤ ਭਾਈ
‘ਆਂਟੀ ਅੰਕਲ’ ਇੱਕੋ ਰਿਸ਼ਤਾ।
‘ਕਜ਼ਨ’ ਆਖ ਕੇ ਵੱਢਤਾ ਫਸਤਾ।
ਘੱਟੋ-ਘੱਟ ਚਾਰ ਜੇ ਹੋਵਣ-
ਦੋ ਭੈਣਾਂ ਦੋ ਭਾਈ ਹੋਵਣ।
ਏਥੋਂ ਹੀ ਸਭ ਰਿਸ਼ਤੇ ਉਪਜਣ।
ਉਧਾਰ ਲੈਣ ਦੀ ਮੁਕਦੀ ਭਟਕਣ।
ਚਾਚਾ ਚਾਚੀ ਮਾਸੀ ਮਾਸੜ।
ਮਾਮਾ ਮਾਮੀ ਭੂਆ ਫੁੱਫੜ।
ਇਹ ਨਾ ਫੇਰ ਆਖਣ ਨੂੰ ਮਿਲਣੇ।
ਬੱਸ ਇਹ ਤਾਂ ਸੁਪਨੇ ਵਿਚ ਦਿਸਣੇ।
ਵੇਖ ‘ਨਾਕਾਮ’ ਕਿਹੜੇ ਦਿਨ ਆਏ!
ਰਿਸ਼ਤੇ ਲੱਭਣ ਤੁਰ ਪਏ ਤਿਹਾਏ।
***-ਗੁਰਬਖਸ਼ ਸਿੰਘ ‘ਨਾਕਾਮ’***

---

ਕਿੰਨੇ ਸੋਹਣੇ ਸਜਾਏ ਬੱਚੇ ਲੱਗਦੇ ਨੇ
ਅਨਮੋਲ ਰਿਸ਼ਤੇ ਭੇਣ-ਭਰਾ ਦੇ ਫੱਬਦੇ ਨੇ
ਸਲਾਮਤ ਰਹਿਣ ਬੱਚੇ
ਬੁਰੀਆਂ ਬਲਾਵਾਂ ਤੋਂ
ਪਰਿਵਾਰਕ ਰਿਸ਼ਤੇ ਹੁੰਦੇ
ਸਾਰੇ ਹੀ ਪਵਿੱਤਰ
ਬਚਣਾ ਪੈਂਦਾ ਕਾਣੇ ਕਾਵਾਂ ਤੋਂ
ਸਮਾਜ ਜਬਰ-ਜਨਾਹ
ਨਸ਼ਾਖੋਰੀ ਨੇ ਵਿਗਾੜਤਾ।
ਵਾਹਿਗੁਰੂ ਵਾਹਿਗੁਰੂ ਕਰ ਕੇ ਕੱਢਦੇ ਟੈਮ
ਉਸਦੀ ਰਹਿਮਤ ਵਿਚ ਹੀ ਸਾਡੀ ਆਸਥਾ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਕੁਦਰਤੀ ਹੈ ਮੁਹਾਂਦਰਾ ਤਾਂ
ਇਕੋ ਹੀ ਹੋਣਾ
ਹੈਨ ਜੋ ਇਕੋ ਮਾਂ-ਬਾਪ ਦੇ ਜਾਏ।
ਅਖਾਣ ਹੈ ਜਿਹੋ ਜਿਹੀ ਕੋਕੋ
ਓਹੋ ਜਿਹੇ ਕੋਕੋ ਦੇ ਬੱਚੇ।
ਸ਼ਕਲ, ਨੈਣ ਨਕਸ਼
ਤਾਂ ਹਰੇਕ ਦੇ ਵੱਖਰੇ।
ਇਨਸਾਨ ਪਰ ਫਿਰ ਵੀ
ਹੈ ਇਨਸਾਨ।
***-ਦਰਸ਼ਨ ਪਾਲ ਦੋਸਾਂਝ***

*ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:*
***ਫੋਨ: 847-359-0746***

## ਸੁਪਰੀਮ ਕੋਰਟ ਬਨਾਮ ਦਾਗੀ ਆਗੂ

# ‘ਇਸ ਸਿਰੇ ਸੇ ਉਸ ਸਿਰੇ ਤਕ ਸਭ ਸ਼ਰੀਕ-ਏ-ਜੁਰਮ ਹੈਂ’

ਕਹਿੰਦੇ ਹਨ ‘ਹਮਾਮ ਵਿਚ ਸਾਰੇ ਨੰਗੇ’ ਹੁੰਦੇ ਹਨ। ਇਹ ਵੀ ਕਿਹਾ ਜਾਂਦੈ ‘ਸਭੇ ਭੇਡਾਂ ਮੂੰਹ ਕਾਲੀਆਂ’!

ਸਾਨੂੰ ਇਹ ਲੋਕ-ਸਿਆਣਪ ਦੀਆਂ ਗੱਲਾਂ 26 ਫਰਵਰੀ ਨੂੰ ਕੇਂਦਰ ਸਰਕਾਰ ਵਲੋਂ ਸੁਪਰੀਮ ਕੋਰਟ ਵਿਚ ਉਸ ਜਨਹਿਤ ਪਟੀਸ਼ਨ ਦੇ ਵਿਰੋਧ ਕਾਰਨ ਚੇਤੇ ਆਈਆਂ ਜਿਸ ਤਹਿਤ ਦੋਸ਼ੀ ਕਰਾਰ ਦਿੱਤੇ ਗਏ ਸਿਆਸੀ ਆਗੂਆਂ ਉਪਰ ਜੀਵਨਭਰ ਦੀ ਪਾਬੰਦੀ ਲਗਾਉਣ ਦੀ ਮੰਗ ਕੀਤੀ ਗਈ ਹੈ।

ਇਹ ਪਟੀਸ਼ਨ ਐਡਵੋਕੇਟ ਅਸ਼ਵਨੀ ਕੁਮਾਰ ਉਪਾਧਿਆਏ ਵਲੋਂ ਦਾਇਰ ਹੈ ਅਤੇ ਇਸ ਦੀ ਸੁਣਵਾਈ ਸਰਬਉਚ ਅਦਾਲਤ ਦਾ ਡਿਵਿਜ਼ਨ ਬੈਂਚ, ਜਿਸ ਵਿਚ ਜਸਟਿਸ ਦਿਪੰਕਰ ਦੱਤਾ ਅਤੇ ਜਸਟਿਸ ਮਨਮੋਹਨ ਸ਼ਾਮਲ ਹਨ, ਕਰ ਰਿਹਾ ਹੈ।



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਅਰਜ਼ੀਕਾਰ ਨੇ ਇਹ ਪਟੀਸ਼ਨ 2016 ਵਿਚ ਦਾਇਰ ਕੀਤੀ ਸੀ ਜਿਸ ਦੀ ਸੁਣਵਾਈ ਜਾਰੀ ਹੈ। ਇਸ ਤਹਿਤ ਦੋਸ਼ੀ ਕਰਾਰ ਦਿੱਤੇ ਆਗੂਆਂ ਨੂੰ ਚੋਣ ਲੜਨ, ਸਿਆਸੀ ਪਾਰਟੀ ਬਣਾਉਣ ਅਤੇ ਕਿਸੇ ਸਿਆਸੀ ਪਾਰਟੀ ਵਿਚ ਕੋਈ ਅਹੁਦਾ ਇਖਤਿਆਰ ਕਰਨ ਉਪਰ ਉਮਰ ਭਰ ਲਈ ਪਾਬੰਦੀ ਲਗਾਉਣ ਦੀ ਮੰਗ ਕੀਤੀ ਗਈ ਹੈ।

ਮੌਜੂਦਾ ਕਾਨੂੰਨ ਤਹਿਤ ਦੋਸ਼ੀ ਕਰਾਰ ਦਿੱਤੇ ਆਗੂ ਨੂੰ ਫੌਰਨ ਅਯੋਗ ਕਰਾਰ ਦਿਤਾ ਜਾਂਦਾ ਹੈ ਅਤੇ ਉਸ ਨੂੰ 6 ਸਾਲ ਲਈ ਚੋਣ ਲੜਨ ਦੀ ਪਾਬੰਦੀ ਲਗਾਈ ਜਾਂਦੀ ਹੈ ਪਰ ਇਹ ਰੋਕ ਸਜ਼ਾ ਖਤਮ ਹੋਣ ਦੇ 6 ਸਾਲ ਮਗਰੋਂ ਖਤਮ ਹੋ ਜਾਂਦੀ ਹੈ।

ਕੇਂਦਰ ਨੇ ਆਪਣਾ ਹਲਫਨਾਮਾ ਦਾਇਰ ਕਰ ਕੇ ਇਹ ਦਲੀਲ ਦਿੱਤੀ ਹੈ ਕਿ ‘ਇਹ ਪ੍ਰਸ਼ਨ ਕਿ ਅਜਿਹੀ ਅਯੋਗਤਾ (ਉਮਰਭਰ) ਕਰਾਰ ਦੇਣਾ ਵਾਜਬ ਹੈ ਯਾ ਨਹੀਂ ਇਹ ਸਿਰਫ ਸੰਸਦ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ’। ਇਸ ਵਿਚ ਹੋਰ ਕਿਹਾ ਗਿਐ ਕਿ ‘ਸੰਵਿਧਾਨ ਨੇ ਅਯੋਗਤਾ ਦੇ ਮਾਮਲੇ ਸਬੰਧੀ ਕਾਨੂੰਨ ਬਣਾਉਣ ਦਾ ਖੇਤਰ ਸੰਸਦ ਲਈ ਖੁੱਲ੍ਹਾ-ਡੁੱਲ੍ਹਾ ਛਡਿਆ ਹੈ ਅਤੇ ਸੰਸਦ ਇਸ ਸਬੰਧੀ ਉਸ ਤਰ੍ਹਾਂ ਕਾਰਵਾਈ ਕਰ ਸਕਦੀ ਹੈ ਜਿਵੇਂ ਉਹ ਮੁਨਾਸਬ ਸਮਝਦੀ ਹੈ...ਪਟੀਸ਼ਨਕਰਤਾ ਅਯੋਗਤਾ ਦੇ ਅਧਾਰ ਅਤੇ ਅਯੋਗਤਾ ਦੇ ਅਸਰ ਵਿਚ ਫਰਕ ਨਹੀਂ ਕਰ ਸਕਿਆ। ਪਟੀਸ਼ਨਕਰਤਾ ਦੀ ਸੰਸਦ, ਵਿਧਾਨ ਸਭਾ ਜਾਂ ਵਿਧਾਨ ਪ੍ਰੀਸ਼ਦ ਦੀ ਮੈਂਬਰੀ ਤੋਂ ਅਯੋਗਤਾ ਸਬੰਧੀ ਸੰਵਿਧਾਨ ਦੇ ਅਨੁਸ਼ੇਦ 102 ਅਤੇ 191 ਉਪਰ ਟੇਕ ਵੀ ਬਿਲਕੁਲ ਗਲਤ ਹੈ ਕਿਉਂਕਿ ਇਨ੍ਹਾਂ ਅਨੁਸ਼ੇਦਾਂ ਦੀ ਕਲਾਜ ‘ਈ’ ਦੁਆਰਾ ਹੀ ਸੰਸਦ ਨੂੰ ਅਯੋਗਤਾ ਦੇ ਕਾਰਨ ਅਤੇ ਮਿਆਦ ਨਿਰਧਾਰਤ ਕਰਨ ਸਬੰਧੀ ਕਾਨੂੰਨ ਬਣਾਉਣ ਦੀ ਤਾਕਤ ਦਿਤੀ ਗਈ ਹੈ ਅਤੇ ਇਸ ਤਾਕਤ ਦੀ ਵਰਤੋਂ ਕਰਦਿਆਂ 1951 ਦਾ ਜਨ ਪ੍ਰਤੀਨਿਧੀ ਐਕਟ ਬਣਾਇਆ ਗਿਆ ਸੀ”।

ਹਲਫਨਾਮੇ ਵਿਚ ਸੰਸਦ ਨਾਲ ਸਬੰਧਤ ਮਾਮਲੇ ‘ਚ ਨਿਆਂਇਕ ਨਜ਼ਰਸਾਨੀ (ਜੁਡੀਸ਼ੀਅਲ ਰਿਵਿਊ) ਨਾ ਹੋਣ ਦਾ ਦਾਅਵਾ ਵੀ ਕੀਤਾ ਗਿਐ। ਇਹ ਵੀ ਕਿਹਾ ਗਿਐ ਕਿ ਅਰਜ਼ੀਕਾਰ ਵਲੋਂ ਜੋ ਅਪੀਲ ਕੀਤੀ ਗਈ ਹੈ ਉਹ ਵਿਧਾਨ ਨੂੰ ਮੁੜ ਤੋਂ ਲਿਖਣ ਜਾਂ ਸੰਸਦ ਨੂੰ ਇਕ ਵਿਸ਼ੇਸ਼ ਢੰਗ ਨਾਲ ਜੋ ਕਾਨੂੰਨ ਬਣਾਉਣ ਦੇ ਨਿਰਦੇਸ਼ ਦੇਣ ਸਮਾਨ ਹੈ ਜੋ ਜੁਡੀਸ਼ੀਅਲ ਨਜ਼ਰਸਾਨੀ ਸਬੰਧੀ ਸਿਖਰਲੀ ਅਦਾਲਤ ਦੀਆਂ ਤਾਕਤਾਂ ਤੋਂ ਪਰ੍ਹੇ ਹੈ।

ਇਸ ਕੇਸ ਦੀ ਸੁਣਵਾਈ ਕਰਦਿਆਂ ਪਹਿਲਾਂ ਵੀ 10 ਫਰਵਰੀ ਨੂੰ ਬੈਂਚ ਨੇ ਸਿਆਸਤ ਦੇ ਅਪਰਾਧੀਕਰਨ ਨੂੰ ਚਿੰਤਾਜਨਕ ਮਸਲਾ ਗਰਦਾਨਦਿਆਂ ਕੇਂਦਰ ਅਤੇ ਚੋਣ ਕਮਿਸ਼ਨ ਨੂੰ ਇਸ ਬਾਰੇ ਆਪਣਾ ਸਟੈਂਡ ਸਪੱਸ਼ਟ ਕਰਨ ਲਈ ਕਿਹਾ ਸੀ। ਬੈਂਚ ਨੇ ਇਸ ਗੱਲ ‘ਤੇ ਹੈਰਾਨੀ ਪ੍ਰਗਟ ਕੀਤੀ ਸੀ ਕਿ ‘ਜਦ ਕੋਈ ਆਗੂ ਅਪਰਾਧੀ ਕਰਾਰ ਦਿਤਾ ਜਾਂਦੈ ਤਾਂ ਉਹ ਦੁਬਾਰਾ ਕਿਵੇਂ ਸੰਸਦ ਜਾਂ ਵਿਧਾਨ ਸਭਾ ਵਿਚ ਪਰਤ ਸਕਦੈ”?

ਬੈਂਚ ਨੇ ਕਿਹਾ, “ਇਕ ਵਾਰ ਕੋਈ ਆਗੂ ਦੋਸ਼ੀ ਕਰਾਰ ਦੇ ਦਿੱਤਾ ਜਾਂਦੈ ਤੇ ਉਸ ਦਾ ਦੋਸ਼ ਬਰਕਰਾਰ ਰਹਿੰਦੈ ਤਾਂ ਫਿਰ ਉਹ ਕਿਵੇਂ ਸੰਸਦ ਜਾਂ ਵਿਧਾਨ ਪਾਲਿਕਾ ਵਿਚ ਪਰਤ ਸਕਦੈ? ਇਸ ਵਾਰ ਕੇਂਦਰ ਅਤੇ ਚੋਣ ਕਮਿਸ਼ਨ ਨੂੰ ਜਵਾਬ ਦੇਣਾ ਪਵੇਗਾ”।

ਬੈਂਚ ਨੇ ਉਦੋਂ ਬਹੁਤ ਹੀ ਅਰਥਭਰਪੂਰ ਟਿੱਪਣੀ ਕੀਤੀ ਸੀ ਕਿ “ਇਥੇ ਹਿਤਾਂ ਵਿਚਲੇ ਟਕਰਾਅ ਦਾ ਮਸਲਾ ਵੀ ਪੈਦਾ ਹੁੰਦੈ ਕਿਉਂਕਿ ਉਹ ਲੋਕ (ਸਾਂਸਦ ਜਾਂ ਵਿਧਾਇਕ) ਕਾਨੂੰਨ ਵੀ ਬਣਾਉਣਗੇ”।

ਤੇ ਕਾਨੂੰਨ ਬਣਾਉਂਦਿਆਂ ਭਲਾ ਕਿਹੜਾ ਕਹੂ ਕਿ ਰਾਣੀਏਂ ਅੱਗਾ ਢੱਕ? ਸਭ ਵੱਡੀਆਂ ਸਿਆਸੀ ਪਾਰਟੀਆਂ ਦਾਗੀ ਆਗੂਆਂ ਨੂੰ ਚੋਣਾਂ ਵਿਚ ਉਤਾਰਦੀਆਂ ਹਨ ਅਤੇ ਉਨ੍ਹਾਂ ਵਿਚੋਂ ਕਈ ਜਿੱਤ ਵੀ ਜਾਂਦੇ ਹਨ। ਸਿਆਸਤ ਵਿਚ ਦਾਗੀ ਲੋਕਾਂ ਦੀ ਗਿਣਤੀ ਹਰ ਚੋਣ ਵੇਲੇ ਪਹਿਲਾਂ ਨਾਲੋਂ ਵਧਦੀ ਜਾਂਦੀ ਹੈ। ‘ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫੌਰਮਜ਼’ ਦੀ ਇਕ ਰਿਪੋਰਟ ਅਨੁਸਾਰ 18ਵੀਂ ਲੋਕ ਸਭਾ ਵਿਚ 543 ਚੁਣੇ ਹੋਏ ਸੰਸਦ ਮੈਂਬਰਾਂ ’ਚੋਂ 251 ਅਜਿਹੇ ਹਨ ਜਿਨ੍ਹਾਂ ਵਿਰੁੱਧ ਕੇਸ ਦਰਜ ਹਨ ਤੇ ਇਨ੍ਹਾਂ ਕੇਸਾਂ ਵਿਚ ਕਈ ਗੰਭੀਰ ਜੁਰਮਾਂ ਵਾਲੇ ਵੀ ਹਨ। ਇਹ ਗਿਣਤੀ ਕੁਲ ਲੋਕ ਸਭਾ ਦੇ ਮੈਂਬਰਾਂ ’ਚੋਂ ਲਗਭਗ 46% ਬਣਦੀ ਹੈ। ਸੱਤਾਧਾਰੀ ਭਾਜਪਾ ਅਤੇ ਵਿਰੋਧੀ ਧਿਰ ਕਾਂਗਰਸ ਸਮੇਤ ਕਈ ਹੋਰ ਪਾਰਟੀਆਂ ਦੇ ਮੈਂਬਰ ਵੀ ਇਸ ਵਿਚ ਸ਼ਾਮਲ ਹਨ।



ਇਸ ਸੰਸਥਾ ਅਨੁਸਾਰ ਇਹ ਪ੍ਰਤੀਸ਼ਤ ਹਰ ਚੋਣ ਉਪਰੰਤ ਵਧਦੀ ਜਾਂਦੀ ਹੈ। 2009 ਵਿਚ ਦਾਗੀ ਸੰਸਦ ਮੈਂਬਰਾਂ ਦੀ ਗਿਣਤੀ 30% ਸੀ ਪਰ 2014 ‘ਚ ਇਹ ਵਧ ਕੇ 34%, 2019 ‘ਚ 43% ਅਤੇ 2024 ‘ਚ 46% ਹੋ ਗਈ। ਐਸ ਵੇਲੇ ਇਹ ਪ੍ਰਤੀਸ਼ਤ ਰਿਕਾਰਡ ਤੋੜ ਹੈ। ਦਿਲਚਸਪ ਗੱਲ ਇਹ ਹੈ ਕਿ ਸੱਤਾਧਾਰੀ ਭਾਜਪਾ ਵੇਲੇ ਇਹ ਪ੍ਰਤੀਸ਼ਤ ਲਗਾਤਾਰ ਵਧੀ ਹੈ!

ਹੈ ਨਾ ਕਮਾਲ! ਜਿੰਨਾ ਜ਼ਿਆਦਾ ਕੋਈ ਦਾਗੀ ਆਗੂ ਓਨਾ ਹੀ ਉਸ ਦੇ ਜਿੱਤਣ ਦੇ ਚਾਂਸ ਵਾਧੂ! “ਯੇ ਸੱਚ ਹੈ ਰੰਗ ਬਦਲਤਾ ਥਾ ਵੋ ਹਰ ਏਕ ਲਮਹਾ,/ਮਗਰ ਵਹੀ ਤੋ ਬਹੁਤ ਕਾਮਯਾਬ ਚੇਹਰਾ ਥਾ”!(ਅੰਬਰ ਬਹਿਰਾਈਚੀ)

ਹੁਣ ਸਵਾਲ ਉਠਦਾ ਹੈ ਕਿ ਦਾਗੀ ਨੇਤਾਵਾਂ ਨੂੰ ਪਾਰਟੀਆਂ ਟਿਕਟਾਂ ਕਿਉਂ ਦਿੰਦੀਆਂ ਹਨ? ਕੀ ਸਾਫ-ਸੁਥਰੇ ਅਕਸ ਵਾਲੇ ਲੋਕਾਂ ਦੀ ਥੁੜ੍ਹ ਹੈ ਜਾਂ ਉਹ ਸਿਆਸਤ ਤੋਂ ਲਾਂਭੇ ਰਹਿੰਦੇ ਹਨ? ਕੀ ਸਭ ਵੱਡੀਆਂ ਰਾਜਨੀਤਕ ਪਾਰਟੀਆਂ ਮਿਲ-ਬੈਠ ਕੇ ਕੋਈ ਅਜਿਹਾ ਮਤਾ ਨਹੀਂ ਪਕਾ ਸਕਦੀਆਂ ਕਿ ਦਾਗੀ/ਦੋਸ਼ੀ ਬੰਦਿਆਂ ਨੂੰ ਚੋਣ-ਮੈਦਾਨ ਵਿਚ ਨਾ ਉਤਾਰਿਆ ਜਾ ਸਕੇ? ਜਾਂ ਕਮਜ਼-ਕਮ ਅਪਰਾਧੀ ਕਰਾਰ ਦਿਤੇ ਗਏ ਬੰਦੇ ਨੂੰ ਟਿਕਟ ਨਾ ਦਿੱਤੀ ਜਾਵੇ? ਜਾਂ ਘੱਟੋ ਘੱਟ ਕਤਲ, ਬਲਾਤਕਾਰ ਜਾਂ ਹੋਰ ਅਜਿਹੇ ਘਿਨਾਉਣੇ ਅਪਰਾਧਾਂ ਦੇ ਦੋਸ਼ੀਆਂ ਨੂੰ ਹੀ ਚੋਣ-ਅਖਾੜੇ ਵਿਚ ਨਾ ਆਉਣ ਦਿੱਤਾ ਜਾਵੇ।

ਪਰ ਸਿਆਸਤ, ਮਾਫੀਆ, ਮਨੀ (ਪੈਸਾ) ਅਤੇ ਮਸਲ ਪਾਵਰ (ਬਾਹੂਬਲ) ਨਾਲੋ-ਨਾਲ ਚਲਦੇ ਹਨ। ਤੇ ਅੱਜ-ਕੱਲ੍ਹ ਮੀਡੀਆ ਦਾ ਵੱਡਾ ਹਿੱਸਾ ਵੀ ਸੱਤਾਧਾਰੀਆਂ ਦਾ ਧੂਤਾ ਹੀ ਹੈ (‘ਗੋਦੀ-ਮੀਡੀਆ’ ਟਰਮ ਐਵੇਂ ਨਹੀਂ ਪ੍ਰਚੱਲਿਤ ਹੋਈ)।

ਅਸਲ ਵਿਚ ਲੋਕਤੰਤਰ ਵਿਚ ਗਿਣਤੀ ਦੇਖਦੇ ਹਨ, ਗੁਣ ਨਹੀਂ। ਡਾ. ਇਕਬਾਲ ਨੇ ਠੀਕ ਕਿਹਾ ਸੀ-

“ਜਮਹੂਰੀਅਤ ਏਕ ਤਰਜ਼-ਏ-ਹਕੂਮਤ ਹੈ ਕਿ ਜਿਸ ਮੇਂ
ਬੰਦੋਂ ਕੋ ਗਿਨਾ ਕਰਤੇ ਹੈਂ ਤੋਲਾ ਨਹੀਂ ਕਰਤੇ”!

ਇਸ ਦਲਦਲ ਵਿਚੋਂ ਸਿਆਸਤ ਨੂੰ ਨਿਆਂਪਾਲਿਕਾ ਹੀ ਬਾਹਰ ਕੱਢ ਸਕਦੀ ਹੈ। ਦਾਗੀ ਜਾਂ ਦੋਸ਼ੀ ਨੇਤਾਵਾਂ ਵਿਰੁੱਧ ਕੇਸਾਂ ਦਾ ਨਿਪਟਾਰਾ ਜਲਦ ਕਰ ਕੇ, ਫਾਸਟ-ਟਰੈਕ ਕੋਰਟਾਂ ਸਥਾਪਤ ਕਰ ਕੇ ਜਾਂ ਫਿਰ ਅਯੋਗਤਾ ਦੀ ਮਿਆਦ 6 ਸਾਲ ਤੋਂ ਵਧਾ ਕੇ।

ਸਾਡੀ ਨਿਆਂ-ਪ੍ਰਣਾਲੀ ਕੱਛੂਕੁੰਮੇਂ ਦੀ ਚਾਲ ਨਾਲੋਂ ਵੀ ਹੌਲੀ ਚਲਦੀ ਹੈ। ਦਹਾਕੇ ਬੀਤ ਜਾਂਦੇ ਹਨ ਕੇਸਾਂ ਨੂੰ ਚਲਦਿਆਂ। ਲੋਕ ਇਨਸਾਫ ਦੀ ਉਡੀਕ ਕਰਦੇ ਕਰਦੇ ਰੱਬ ਨੂੰ ਪਿਆਰੇ ਹੋ ਜਾਂਦੇ ਹਨ। 1984 ਦੇ ਸਿੱਖ-ਵਿਰੋਧੀ ਦੰਗਿਆਂ ਨੂੰ ਹੀ ਦੇਖ ਲਓ। ਦੋਸ਼ੀ ਉੱਚ-ਅਹੁਦੇ, ਵਜ਼ਾਰਤਾਂ ਤੇ ਹੋਰ ਸਰਕਾਰੀ ਸਹੂਲਤਾਂ ਦਾ ਅਨੰਦ ਮਾਣਦੇ ਰਹੇ ਤੇ ਦੰਗਾ-ਪੀੜਤ ਨਿਆਂ ਦੀ ਗੁਹਾਰ ਲਗਾਉਂਦੇ ਰਹੇ। ਆਹ ਸੱਜਣ ਕੁਮਾਰ ਨੂੰ ਹੀ ਦੇਖ ਲਓ, ਕਿੰਨੇ ਸਾਲ ਲੱਗੇ ਉਸ ਨੂੰ ਸਜ਼ਾ ਦੇਣ ਲਈ। ਲੋਕ-ਸ਼ਾਇਰ ਸੁਰਜੀਤ ਪਤਾਰ ਦਾ ਬਹੁਤ ਹੀ ਕੋਟ ਕੀਤਾ ਜਾਣ ਵਾਲਾ ਸ਼ੇਅਰ ਚੇਤੇ ਆ ਜਾਂਦੈ-

“ਇਸ ਅਦਾਲਤ ‘ਚ ਬੰਦੇ ਬਿਰਖ ਹੋ ਗਏ,
ਫੈਸਲੇ ਸੁਣਦਿਆਂ ਸੁਣਦਿਆਂ ਸੁੱਕ ਗਏ,
ਆਖੋ ਇਨ੍ਹਾਂ ਨੂੰ ਉਜੜੇ ਘਰੀਂ ਜਾਣ ਹੁਣ,
ਇਹ ਕਦੋਂ ਤੀਕ ਇਥੇ ਖੜੇ ਰਹਿਣਗੇ”!

ਪਰ ਹੁਣ ਜੇ ਦੇਸ਼ ਦੀ ਸਰਬ-ਉਚ ਅਦਾਲਤ ਦਾਗੀ/ਦੋਸ਼ੀ ਸਿਆਸੀ ਆਗੂਆਂ ਉੱਪਰ ਸ਼ਿਕੰਜਾ ਕੱਸਣ ਬਾਰੇ ਕਹਿ ਰਹੀ ਹੈ ਤਾਂ ਸਿਆਸਤ ਨਿਆਂਪਾਲਿਕਾ ਨੂੰ ਸੰਸਦੀ ਅਧਿਕਾਰ-ਖੇਤਰ ਦੀ ਯਾਦ ਕਰਵਾ ਰਹੀ ਹੈ।

ਨੈਤਿਕ ਮੁੱਲਾਂ, ਕਦਰਾਂ-ਕੀਮਤਾਂ ਦੇ ਕਸਾਰੇ ਦੇ ਇਸ ਦੌਰ ਵਿਚ ਕਾਨੂੰਨ-ਘਾੜਿਆਂ ਨੇ ਤਾਂ ਆਪਣੇ ਉਪਰ ‘ਕੁੰਡਾ’/ਅੰਕੁਸ਼’ ਲਗਾਉਣ ਵਾਲਾ ਕੋਈ ਕਾਨੂੰਨ ਪਾਸ ਕਰਨਾ ਨਹੀਂ, ਕਿਉਂਕਿ ਹਿੰਦੀ ਕਵੀ ਦੁਸ਼ਯੰਤ ਕੁਮਾਰ ਅਨੁਸਾਰ-

“ਇਸ ਸਿਰੇ ਸੇ ਉਸ ਸਿਰੇ ਤਕ ਸਭ ਸ਼ਰੀਕ-ਏ-ਜੁਰਮ ਹੈਂ,
ਆਦਮੀ ਯਾ ਤੋ ਜ਼ਮਾਨਤ ਪਰ ਰਿਹਾ ਹੈ ਯਾ ਫਰਾਰ”।

# ਸ੍ਰੀ ਅਨੰਦਪੁਰ ਸਾਹਿਬ ਵਿਖੇ ਤ੍ਰੈ-ਰੋਜ਼ਾ ਕੌਮੀ ਕਾਨਫਰੰਸ

ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਭੂਮੀ ਵਿਚ ਇਕ ਦਹਾਕਾ ਪਹਿਲਾਂ ਸਥਾਪਤ ਹੋਈ ਐਡਵਾਂਸ ਇੰਸਟੀਚਿਊਟ ਆਫ ਸੋਸ਼ਲ ਸਾਇੰਸ਼ਜ ਨੇ ਬਹੁਤ ਥੋੜ੍ਹੇ ਸਮੇਂ ਵਿਚ ਚੰਗਾ ਨਾਂ ਬਣਾ ਲਿਆ ਹੈ। 21 ਤੋਂ 23 ਫਰਵਰੀ 2025 ਦੀ ਕੌਮੀ ਕਾਨਫਰੰਸ ਇਸ ਦਾ ਪ੍ਰਤੱਖ ਪ੍ਰਮਾਣ ਹੈ। ਪੰਜਾਬੀ ਅਧਿਐਨ, ਅਧਿਆਪਨ ਤੇ ਖੋਜ ਨੂੰ ਪ੍ਰਣਾਈ ਇਸ ਕਾਨਫਰੰਸ ਦੇ ਦਸ ਸੈਸ਼ਨਾਂ ਵਿਚ ਉੱਤਰੀ ਭਾਰਤ ਦੀਆਂ ਨੌਂ ਯੂਨੀਵਰਸਟੀਆਂ ਦਾ ਭਾਗ ਲੈਣਾ ਇਸ ਵਿਸ਼ੇ ਦੀ ਤਤਕਾਲੀਨ ਗੰਭੀਰਤਾ ਉੱਤੇ ਮੋਹਰ ਲਾਉਂਦਾ ਹੈ। ਚੇਤੇ ਰਹੇ ਕਿ ਇਹ ਇੰਸਟੀਚਿਊਟ ਸਰਬਤ ਦਾ ਭਲਾ ਚੈਰੀਟੇਬਲ ਟਰਸੱਟ ਦੇ ਮੈਨੇਜਿੰਗ ਟਰੱਸਟੀ ਐਸ.ਪੀ.ਐਸ ਓਬਰਾਏ ਦਾ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਸੁਪਨਾ ਹੈ ਜਿਸ ਨੇ ਅਨੰਦਪੁਰ ਸਾਹਿਬ ਦੀ ਪਵਿੱਤਰ ਭੂਮੀ ਵਿਚ ਸੰਨੀ ਓਬਰਾਏ ਵਿਵੇਕ ਸਦਨ ਉਸਾਰ ਕੇ ਇਸ ਭੂ-ਖੰਡ ਦੇ ਦੂਰ-ਦੁਰਾਡੇ ਖੇਤਰਾਂ ਦੀ ਸਮਾਜਕ ਤੇ ਸਭਿਆਚਾਰਕ ਤਬਦੀਲੀ ਵਿਚ ਸੁਧਾਰ ਤੋਂ ਬਿਨਾ ਮਾਂ ਬੋਲੀ ਦੇ ਪੜ੍ਹਨ-ਪੜ੍ਹਾਉਣ ਅਤੇ ਭਵਿੱਖ ਵੱਲ ਵੀ ਧਿਆਨ ਦਿੱਤਾ ਹੈ। ਚੰਗੀ ਗੱਲ ਇਹ ਹੈ ਕਿ ਇਸ ਸੁਪਨੇ ਨੂੰ ਸਾਕਾਰ ਕਰਨ ਵਿਚ ਇੰਸਟੀਚਿਊਟ ਦੀ ਡਾਇਰੈਕਟਰ ਡਾ. ਭੁਪਿੰਦਰ ਕੌਰ ਦੀ ਮਿਹਨਤ ਤੇ ਉੱਦਮ ਨੇ ਸੋਨੇ ਉੱਤੇ ਸੁਹਾਗੇ ਦਾ ਕੰਮ ਕੀਤਾ ਹੈ।

ਵਿਦਾਇਗੀ ਸੈਸ਼ਨ ਦੀ ਪ੍ਰਧਾਨਗੀ ਕਰ ਰਹੇ ਮੈਡੀਕਲ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਰਾਜ ਬਹਾਦਰ ਨੇ ਆਪਣੇ ਭਾਸ਼ਣ ਵਿਚ ਸੁਚੇਤ ਕੀਤਾ ਕਿ ਜਦੋਂ ਤੱਕ ਅਸੀਂ ਸੰਸਾਰ ਦੇ ਅਕਾਦਮਿਕ ਵਰਤਾਰੇ ਨੂੰ ਨੀਝ ਨਾਲ ਵੇਖਦੇ ਹੋਏ ਆਪਣੇ ਅਧਿਐਨ ਤੇ ਅਧਿਆਪਨ ਦੀਆਂ ਵਿਧਾਵਾਂ ਵਿਚ ਤਬਦੀਲੀਆਂ ਨਹੀਂ ਕਰਾਂਗੇ ਤਦ ਤੱਕ ਅਸੀਂ ਕਿਸੇ ਨਿਸ਼ਚਿਤ ਨਿਸ਼ਾਨੇ ਵੱਲ ਸੇਧਤ ਨਹੀਂ ਹੋ ਸਕਾਂਗੇ। ਜੇਕਰ ਅਧਿਆਪਕ ਦੀ ਅਧਿਆਪਨ ਨਾਲ ਸਬੰਧਿਤ ਮੂਲ ਤੱਤਾਂ ‘ਤੇ ਪਕੜ ਨਹੀਂ ਤਾਂ ਉਹ ਵਿਦਿਆਰਥੀਆਂ ਨਾਲ ਕੀ ਇਨਸਾਫ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਗੱਲ ਇਥੋਂ ਤੱਕ ਹੀ ਸੀਮਿਤ ਹੁੰਦੀ ਤਾਂ ਅਧਿਆਪਕ ਨੂੰ ਰਿਫਰੈਸ਼ਰ ਕੋਰਸਾਂ ਦੇ ਮਾਧਿਅਮ ਰਾਹੀਂ ਜਾਗੂਰਕ ਕੀਤਾ ਜਾ ਸਕਦਾ ਸੀ ਪਰ ਜਦ ਵਿੱਦਿਆ ਦੇ ਖੇਤਰ ਨਾਲ ਜੁੜੀਆਂ ਸਰਕਾਰੀ ਏਜੰਸੀਆਂ ਹੀ ਬਿਖੜੇ ਰਸਤੇ ‘ਤੇ ਤੁਰ ਪੈਣ ਤਾਂ ਚੰਗੇ ਦੀ ਆਸ ਵੀ ਕਿਵੇਂ ਕੀਤੀ ਜਾ ਸਕਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਮਲਟੀ ਫੈਕਲਟੀਜ਼ ਦੇ ਇਸ ਸੁਰਾਂ ਵਿਚ ਜੇ ਤੁਸੀਂ ਹੋਰਨਾਂ ਭਾਸ਼ਾਵਾਂ ਦੇ ਗਿਆਨ, ਉਨ੍ਹਾਂ ਦੀ ਵਿਆਕਰਣ, ਲਿਪੀ, ਸੋਸ਼ਲ ਸਾਇੰਸਜ਼ ਤੋਂ ਜਾਣੂ ਨਹੀਂ ਤਾਂ ਆਪਣੇ ਖਿੱਤੇ ਦੇ ਭਾਗ ਨਹੀਂ ਬਦਲੇ ਜਾ ਸਕਦੇ ਹਨ।

ਡਾ. ਰਾਜ ਬਹਾਦਰ ਨੇ ਕਿਹਾ ਕਿ ਮਲਟੀ ਫੈਕਲਟੀ ਦੀ ਅਹਿਮੀਅਤ ਕੇਵਲ ਸੋਸ਼ਲ ਸਾਇੰਸਜ਼ ਜਾਂ ਭਾਸ਼ਾਵਾਂ ਤੱਕ ਹੀ ਸੀਮਿਤ ਨਹੀਂ। ਮੈਡੀਕਲ ਖੇਤਰ ਵਿਚ ਵੀ ਫੇਲ ਚੁੱਕੀ ਹੈ। ਮੈਡੀਕਲ ਕਿੱਤਾ ਭਾਸ਼ਾਵਾਂ ਦੇ ਗਿਆਨ ਤੋਂ ਬਿਨਾ ਕੰਮ ਹੀ ਕਿਵੇਂ ਕਰ ਸਕਦਾ ਹੈ।

ਦਿੱਲੀ, ਕੁਰੂਕਸ਼ੇਤਰ, ਪਟਿਆਲਾ, ਬਠਿੰਡਾ, ਅੰਮ੍ਰਿਤਸਰ, ਜੰਮੂ, ਧਰਮਸ਼ਾਲਾ ਤੇ ਚੰਡੀਗੜ੍ਹ ਸਥਿਤ ਯੂਨੀਵਰਸਿਟੀਆਂ ਨੂੰ ਇੱਕ ਮੰਚ ਉੱਤੇ ਬੁਲਾ ਕੇ ਪੰਜਾਬੀ ਸਾਹਿਤ, ਸਭਿਆਚਾਰ ਤੇ ਸਮਾਜ ਦੇ ਭਵਿੱਖ ਮੁਖੀ ਮਸਲਿਆਂ ਦੀ ਖੋਜ ਪੜਤਾਲ ਕਰਨਾ ਕੋਈ ਸੌਖਾ ਕੰਮ ਨਹੀਂ ਸੀ। ਏਥੇ ਪੰਜਾਬੀ ਸਾਹਿਤ ਵਿਚ ਆ ਰਹੀਆਂ ਨਵੀਆਂ ਧਾਰਾਵਾਂ ਹੀ ਨਹੀਂ, ਵਿਚਾਰੀਆਂ ਗਈਆਂ। ਆਧੁਨਿਕ ਸਮਾਜ ਵਿਚ ਪੰਜਾਬੀ ਭਾਸ਼ਾ ਦੀ ਸਥਿਤੀ ਵੀ ਗੌਲੀ ਗਈ ਤੇ ਪੰਜਾਬੀ ਭਾਸ਼ਾ ਅਤੇ ਸੰਸਕ੍ਰਿਤੀ ਉੱਤੇ ਡਿਜੀਟਲ ਮੀਡੀਆ ਅਤੇ ਟੈਕਨਾਲੌਜੀ ਦੇ ਪ੍ਰਭਾਵ ਦਾ ਲੇਖਾ-ਜੋਖਾ ਵੀ ਕੀਤਾ ਗਿਆ।

ਇਸ ਸੈਸ਼ਨ ਦੇ ਮੁੱਖ ਮਹਿਮਾਨ ਅਤੇ ਵਿਵੇਕ ਸਦਨ ਦੇ ਚਾਂਸਲਰ ਡਾ. ਐੱਸ.ਪੀ. ਸਿੰਘ ਓਬਰਾਏ ਨੇ ਐਲਾਨ ਕੀਤਾ ਕਿ ਸਰਬਤ ਦਾ ਭਲਾ ਚੈਰੀਟੇਬਲ ਟਰੱਸਟ ਇਸ ਇੰਸਟੀਚਿਊਟ ਨੂੰ ਯੂਨੀਵਰਸਿਟੀ ਬਣਾਉਣ ਦਾ ਫੈਸਲਾ ਕਰ ਚੁੱਕਾ ਹੈ ਤੇ ਇਸ ਖੇਤਰ ’ਚ ਵੱਡੇ ਤੋਂ ਲੰਮੇ ਤਜਰਬੇ ਵਾਲੇ ਪ੍ਰੋਫੈਸਰ ਉਹਦੇ ਨਾਲ ਹਨ। ਅਸੀਂ ਹਾਂ-ਪੱਖੀ ਨਤੀਜੇ ਕੱਢਣ ’ਚ ਅਹਿਮ ਰੋਲ ਅਦਾ ਕਰਾਂਗੇ ਇਹ ਮੇਰਾ ਭਰੋਸਾ ਹੈ।

ਕਾਨਫਰੰਸੀ ਬਾਰੇ ਵਿਸਤ੍ਰਿਤ ਰਿਪੋਰਟ ਪੇਸ਼ ਕਰਦਿਆਂ, ਕੇਂਦਰ ਦੀ ਡਾਇਰੈਕਟਰ ਡਾ. ਭੁਪਿੰਦਰ ਕੌਰ ਨੇ ਤਿੰਨ ਦਿਨ ਦੀ



ਕਾਰਗੁਜ਼ਾਰੀ ਪੇਸ਼ ਕੀਤੀ। ਉਨ੍ਹਾਂ ਕਿਹਾ ਇੱਕ ਦਿਨ ਇਹ ਕੇਂਦਰ ਕੌਮਾਂਤਰੀ ਪੱਧਰ ‘ਤੇ ਅਕਾਦਮਿਕ ਖੇਤਰ ’ਚ ਆਪਣਾ ਨਾਮ ਸਥਾਪਿਤ ਕਰ ਲਵੇਗਾ।

ਏਥੇ ਦਿੱਲੀ ਦੱਖਣ ਤੋਂ ਮਸਨੂਈ ਗਿਆਨ ਤੇ ਨਵੀਂ ਸੰਚਾਰ ਟੈਕਨਾਲੌਜੀ ਦਾ ਮਾਹਿਰ ਡਾ. ਰਵੇਲ ਸਿੰਘ ਹੀ ਨਹੀਂ ਪਟਿਆਲਾ ਦੀ ਸਾਹਿਤਕ ਜੋੜੀ ਡਾ. ਜਸਵਿੰਦਰ ਸਿੰਘ ਤੇ ਧਨਵੰਤ ਕੌਰ ਹੀ ਨਹੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਪ੍ਰੋਫੈਸਰ ਸਰਬਜਿੰਦਰ ਸਿੰਘ, ਸੁਰਿੰਦਰ ਸਿੰਘ, ਮਨਮੋਹਨ ਸਿੰਘ ਅਤੇ ਮਿਸਜ਼ ਤੇ ਮਿਸਟਰ ਗਿੱਲ ਪਹੁੰਚੇ ਹੋਏ ਸਨ। ਜਸਵਿੰਦਰ-ਧਨਵੰਤ ਜੋੜੀ ਨੂੰ ਇੰਸਟੀਚਿਊਟ ਦਾ ਮਾਹੌਲ ਤੇ ਅਧਿਆਪਨ - ਆਧਿਆਪਕ ਵਰਤ ਵਰਤਾਰੇ ਨੇ ਬੜਾ ਪ੍ਰਭਾਵਿਤ ਕੀਤਾ।

### ਦੁਗਰੀ ਪਿੰਡ ਵਿਚ ਦਰਬਾਰ-ਏ-ਬਸੰਤ

ਮੋਬਾਈਲਾਂ ਉੱਤੇ ਹਸਦਾ-ਵਸਦਾ ਗਾਉਂਦਾ ਪੰਜਾਬ ਦਾ ਧੁਰਾ ਬਣਿਆ ਪਿੰਡ ਦੁਗਰੀ ਇੱਕ ਹੋਰ ਮਾਲੀ ਮਾਰ ਗਿਆ ਹੈ। ਏਸ ਵਾਰੀ ਉਸ ਪਿੰਡ ਦੇ ਗੁਰਦੁਆਰਾ ਸ੍ਰੀ ਸੁਖਮਨੀ ਸਾਹਿਬ ਨੇ ਆਪਣੇ ਬਸੰਤ ਰੁੱਤ ਦੇ ਸਮਾਗਮ ਨੂੰ ਦਰਬਾਰ-ਏ-ਬਸੰਤ ਦਾ ਨਾਂ ਦਿੱਤਾ ਹੈ। ਏਥੋਂ ਦੇ ਪ੍ਰਮੁੱਖ ਸੇਵਾਦਾਰ ਅਤੇ ਕਾਫਲਾ ਸਭਾ ਦੇ ਪ੍ਰਧਾਨ ਅਰਵਿੰਦਰ ਸਿੰਘ ਨੂਰ ਨੇ ਸ਼ਾਮ ਨੂੰ ਦੀਵਾਨ ਸਜਾ ਕੇ ਏਥੇ ਪ੍ਰਸਿੱਧ ਪੰਥਕ ਸ਼ਖਸੀਅਤਾਂ ਦੀ ਹਾਜ਼ਰੀ ਨਿਸ਼ਚਿਤ ਕਰਨ ਤੋਂ ਬਿਨਾ ਸੰਗੀਤ ਅਕੈਡਮੀ ਦੇ ਵਿਦਿਆਰਥੀਆਂ ਨੂੰ ਸਨਮਾਨਤ ਕਰ ਕੇ ਨਵੀਂ ਪਨੀਰੀ ਨੂੰ ਸਿਆਣਿਆਂ ਦੇ ਬਰਾਬਰ ਪੇਸ਼ ਕੀਤਾ ਹੈ। ਮੁਬਾਰਕਾਂ!

***ਅੰਤਿਕਾ***

ਹਰਦਿਆਲ ਸਾਗਰ॥

ਤੁਸੀਂ ਬੈਠਕ ’ਚ ਬਹਿ ਕੇ ਜ਼ਿਕਰ ਜਦ ਕੀਤਾ ਸਮੰਦਰ ਦਾ,
ਸੀ ਹਉਕਾ ਤੈਰਿਆ ਨੁੱਕਰ ’ਚ ਰੱਖੇ ਘੋਗਿਆਂ ਉੱਪਰ।

ਤਮੰਨਾ ਹੈ ਕਿ ਬਣ ਮੁਸਕਾਨ ਹਰ ਪਲ ਖੇਡਦਾ ਹੋਵਾਂ,
ਮੈਂ ਮਾਵਾਂ ਨਾਲ ਲੱਗ ਕੇ ਘੂਕ ਸੁੱਤੇ ਬੱਚਿਆਂ ਉੱਪਰ

ਹੈ ਨਕਲੀ ਧੁੱਪ, ਨਕਲੀ ਪੌਣ, ਨਕਲੀ ਜਲ ਤਾਂ ਕੀ ਹੋਇਆ,
ਅਸੀਂ ਫੁੱਲਦਾਰ ਬੂਟੇ ਵਾਹ ਲਵਾਂਗੇ, ਗਮਲਿਆਂ ਉੱਪਰ।

# ‘ਗਲੋਬਲ ਪੰਜਾਬੀ’, ਸਤਿਕਾਰ ਪੰਜਾਬੀ

Global Punjabi
Punjabi without barriers...

ਅੱਜ ਤੋਂ ਤਕਰੀਬਨ 26-27 ਸਾਲ ਪਹਿਲਾਂ ਜਦੋਂ ਮੇਰਾ ਤੀਜਾ ਬੇਟਾ ਹਰਵੰਤ ਵਾਟਰਲੂ ਯੂਨੀਵਰਸਿਟੀ ਤੋਂ ਕੰਪਿਊਟਰ ਸਾਇੰਸ ਦੀ ਡਿਗਰੀ ਕਰ ਰਿਹਾ ਸੀ, ਅਸੀਂ ਦੋਵਾਂ ਨੇ ਚੰਗੇ ਪੰਜਾਬੀ ਸਾਹਿਤ ਨੂੰ ਵੱਧ ਤੋਂ ਵੱਧ ਪਾਠਕਾਂ ਤੱਕ ਪਹੁੰਚਾਣ ਅਤੇ ਸੰਭਾਲਣ ਦਾ ਯਤਨ ਕਰਨ ਬਾਰੇ ਸੋਚ ਵਿਚਾਰ ਕੀਤੀ। ਸ਼ੁਰੂ ਤੋਂ ਹੀ ਇਸ ਪਰੋਜੈਕਟ ਦਾ ਸਾਡੇ ਉਦੇਸ਼ਾਂ ਨਾਲ ਬਹੁਤ ਹੀ ਢੁਕਦਾ ਨਾਂ ‘ਗਲੋਬਲ ਪੰਜਾਬੀ’ ਅਤੇ ਇਸਦਾ ਮਿਸ਼ਨ ਸਲੋਗਨ “ਪੰਜਾਬੀ ਬਿਨਾਂ ਹੱਦਾਂ ਤੋਂ” ਅਪਨਾ ਲਿਆ ਗਿਆ। ਨਾਂ ਦਾ ਫੈਸਲਾ ਹੁੰਦੇ ਹੀ ਵੈੱਬਸਾਈਟ ਲਈ ਗਲੋਬਲ ਪੰਜਾਬੀ ਡੌਟ ਕੌਮ (https://GlobalPunjabi.com) ਦਾ ਨਾਂ ਰਜਿਸਟਰ ਕਰ ਕੇ ਸਾਲ 2000 ਵਿਚ ਇਸਦਾ ਨਿਰਮਾਣ ਸ਼ੁਰੂ ਕੀਤਾ ਗਿਆ। ਸ਼ੁਰੂ-ਸ਼ੁਰੂ ਵਿਚ ਮੇਰੇ ਕਈ ਲੇਖ਼ਕ ਸਾਥੀਆਂ ਨੇ ਮਾਇਕ ਸਹਾਇਤਾ ਵਜੋਂ ਇਸ ਵਿਚ



**ਕਿਰਪਾਲ ਸਿੰਘ ਪੰਨੂੰ**
**ਫੋਨ: 76878-09404**

ਆਪਣਾ ਯੋਗਦਾਨ ਵੀ ਪਾਇਆ, ਜਿਸ ਲਈ ਮੈਂ ਉਨ੍ਹਾਂ ਦਾ ਬਹੁਤ ਧੰਨਵਾਦੀ ਹਾਂ।

ਗਲੋਬਲ ਪੰਜਾਬੀ ਸਾਈਟ ਦਾ ਮੁੱਖ ਉਦੇਸ਼ ਪੰਜਾਬੀ ਦੀਆਂ ਸੁਚੱਜੀਆਂ ਰਚਨਾਵਾਂ ਨੂੰ, ਮੁਲਕਾਂ ਅਤੇ ਲਿੱਪੀਆਂ ਦੀਆਂ ਹੱਦਾਂ ਟੱਪ ਕੇ, ਦੁਨੀਆਂ ਭਰ ਦੇ ਪਾਠਕਾਂ ਤੀਕਰ ਪਹੁੰਚਾਣਾ ਹੀ ਹੈ। ਪਰ ਸਮਾਂ ਲੰਘਣ ਦੇ ਨਾਲ਼ ਇਸ ਵਿਚ ਮਿਲ਼ਦੀਆਂ ਜੁਲ਼ਦੀਆ ਕੁਝ ਹੋਰ ਸੇਵਾਵਾਂ ਵੀ ਸ਼ਾਮਿਲ ਕੀਤੀਆਂ ਜਾ ਰਹੀਆਂ ਹਨ। ਗਲੋਬਲ ਪੰਜਾਬੀ ਲਈ ਮੇਰੇ ਦੂਜੇ ਬੇਟੇ ਰਾਜਵੰਤ ਵਲੋਂ ਇਕ ਲਿੱਪੀਆਂਤਰ ਯੰਤਰ (ਪੰਨੂੰ ਲਿੱਪੀਆਂਤਰ) ਤਿਆਰ ਕੀਤਾ ਗਿਆ ਹੈ ਜੋ ਗੁਰਮੁਖ਼ੀ ਵਿਚ ਲਿਖੇ ਸਾਹਿਤ ਨੂੰ ਲਿੱਪੀ ਦੀਆਂ ਹੱਦਾਂ ਪਾਰ ਕਰ ਕੇ ਸ਼ਾਹਮੁਖ਼ੀ ਅਤੇ ਦੇਵਨਾਗਰੀ ਲਿੱਪੀਆਂ ਵਿਚ ਪੜ੍ਹਨ ਲਈ ਸਹਾਈ ਹੁੰਦਾ ਹੈ। ਪੰਨੂੰ ਲਿੱਪੀਆਂਤਰ ਨੂੰ ਇਸ ਤਰੀਕੇ ਨਾਲ ਬਣਾਇਆ ਗਿਆ ਹੈ ਕਿ ਕੋਈ ਵੀ ਸੰਸਥਾ ਇਸ ਨੂੰ ਵਰਤ ਸਕਦੀ ਹੈ। ਇਹ ਸਿਰਫ ਗਲੋਬਲ ਪੰਜਾਬੀ ਡੌਟ ਕੌਮ ਸਾਈਟ ਤੱਕ ਹੀ ਸੀਮਤ ਨਹੀਂ ਹੈ।

ਕੰਪਿਊਟਰ ‘ਤੇ ਪੰਜਾਬੀ ਟਾਈਪ ਕਰਨ ਲਈ ਮੇਰੇ ਵਲੋਂ ਬਣਾਏ ਗਏ ਕੁਝ ਕੀਬੋਰਡ ਵੀ ਉਪਲੱਬਧ ਕਰਵਾਏ ਗਏ ਹਨ। ਗਲੋਬਲ ਪੰਜਾਬੀ ਕੀਅ ਬੋਰਡਜ਼ ਗੁਰਮੁਖ਼ੀ, ਦੇਵਨਾਗਰੀ ਅਤੇ ਸ਼ਾਹਮੁਖੀ ਜੋ ਕਿ ਸਮੇਂ ਸਮੇਂ ‘ਤੇ ਲੋਕਾਂ ਦੇ ਸੁਝਾਵਾਂ ਅਨੁਸਾਰ ਸੁਧਾਰੇ ਜਾਂਦੇ ਹਨ। ਪਹਿਲਾਂ ਇਹ ਕੀਬੋਰਡ ਗਲੋਬਲ ਪੰਜਾਬੀ ਸਾਈਟ ਤੋਂ ਡਾਊਨਲੋਡ ਕੀਤੇ ਜਾਂਦੇ ਸੀ। ਕੀਬੋਰਡ ਦੀ ਲੋੜ ਨੂੰ ਵਿਸ਼ੇਸ਼ ਧਿਆਨ ਦੇਣ ਅਤੇ ਵਰਤੋਂਕਾਰਾਂ ਦੀ ਵਧੇਰੇ ਸਹੂਲਤ ਲਈ ਇਸ ਸਾਲ (2025) ਤੋ ਇਨ੍ਹਾਂ ਲਈ ਪੰਜਾਬੀਕੀਬੋਰਡ ਡੌਟ ਕੌਮ (https://PunjabiKeyboard.com/) ਨਾਂ ਦੀ ਇਕ ਵੱਖਰੀ ਸਾਈਟ ਬਣਾਈ ਗਈ ਹੈ।

ਗਲੋਬਲ ਪੰਜਾਬੀ ਸਾਈਟ ਉੱਤੇ ਹਰਵੰਤ ਸ਼ੁਰੂ ਤੋਂ ਹੀ ਲੱਗਿਆ ਹੋਇਆ ਹੈ। ਕਦੇ ਉਸਦਾ ਸਾਰਾ ਧਿਆਨ ਆਪਣੇ ਕੰਮ (ਜੌਬ)




ਵੱਲ ਹੋ ਜਾਂਦਾ ਰਿਹਾ ਹੈ ਅਤੇ ਫਿਰ ਵਿਹਲੇ ਪਲਾਂ ਵਿਚ ਉਹ ਮੁੜ ਗਲੋਬਲ ਪੰਜਾਬੀ ਵੱਲ ਪਰਤ ਆਉਂਦਾ ਰਿਹਾ ਹੈ। ਹਰਵੰਤ ਤੋਂ ਇਲਾਵਾ, ਮੋਢੀਆਂ ਵਜੋਂ ਇਸ ਸਾਈਟ ਵਿਚ ਮੈਂ ਖ਼ੁਦ, ਜੋ ਕਿ ਕੰਪਿਊਟਰ ਨਾਲ਼ ਸ਼ੌਕੀਆ ਜੁੜਿਆ ਹੋਇਆ ਹਾਂ, ਅਤੇ ਰਾਜਵੰਤ (ਜਿਸ ਕੋਲ ਕੰਪਿਊਟਰ ਸਾਇੰਸ ਦੀ ਯੋਗਤਾ ਹੈ) ਹਿੱਸਾ ਪਾ ਰਹੇ ਹਾਂ। ਮੇਰੇ ਸਭ ਤੋਂ ਵੱਡੇ ਬੇਟੇ ਨਰਵੰਤ, ਜੋ ਕਿ ਇਲੈਕਟ੍ਰੀਕਲ ਇੰਜਨੀਅਰ ਅਤੇ ਆਟੋਮੇਸ਼ਨ ਐਕਸਪਰਟ ਹੈ, ਦਾ ਯੋਗਦਾਨ ਮੈਂ ਸਭ ਤੋਂ ਵੱਧ ਸਮਝਦਾ ਹਾਂ। ਕਿਉਂਕਿ ਹਰਵੰਤ ਅਤੇ ਮੈਨੂੰ ਕੰਪਿਊਟਰ ਦੇ ਰਾਹ ਤੋਰਨ ਵਾਲ਼ਾ ਓਹੀ ਹੈ। ਉਸ ਨੇ ਸਾਲ 1991 ਵਿਚ ਵੀ ਆਪਣੇ ਘਰ ਕੰਪਿਊਟਰ ਰੱਖਿਆ ਹੋਇਆ ਸੀ। ਉਨ੍ਹਾਂ ਦਿਨਾਂ ਵਿਚ ਇਹ ਬਹੁਤ ਮਹਿੰਗੇ ਸਨ। ਘਰ ਕੰਪਿਊਟਰ ਹੋਣਾ ਬੜੀ ਵੱਡੀ ਗੱਲ ਸੀ, ਜੋ ਅੱਜ ਵਾਂਗ ਪ੍ਰਚੱਲਤ ਨਹੀਂ ਸਨ। ਮੇਰੇ ਕੰਪਿਊਟਰ ਸਿੱਖਣ ਵਿਚ ਅਸਲ ‘ਚ ਉਸਦੀ ਹੀ ਉਸਤਾਦੀ ਕੰਮ ਆਈ ਹੈ। ਉਸਦੇ ਕਥਨ ਕਿ ਕੰਪਿਊਟਰ ਕੋਈ ਛੂਈ-ਮੂਈ ਯੰਤਰ ਨਹੀਂ ਜੋ ਕਿਸੇ ਦੇ ਹੱਥ ਲਾਇਆਂ ਹੀ ਖਰਾਬ ਹੋ ਜਾਏਗਾ, ਮੈਨੂੰ ਅੱਜ ਵੀ ਯਾਦ ਹਨ। ਨਰਵੰਤ ਨੇ ਕਹਿਣਾ ਕਿ ਕੰਮ ਕਰਦਿਆਂ ਇਹ ਵੱਧ ਤੋਂ ਵੱਧ ਸਟੱਕ ਕਰ ਜਾਇਗਾ। ਜਦੋਂ ਬੰਦ ਕਰ ਕੇ ਦੋਬਾਰਾ ਚਲਾਓਗੇ, ਮੁੜ ਸਹੀ ਕੰਮ ਕਰੇਗਾ।

ਹੁਣ ਜਦੋਂ ਹਰਵੰਤ ਉੱਤੇ ਕੰਮ ਦਾ ਭਾਰ ਕੁੱਝ ਹਲਕਾ ਹੋ ਰਿਹਾ ਹੈ ਉਸਨੇ ਇਸ ਸਾਈਟ ਵੱਲ ਹੋਰ ਵੱਧ ਧਿਆਨ ਦੇਣਾ ਆਰੰਭ ਕਰ ਦਿੱਤਾ ਹੈ। ਉਸ ਵਿਚ ਦ੍ਰਿੜ੍ਹਤਾ ਨਾਲ਼ ਕੰਮ ਕਰਨ ਦੀ ਰੁਚੀ ਹੈ, ਕਮਾਲ ਦੀ ਲੰਮੀ ਨਦਰਿ ਹੈ, ਪਰਪੱਕ ਇੱਛਾ ਸ਼ਕਤੀ ਹੈ, ਅਤੇ ਸਮੇਂ ਨਾਲ਼ ਆਰਥਿਕ ਸਮਰੱਥਾ ਵੀ ਆ ਗਈ ਹੈ। ਉਸ ਨੇ ਮੇਰੇ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਸਦਾ ਹੀ ਭਰਪੂਰ ਯੋਗਦਾਨ ਪਾਇਆ ਹੈ ਅਤੇ ਅੱਗੇ ਨੂੰ ਵੀ ਮੇਰੇ ਸੁਪਨਿਆਂ ਨੂੰ ਪੂਰਿਆਂ ਕਰੇਗਾ। ਇਹ ਮੈਨੂੰ ਆਸ ਹੈ। ਮੇਰੇ ਬਹੁਤੇ ਸੁਪਨੇ ਗੁਰਮੁਖੀ ਅਤੇ ਸ਼ਾਹਮੁਖੀ ਕੰਪਿਊਟਰ ਦੇ ਵਿਕਾਸ ਸਬੰਧੀ ਹੀ ਹਨ। ਜਿਵੇਂ ਕਿ:

1. ਟਾਈਪ ਕਰਤਾ ਗੁਰਮੁਖੀ ਅਤੇ ਸ਼ਾਹਮੁਖੀ ਵਿਚ ਟਾਈਪ ਕਰਨ ਨੂੰ ਔਖਾ ਕੰਮ ਨਾ ਸਮਝੇ ਸਗੋਂ ਇਨ੍ਹਾਂ ਲਿੱਪੀਆਂ ਵਿਚ ਟਾਈਪ ਕਰਨ ਨੂੰ ਆਪਣੇ ਘਰ ਵਾਂਗ ਭਾਵ ਆਪਣੀ ਰੁਚੀ ਵਿਚ ਹੀ ਰਚਿਆ ਸਮਝੇ। ਇਸ ਕਾਰਜ ਵਿਚ ਢੁਕਵਾਂ ਕੀਅਬੋਰਡ ਲੇਆਊਟ ਬਹੁਤ ਸਹਾਈ ਹੋ ਸਕਦਾ ਹੈ। ਤੇ ਇਸ ਸੁਪਨੇ ਦੀ ਪੂਰਤੀ ਲਈ ਪੂਰੇ ਵਿਸਥਾਰ ਨਾਲ਼ ਗੁਰਮੁਖੀ, ਸ਼ਾਹਮੁਖੀ, ਦੇਵਨਾਗਰੀ (ਤਿੰਨਾਂ ਵਿਚ ਥੋੜ੍ਹੀ ਬਹੁਤੀ ਅੰਗਰੇਜ਼ੀ ਟਾਈਪ ਕਰਨ ਦੀ ਸਮਰੱਥਾ ਵੀ।) ਵਿਉਂਤੀ ਗਈ ਹੈ। ਤੁਹਾਡੀ ਇੱਛਾ ਅਨੁਸਾਰ ਇਨ੍ਹਾਂ ਕੀਅਬੋਰਡ ਲੇਆਊਟਾਂ ਵਿਚ ਹੋਰ ਸੁਧਾਰ ਵੀ



ਹੋ ਸਕਦਾ ਹੈ ਜਾਂ ਮੂਲੋਂ ਹੀ ਨਵਿਆਂ ਦੀ ਹੋਂਦ ਦੇ ਕੇ ਤੁਹਾਡੀ ਲੋੜ ਪੂਰੀ ਕੀਤੀ ਜਾ ਸਕਦੀ ਹੈ। ਕੇਵਲ ਤੁਹਾਡੀ ਇੱਛਾ ਸਾਡੇ ਕੋਲ਼ ਪਹੁੰਚਣੀ ਚਾਹੀਦੀ ਹੈ।

2. ਗੁਰਮੁਖੀ ਅਤੇ ਸ਼ਾਹਮੁਖੀ ਲਿਖਤਾਂ ਦਾ ਮਿਆਰੀਕਰਨ ਅਰੰਭਿਆ ਜਾਏ। ਲੋੜੀਂਦੇ ਮਿਆਰੀਕਰਨ ਦਾ ਟੀਚਾ ਪ੍ਰਾਪਤ ਕਰਨ ਲਈ ਸਮਾਂ ਲੱਗ ਸਕਦਾ ਹੈ। ਸਦੀਵੀ ਮਿਆਰੀਕਰਨ ਸੰਭਵ ਹੀ ਨਹੀਂ ਕਿਉਂਕਿ ਬ੍ਰਹਿਮੰਡ ਦੀ ਹਰ ਚੀਜ਼ ਬਦਲਣਹਾਰ ਹੈ ਤੇ ਭਾਸ਼ਾਵਾਂ ਦਾ ਮਿਆਰੀਕਰਨ ਵੀ ਤਰਲ ਵਸਤੂ ਹੈ। ਸਮਿਆਂ ਨਾਲ਼ ਇਨ੍ਹਾਂ ਵਿਚ ਸੋਧਾਂ ਹੁੰਦੀਆਂ ਹੀ ਰਹਿਣਗੀਆਂ। ਪਰ ਮਿਆਰੀਕਰਨ ਦਾ ਅਰੰਭੀਕਰਨ ਅਤੇ ਇਸਦਾ ਛੋਟਾ ਜਾਂ ਵੱਡਾ ਟੀਚਾ ਤਾਂ ਪ੍ਰਾਪਤ ਕੀਤਾ ਹੀ ਜਾ ਸਕਦਾ ਹੈ।

ਹਰ ਲਿਖਾਰੀ ਦੀ ਸੋਚ ਉਡਾਰੀ ਤੇ ਪ੍ਰਗਟਾਅ ਦੀ ਵਿਧੀ ਅਤੇ ਸਮਰੱਥਾ ਆਪੋ ਆਪਣੀ ਹੀ ਰਹੇਗੀ। ਕੋਈ ਵੀ ਤਾਕਤ ਇਸ ਨੂੰ ਮੋਤੀਆਂ ਵਾਂਗ ਇੱਕੋਂ ਮਾਲ਼ਾ ਵਿਚ ਨਹੀਂ ਪ੍ਰੋਅ ਸਕਦੀ। ਹਰ ਵਿਅਕਤੀ ਦਾ ਹੀ ਕੁੱਝ ਨਾ ਕੁੱਝ ਤਾਂ ਆਪਣਾ ਹੋਣਾ ਹੀ ਚਾਹੀਦਾ ਹੈ। ਆਪਣੀ ਸ਼ੈਲੀ, ਆਪਣੇ ਗਿਆਨ ਦੀ ਵਿਸ਼ਾਲਤਾ, ਆਪਣੇ ਰਹਿਣ-ਸਹਿਣ ਦੀ ਮੋਹਰ, ਆਪਣੇ ਇਲਾਕੇ ਅਤੇ ਸੱਭਿਆਚਾਰ ਦੀ ਭਾਅ। ਅਗਲਾ ਕੰਮ ਕੰਪਿਊਟਰ ਦਾ ਹੈ ਜੋ ਉਪਰੋਕਤ ਗੁਣਾਂ ਨੂੰ ਧਿਆਨ ਵਿਚ ਰੱਖਦਿਆਂ ਸਾਰੀਆਂ ਰਚਨਾਵਾਂ ਨੂੰ ਮਿਆਰੀਕਰਨ ਦਾ ਜੋੜਾ ਜਾਮਾ ਪਹਿਨਾ ਸਕਦਾ ਹੈ। ਰਚਨਾ ਆਈ, ਕੰਪਿਊਟਰ ਦੀ ਕਲਾ ਦਬਾਈ, ਬੱਸ ਹੋ ਗਈ ਮਿਆਰੀਕਰਨ ਦੀ ਘੁੰਡ ਚੁਕਾਈ। ਤੇ ਚੱਲ ਮੇਰੇ ਭਾਈ। ਕੰਪਿਊਟਰ ਲਈ ਇਹ ਸਭ ਕੁੱਝ ਸੰਭਵ ਹੈ। ਮੇਰੇ ਦਿਮਾਗ ਵਿਚ ਇਸਦਾ ਨਕਸ਼ਾ ਵੀ ਉਲੀਕਿਆ ਹੋਇਆ ਹੈ। ਮੈਂ ਤੇ ਕਿਸਦਾ ਪਾਣੀਹਾਰਾ ਹਾਂ। ਸੱਚੀ ਗੱਲ ਤਾਂ ਇਹ ਹੈ ਕਿ ਪ੍ਰੋਗਰਾਮਰ ਧੀਂਗ ਤੋਂ ਧੀਂਗ ਪਏ ਹਨ। ਉਹ ਸਭ ਕੁੱਝ ਕਰ ਸਕਦੇ ਹਨ। ਅਤੇ ਕਰਨਗੇ, ਇਹ ਮੇਰਾ ਯਕੀਨ ਹੈ। ਕੇਵਲ ਇਸ ਦੀ ਮੰਗ ਹੋਣੀ ਚਾਹੀਦੀ ਹੈ। ਵਪਾਰ ਮੰਗ ਦੇ ਅਧਾਰ ਉੱਤੇ ਚੱਲਦਾ ਹੈ। ਜੇ ਗਾਹਕ ‘ਚੱਲ ਹੋਊ’ ਕਹਿ ਕੇ ਸਾਰ ਲੈਣਗੇ, ਫਿਰ ਪੇਸ਼ ਕਰਨ ਵਾਲ਼ੇ ਨੂੰ ਕੀ ਲੋੜ ਹੈ ਉਹ ਇੱਕ ਵੀ ਦਮੜੀ ਹੋਰ ਖਰਚੇ ਅਤੇ ਇੱਕ ਵੀ ਪਲ ਏਧਰ ਚੰਗੇ ਪਾਸੇ ਲਾਏ।

ਅੰਤ ਵਿਚ ਮੇਰੀ ਸਾਰੇ ਲੇਖਕਾਂ ਨੂੰ ਬੇਨਤੀ ਹੈ ਕਿ ਆਪਣੀਆਂ ਰਚਨਾਵਾਂ ਗਲੋਬਲਪੰਜਾਬੀ ਡੌਟ ਕਾਮ ਨੂੰ ਭੇਜਣ ਦੀ ਕਿਰਪਾਲਤਾ ਕਰੋ ਅਤੇ ਪੰਜਾਬੀ ਸ਼ਾਹਮੁਖੀ ਦੇ ਵਿਕਾਸ ਵਿਚ ਆਪਣਾ ਕੀਮਤੀ ਯੋਗਦਾਨ ਪਾਓ। ਤੁਹਾਡੀਆਂ ਰਚਨਾਵਾਂ ਗੁਰਮੁਖੀ ਦੇ ਨਾਲ਼-ਨਾਲ਼ ਸ਼ਾਹਮੁਖੀ ਅਤੇ ਦੇਵਨਾਗਰੀ ਵਿਚ ਵੀ ਪੜ੍ਹੀਆਂ ਜਾ ਸਕਣਗੀਆਂ। ਸ਼ਾਹਮੁਖੀ ਵਿਚ ਉਰਦੂ ਵਿਦਵਾਨਾਂ ਦੀ ਸੋਚ ਅਨੁਸਾਰ ਖਾਸ ਕਰਕੇ ਸਾਡਾ ਕਨਵਰਸ਼ਨ ਪ੍ਰਬੰਧ ਸ਼ਾਇਦ ਖਰਾ ਨਾ ਉੱਤਰੇ। ਪਰ ਇਹ ਤੁਹਾਡੇ ਵਿਚਾਰਾਂ ਦਾ ਸੰਚਾਰ ਪੂਰੀ ਯੋਗਤਾ ਨਾਲ਼ ਕਰੇਗਾ। ਅਸੀਂ ਸ਼ਾਹਮੁਖੀ ਵਿਚ ਬਣਦੀਆਂ ਸਾਰੀਆਂ ਮਾਤਰਾਵਾਂ ਲਾਉਣ ਦੇ ਧਾਰਨੀ ਹਾਂ। ਦਰੁਸਤੀ ਸੰਖੇਪਤਾ ਤੋਂ ਹਮੇਸ਼ਾ ਮੀਰੀ ਰਹਿੰਦੀ ਹੈ। ਹੁਣ ਤਾਂ ਸ਼ਾਹਮੁਖੀ ਵਿਚ ਵਰਤੀ ਜਾਂਦੀ ਸੰਖੇਪਤਾ ਦੀ ਲੋੜ ਵੀ ਨਹੀਂ। ਕਿਤਾਬਾਂ ਨੂੰ ਕਾਤਿਬ ਨਹੀਂ ਲਿਖਦੇ ਸਗੋਂ ਕੰਪਿਊਟਰ ਛਾਪਦੇ ਹਨ। ਜੋ ਜ਼ੇਰ ਜ਼ਬਰ ਨੂੰ ਅੱਗੇ ਪਿੱਛੇ ਨਹੀਂ ਹੋਣ ਦਿੰਦੇ ਸਗੋਂ ਠੀਕ ਠਿਕਾਣੇ ਸਿਰ ਪਾਉਂਦੇ ਹਨ। ਸਮੇਂ ਨਾਲ਼ ‘ਤੇ-ਤੋਏ’ ਦੀਆਂ ਲੋੜਾਂ ਕੰਪਿਊਟਰ ਨੇ ਆਪੇ ਹੀ ਸੋਧ ਲੈਣੀਆਂ ਹਨ। ਪੂਰੀ ਤਿਆਰੀ ਲਈ ਹਰ ਉਸਾਰੀ ਸਮੇਂ ਦੀ ਵਾਰੀ ਦੇ ਅਧੀਨ ਹੈ।

ਪਾਠਕਾਂ ਨੂੰ ਬੇਨਤੀ ਹੈ ਕਿ ਰਚਨਾਵਾਂ ਨੂੰ ਪੜ੍ਹ ਕੇ ਆਪਣੇ ਵਿਚਾਰ ਸਾਂਝੇ ਕਰੋ। ਤਾਂ ਕਿ ਗਲੋਬਲਪੰਜਾਬੀ ਨੂੰ ਤੁਹਾਡੀ ਆਸ ਦੇ ਅਨੁਸਾਰ ਦਿਸ਼ਾ ਦਿੱਤੀ ਜਾ ਸਕੇ।

ਬਹੁਤ ਸਾਰੇ ਅਖ਼ਬਾਰਾਂ ਦੀ ਇਹ ਇੱਛਾ ਹੁੰਦੀ ਹੈ ਕਿ ਰਚਨਾ ਕੇਵਲ ਉਨ੍ਹਾਂ ਨੂੰ ਹੀ ਭੇਜੀ ਜਾਵੇ ਅਤੇ ਉਸਨੂੰ ਕੋਈ ਹੋਰ ਨਾ ਵਰਤ ਸਕੇ। ਉਨ੍ਹਾਂ ਦੀ ਮੰਗ ਵਾਜਬ ਹੈ, ਜਿਸਦਾ ਸਤਿਕਾਰ ਹੋਣਾ ਚਾਹੀਦਾ ਹੈ। ਪਰ ਗਲੋਬਲਪੰਜਾਬੀ, ‘ਪਹਿਲੇ ਮੈਂ ਜਾਂ ਇਸਦਾ ਲਾਭ ਕਿਸੇ ਹੋਰ ਨੂੰ ਨਹੀਂ’ ਦੀ ਇੱਛਾ ਨਹੀਂ ਰੱਖਦਾ। ਇਹ ਤਾਂ ਬਣਿਆ ਹੀ ਸੇਵਾ ਲਈ ਹੈ। ਇਸ ਵਿਚਲੀ ਸਮੱਗਰੀ ਦਾ ਰੱਜ ਕੇ ਲਾਭ ਉਠਾਓ ਅਤੇ ਧੰਨਵਾਦੀ ਬਣਾਓ।

## ‘ਔਰਤ ਦਿਵਸ’ ਤੇ ਵਿਸ਼ੇਸ਼: ਅਬਲਾ ਨਾ ਸਮਝ ਬੈਠੀਂ!

ਮੈਂ ਤਾਂ ਪਿਤਾ ਦਸਮੇਸ਼ ਦੀ ਹਾਂ ਬੱਚੀ,
ਮੈਨੂੰ ਮੋਮ ਦੀ ਗੁੱਡੀ ਨਾ ਜਾਣ ਬੀਬਾ।
ਮੈਨੂੰ ਭੁੱਲ ਕੇ ਅਬਲਾ ਨਾ ਸਮਝ ਬੈਠੀਂ,
ਮੇਰੀ ਸ਼ਕਤੀ ਤੋਂ ਹੈਂ ਅਨਜਾਣ ਬੀਬਾ।

ਕਦੇ ਮਾਂ ਗੁਜਰੀ, ਕਦੇ ਬਣੀ ਭਾਨੀ,
ਮਾਈ ਭਾਗੋ ਦਾ ਬਣੀ ਕਿਰਦਾਰ ਹਾਂ ਮੈਂ।
ਕਦੇ ਸ਼ਰਨ ਕੌਰ ਬਣ, ਢੋਅ ਲਾਸ਼ਾਂ,
ਸ਼ਹੀਦ ਸਿੰਘਾਂ ਦਾ ਕਰਦੀ ਸਸਕਾਰ ਹਾਂ ਮੈਂ।
ਮੇਰਾ ਮਨ ਨੀਵਾਂ ਐਪਰ ਮੱਤ ਉੱਚੀ,
ਕਿਹੜੀ ਮੈਂ ਪੜ੍ਹਾਈ ਨਹੀਂ ਪੜ੍ਹ ਸਕਦੀ।
ਲੋੜ ਪਏ ਤਾਂ ਮੋਢੇ ਨਾਲ ਜੋੜ ਮੋਢਾ,
ਮੈਂ ਤਾਂ ਜੰਗ ਮੈਦਾਨੇ ਵੀ ਖੜ੍ਹ ਸਕਦੀ।

ਰਹੀ ਯੁਗਾਂ ਤੋਂ ਮਮਤਾ ਦੀ ਹਾਂ ਮੂਰਤ,
ਜਿਹੜੀ ਘਰ ਸੰਸਾਰ ਵਸਾ ਸਕਦੀ।
ਲੋੜ ਪਏ ਤਾਂ ਸਿੱਖੀ ਤੋਂ ਵਾਰ ਮਮਤਾ,
ਟੋਟੇ ਜਿਗਰ ਦੇ ਟੋਟੇ ਕਰਵਾ ਸਕਦੀ।
ਕੀ ਕਰੇਂਗਾ ਮਹਿਲਾਂ ਚੁਬਾਰਿਆਂ ਨੂੰ,
ਮੇਰੇ ਬਾਝੋਂ ਇਹ ਘਰ ਮਕਾਨ ਰਹਿਣੈ।
‘ਕੱਲਾ ਨਹੀਂ ਤੂੰ ਦੁਨੀਆਂ ਵਸਾ ਸਕਦਾ,
ਮੇਰੀ ਹੋਂਦ ਦੇ ਨਾਲ ਜਹਾਨ ਰਹਿਣੈ।

ਸਾਂਭ ਰੱਖਿਆ ਘਰ ਪਰਿਵਾਰ ਤੇਰਾ,
ਤੇਰੀ ਸ਼ਕਤੀ ਤੇ ਤੇਰਾ ਪਿਆਰ ਹਾਂ ਮੈਂ।
ਮੇਰੇ ਕਾਰਨ ਉਡਾਰੀਆਂ ਲਾਈ ਜਾਵੇਂ,
ਤੇਰੇ ਘਰ ਦਾ ਬਣੀ ਸ਼ਿੰਗਾਰ ਹਾਂ ਮੈਂ।
ਮੈਂ ਤਾਂ ਜਨਮ ਦਾਤੀ ਰਾਜੇ ਰਾਣਿਆਂ ਦੀ,
ਬਾਬੇ ਨਾਨਕ ਨੇ ਮੈਨੂੰ ਖਿਤਾਬ ਦਿੱਤਾ।
ਤੂੰ ਤਾਂ ਪੈਰ ਦੀ ਜੁੱਤੀ ਹੀ ਸਮਝ ਛੱਡਿਆ,
ਮੈਨੂੰ ਪੈਰਾਂ ‘ਚ ਰੋਲ਼ ਜਨਾਬ ਦਿੱਤਾ।
ਭਾਵੇਂ ਸਬਰ ਸੰਤੋਖ ਦੀ ‘ਦੀਸ਼’ ਮੂਰਤ,
ਲੇਕਿਨ ਫੁੱਲ ਹੀ ਨਹੀਂ ਫੌਲਾਦ ਹਾਂ ਮੈਂ।
ਲਿਖਿਆ ਪਿੱਠ ਤੇ ਗਿਆ ਇਤਿਹਾਸ ਮੇਰਾ,
ਸਾਹਿਬ ਕੌਰ ਦੀ ਨੇਕ ਔਲਾਦ ਹਾਂ ਮੈਂ।

*-ਗੁਰਦੀਸ਼ ਕੌਰ ਗਰੇਵਾਲ*

# ਖੁੰਢ ਚਰਚਾ: ‘ਸੱਥ’

ਫੱਗਣ ਦੀਆਂ ਕੋਸੀਆਂ ਕੋਸੀਆਂ ਧੁੱਪਾਂ ਵਿਚ ਹਰ ਇੱਕ ਦਾ ਦਿਲ ਧੁੱਪ ਸੇਕਣ ਨੂੰ ਕਰਦਾ ਹੈ। ਕਣਕਾਂ ਨਿਸਰੀਆਂ ਹੋਣ, ਕਮਾਦ ਮੁੱਕਣ ‘ਤੇ ਆਏ ਹੋਣ, ਸਰ੍ਹੋਂ ਦੇ ਫੁੱਲ ਆਪਣਾ ਸੁਹੱਪਣ ਵੰਡ ਰਹੇ ਹੋਣ, ਹਰੇ ਹਰੇ ਬਰਸੀਮ ਦੀ ਫ਼ਿਜ਼ਾ ਵਿਚ ਘੁਲਦੀ ਖੁਸ਼ਬੂ ਪੇਂਡੂ ਬਜ਼ੁਰਗਾਂ ਨੂੰ ਕਿੱਥੇ ਘਰ ਬਹਿਣ ਦੇਂਦੀ ਹੈ। ਸਾਰੇ ਪਿੰਡ ਦੇ ਬਜ਼ੁਰਗ, ਅੱਧਖੜ, ਅਤੇ ਕੰਨਾਂ ਦੇ ਰਸੀਏ ਕੁਝ ਗੱਭਰੂ ਵੀ ਮੱਲੋਮੱਲੀ ਢਾਣੀ ਵਿਚ ਆ ਢੁਕਦੇ ਹਨ। ਇਸੇ ਤਰ੍ਹਾਂ ਹੀ ਅੱਜ ਹੋਇਆ। ਕੁਝ ਬੰਦੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਹੋਈ ਗੜੇਮਾਰੀ ਅਤੇ ਸਰਕਾਰ ਵੱਲੋਂ ਕੀਤੀ ਅਣਦੇਖੀ ਦੇ ਚਰਚੇ



**ਹਰਦੀਪ ਸਿੰਘ ਸੋਢੀ**
**ਫੋਨ: 480-794-0325**

ਕਰ ਰਹੇ ਸਨ ਅਤੇ ਕੋਈ ਗੁਰਦਾਸਪੁਰ ਜ਼ਿਲ੍ਹੇ ਵਿਚੋਂ ਲੰਘਦੇ ਰਵੀ ਦਰਿਆ ਵੱਲੋਂ ਮਚਾਈ ਤਬਾਹੀ ਦੇ ਚਰਚੇ ਕਰ ਰਿਹਾ ਸੀ... ਇੱਕ ਨੇ ਗੱਲ ਛੇੜੀ ਕਹਿੰਦਾ ਸਰਕਾਰ ਨੇ ਹੁਣ ਨਸ਼ਾ ਤਸਕਰਾਂ ਦੇ ਘਰ ਢਾਹੁਣੇ ਸ਼ੁਰੂ ਕਰ ਦਿੱਤੇ। ਸ਼ਾਇਦ ਹੁਣ ਪੰਜਾਬ ਦੇ ਦਿਨ ਬਦਲ ਜਾਣ। ਬਾਬਾ ਕਿਸ਼ਨ ਸਿਹੁੰ ਕਹਿਣ ਲੱਗਾ ਭਾਈ ਇਹ ਤੁਹਾਨੂੰ ਨਿੱਪਲ ਦੇਣ ਵਾਲੀ ਕਾਰਵਾਈ ਹੈ ਜਿਨ੍ਹਾਂ ਦੇ ਸਿਰ ‘ਤੇ ਦਸ-ਦਸ ਕੇਸ ਨੇ, ਉਹ ਫੇਰ ਵੀ ਜ਼ਮਾਨਤ ‘ਤੇ ਆ ਕੇ ਨਸ਼ੇ ਵੇਚਦੇ ਹੋਣ ਉਨ੍ਹਾਂ ਨੂੰ ਜ਼ਮਾਨਤ ਕੌਣ ਦੇਂਦਾ ਹੈ। ਕਿਸੇ ਜੱਜ ਦਾ ਘਰ ਵੀ ਢਾਹੁਣਗੇ ਜਾਂ ਢਿੱਲਾ ਪਰਚਾ ਦੇਣ ਵਾਲੇ ਪੁਲਸੀਏ ਤੋਂ ਵੀ ਪੁੱਛ ਗਿੱਛ ਹੋਵੇਗੀ?

ਬਖਤੌਰ ਸਿੰਘ ਕਹਿੰਦਾ ਯਾਰ ਛੱਡੋ ਇਨ੍ਹਾਂ ਗੱਲਾਂ ਨੂੰ ਗੱਲ ਕਰੋ ਹੁਣ ਦਿੱਲੀ ਵਾਲਿਆਂ ਦੀ ਜਿਨ੍ਹਾਂ ਨੇ ਨਵਾਂ ਈ ਸੱਪ ਕੱਢ ਦਿੱਤਾ! ਯੂਪੀ ਵਾਲਿਆਂ ਦਾ ਬਾਬਾ ਇੰਦਰ ਸਿੰਘ ਕਹਿੰਦਾ ਉਨ੍ਹਾਂ ਕੀ ਸੱਪ ਕੱਢ ਦਿੱਤਾ? ਬਖਤੌਰ ਕਹਿੰਦਾ ਦਿੱਲੀ ਆਲੇ ਆਂਹਦੇ ਬਈ ਪੰਦਰਾਂ ਸਾਲ ਤੋਂ ਪੁਰਾਣੀਆਂ ਗੱਡੀਆਂ ਨਹੀਂ ਚੱਲਣ ਦੇਣੀਆਂ ਉਨ੍ਹਾਂ ਵਿਚ ਤੇਲ ਈ ਨਹੀਂ ਪਾਉਣਾ! ਹੱਛਾ ਹਾਅ ਤਾਂ ਬਈ ਬਾਹਲਾ ਲੋਹੜਾ ਮਾਰਿਆ ਮੋਦੀ ਕਿਆਂ ਨੇ ਕੀ ਬਣੂੰ ਆਪਣੇ ਲੋਕਾਂ ਦਾ। ਬਾਬੇ ਨਾਜ਼ਰ ਸਿੰਘ ਨੇ ਹਾਂ ਵਿਚ ਹਾਂ ਰਲਾਈ! ਮਾਸਟਰ ਜੀ ਕਹਿੰਦੇ ਬਖਤੌਰ ਸਿੰਹਾਂ ਤੇਰੀ ਗੱਲ ਤਾਂ ਜਮ੍ਹਾਂ ਠੀਕ ਹੈ ਮੈਂ ਵੀ ਅਖ਼ਬਾਰ ਪੜ੍ਹੀ ਅੱਜ ਈ ਪਰ ਇਹ ਐਲਾਨ ਦਿੱਲੀ ਵਾਸਤੇ ਐ ਆਪਣੇ ਵਾਸਤੇ ਨਹੀਂ, ਬਖਤੌਰ ਨੇ ਚੰਗੇ ਗੋਲਕੀਪਰ ਵਾਂਗ ਗੱਲ ਫ਼ੜੀ ਤੇ ਕਹਿਣ ਲੱਗਾ ਮਾਸਟਰ ਜੀ ਗੱਲ ਥੋਡੀ ਵੀ ਠੀਕ ਹੈ ਪਰ ਇਹ ਸਰਕਾਰ ਬਹੁਤ ਤੇਜ਼ ਹੈ। ਦਿੱਲੀ ਦੀਆਂ ਦੋਵੇਂ ਚੋਣਾਂ ਹੁਣੇ ਹੋ ਕੇ ਹਟੀਆਂ ਨੇ ਇਥੋਂ ਇਸ ਕਰਕੇ ਬਿਸਮਿਲਾ ਬੋਲਿਆ ਕਿ ਪੰਜ ਸਾਲ ਏਥੇ ਕੋਈ ਲੋੜ ਨਹੀਂ ਬਾਕੀ ਥਾਵਾਂ ‘ਤੇ ਇਲੈਕਸ਼ਨ ਦਾ ਘੁੱਗੂ ਵੱਜਿਆ ਲਓ ਪਹਿਲਾਂ ਬਿਹਾਰ, ਫਿਰ ਬੰਗਾਲ ਆਉਂਦੇ ਡੂਢ ਸਾਲ ਤੱਕ ਪੰਜਾਬ, ਯੂਪੀ ਸਮੇਤ ਪੰਜ ਸੱਤ ਸੂਬਿਆਂ ਵਿਚ ਹੋਰ ਇਲੈਕਸ਼ਨ ਆਈ ਖੜੋਤੀ ਐ। ਇਨ੍ਹਾਂ ਸੂਬਿਆਂ ਵਿਚ ਗੱਡੀਆਂ ਬੰਦ ਕਰ ਕੇ ਸੱਪ ਦੀ ਖੁੱਡ ਵਿਚ ਕੌਣ ਹੱਥ ਪਾਊ? ਨਾਲੇ ਦਿੱਲੀ ਤੋਂ ਗਲ ਵਿਚ ਪਿਆ ਹੋਇਆ ਜੂਲਾ ਵੇਖ ਕੇ ਬਾਕੀ ਸੂਬੇ ਵੀ ਵੇਖੋ ਵੇਖੀ ਪਵਾ ਲੈਣ ਗੇ...।

ਮਾਸਟਰ ਜੀ ਫਿਰ ਬੋਲੇ, “ਵੇਖ ਬਾਈ ਬਖਤੌਰ ਸਿੰਹਾਂ ਮੈਂ ਤੇਰੀ ਗੱਲ ਨਾਲ ਪੂਰਾ ਸਹਿਮਤ ਹਾਂ ਅਗਲਿਆਂ ਨੇ ਸੋਚਿਆ ਇਹੋ ਹੋਣਾ ਹੈ ਪਰ ਇਹ ਵਿਸ਼ਵ ਭਰ ਵਿਚੋਂ ਨਿਵੇਕਲੀ ਗੱਲ ਸੰਭਵ ਕਿਵੇਂ ਹੋਊ। ਇਹ ਕੰਮ ਤਾਂ ਉਨ੍ਹਾਂ ਦੇਸ਼ਾਂ ਵਿਚ ਨਹੀਂ ਹੋਇਆ ਜਿਨ੍ਹਾਂ ਨੂੰ ਪੱਦ ਆਉਂਦਾ ਹੈ ਤਾਂ ਬਾਕੀ ਦੇਸ਼ਾਂ ਨੂੰ ਦਸਤ ਲੱਗ ਉੱਠਦੇ ਹਨ। ਸਾਡਾ ਦੇਸ਼ ਤਾਂ ਉਨ੍ਹਾਂ ਸਾਹਮਣੇ ਕਿਥੇ ਖੜੋਂਦਾ ਹੈ। ਫਿਰ ਵੀ ਏਨਾ ਵੱਡਾ ਪੰਗਾ ਇਹ ਕੰਮ ਤਾਂ ਅਜੇ ਅਮਰੀਕਾ ਨੇ ਨਹੀਂ ਕੀਤਾ। ਉਥੇ ਭਾਵੇਂ ਸੌ ਸਾਲ ਪੁਰਾਣੀ ਕਾਰ ਚਲਾਈ ਫਿਰੋ। ਬੱਸ ਧੂੰਏਂ ਆਲਾ ਟੈਸਟ ਪਾਸ ਹੋਣਾ ਚਾਹੀਦਾ”। ਬਾਬਾ ਨਾਜਰ ਕਹਿੰਦਾ, “ਨਹੀਂ ਨਹੀਂ ਬੱਲਿਓ ਸਾਡਾ ਦੇਸ਼ ਏਨਾ ਗਰੀਬ ਨਹੀਂ। ਆਂਹਦੇ ਸਾਡੇ ਪ੍ਰਧਾਨ ਮੰਤਰੀ ਨੇ ਪਤਾ ਨਹੀਂ ਚੰਗੀ ਖਾਸੀ ਰਕਮ ਦੇ ਦੋ ਜਹਾਜ਼ ਖਰੀਦੇ ਐ। ਆਂਹਦੇ ਸੌਣ ਪੈਣ ਦੇ ਨਾਲ ਨਾਲ ਰੋਟੀ ਟੁੱਕ ਬਣਾਉਣ ਤੋਂ ਇਲਾਵਾ ਨਹਾਉਣ ਆਲਾ ਜਗਾੜ ਵੀ ਵਿੱਚੇ ਫਿੱਟ ਐ...।”

ਬਾਬੇ ਨਾਜਰ ਸਿਹੁੰ ਦੇ ਮੋਢੇ ’ਤੇ ਹੱਥ ਮਾਰ ਕੇ ਮਾਸਟਰ ਜੀ ਕਹਿੰਦੇ, “ਬਜ਼ੁਰਗੋ ਉਹ ਜਹਾਜ਼ ਆਪਣੇ ਉੱਡਣ ਨੂੰ ਤਾਂ ਲੈ ਲਏ ਪਰ ਪਬਲਿਕ ਵਾਸਤੇ ਕੋਈ ਨਵਾਂ ਜਹਾਜ਼ ਖਰੀਦੇ ਨੂੰ ਕਿੰਨੇ ਦਹਾਕੇ ਹੋਏ ਇਹ ਵੀ ਪੁੱਛਿਓ ਕਿਸੇ ਨੂੰ...। ਸਗੋਂ ਜਿਹੜੀ ਪੁਰਾਣੇ ਸਰਾਣੇ ਜਹਾਜ਼ਾਂ ਵਾਲੀ ਏਅਰਲਾਈਨ ਸੀ ਦੇਸ਼ ਕੋਲ ਉਹ ਵੀ ਵੇਚ ’ਤੀ ਅਗਲਿਆਂ ਨੇ...। ਸ਼ਾਇਦ ਹੀ ਕੋਈ ਐਸਾ ਦੇਸ਼ ਹੋਊ ਜਿਸ ਦੀ ਆਪਣੀ ਏਅਰਲਾਈਨ ਨਾ ਹੋਊ, ਨਾਲੇ ਦੇਸ਼ ’ਤੇ ਕਰਜ਼ਾ ਕਿੰਨੇ ਲੱਖ ਕਰੋੜ ਹੋਰ ਵਧ ਗਿਆ ਪਿਛਲੇ ਦਸਾਂ ਸਾਲਾਂ ਵਿਚ... ਸਾਨੂੰ ਗੱਡੀਆਂ ਤੋੜ ਕੇ ਦੇਸ਼ ਵਿਚ ਭੁੱਖ ਮਰੀ ਪਾਉਣ ਤੋਂ ਪਹਿਲਾਂ ਕਰਜ਼ਾ ਲਾਹੁਣ ਅਤੇ ਹੋਰ ਜ਼ਰੂਰੀ ਕੰਮਾਂ ਵੱਲ ਧਿਆਨ ਦੇਣਾ ਚਾਹੀਦਾ ਹੈ...।” ਏਨੇ ਨੂੰ ਬਿਸ਼ਨ ਸਿੰਘ ਨੇ ਖੀਸੇ ਵਿਚੋਂ ਤਾਸ਼ ਦੀ ਡੱਬੀ ਕੱਢੀ ਤੇ ਕਹਿਣ ਲੱਗਾ, “ਛੱਡੋ ਯਾਰ ਇਹ ਆਪਣੇ ਵੱਸ ਦਾ ਰੋਗ ਨਹੀਂ ਆਓ ਸੀਪ ਦੀ ਬਾਜ਼ੀ ਲਾਈਏ।

# 'ਬਾਪੂ ਪਾਰਸ ਜੀ' ਨੂੰ ਸੋਲ਼ਵੀਂ ਬਰਸੀ 'ਤੇ ਯਾਦ ਕਰਦਿਆਂ...

ਬਾਪੂ ਜੀ ਦਾ ਜਨਮ ਮਾਲਵੇ ਦੇ ਪਿੰਡ ਮਹਿਰਾਜ (ਬਠਿੰਡਾ) ਨਾਨਕੇ-ਘਰ 'ਚ ਹੋਇਆ। 'ਸੰਸਾਰਕ-ਪਿੱਪਲ' ਉੱਤੇ ਉਮਰ ਦੀ ਪਈ ਪੀਂਘ ਦੇ 92 ਸਾਲ 8 ਮਹੀਨੇ ਰੱਜ ਕੇ 'ਹੁਲਾਰੇ' ਲੈਂਦਿਆਂ-ਲੈਂਦਿਆਂ, ਅੱਜ ਤੋਂ ਸੋਲ਼ਾਂ-ਵਰ੍ਹੇ ਪਹਿਲਾਂ ਉਸਦੀ ਜ਼ਿੰਦਗੀ ਦੀ 'ਕਾਵਿਕ-ਲੱਜ' ਹਮੇਸ਼ਾ ਲਈ ਟੁੱਟ ਗਈ!

ਭਾਵੇਂ ਕਿ 'ਪਾਰਸ ਜੀ' ਦੇ ਜੀਵਨ, ਸ਼ਖ਼ਸੀਅਤ ਤੇ ਪ੍ਰਤਿਭਾ ਬਾਰੇ ਬਹੁਤ ਕੁਝ ਲਿਖਿਆ, ਪੜ੍ਹਿਆ, ਸੁਣਿਆ, ਸੁਣਾਇਆ ਤੇ ਖੋਜਿਆ ਗਿਆ ਹੈ, ਪਰ ਫਿਰ ਵੀ 'ਸੋਲ਼ਵੀਂ-ਬਰਸੀ' 'ਤੇ ਉਸਦੀ ਕਵੀਸ਼ਰੀ ਦੀ 'ਕਲਾ-ਕ੍ਰਿਤ' ਦਾ ਜ਼ਿਕਰ ਕਰਨਾ ਜ਼ਰੂਰੀ ਹੈ।

ਬਾਲ-ਉਮਰ ਵਿਚ ਹੀ ਉਨ੍ਹਾਂ ਦੇ ਜ਼ਿਹਨ ਵਿਚ ਕਲਾ ਦੀਆਂ ਨਿੱਕੀਆਂ-ਨਿੱਕੀਆਂ 'ਸੂਖ਼ਮ-ਤੁਈਆਂ' ਫੁਟਣ ਲੱਗ ਪਈਆਂ ਸਨ, ਤੁਕਾਂਤਿਕ-ਲਫ਼ਜ਼ਾਂ ਦੇ ਕਾਫ਼ੀਏ (Rhymes) ਨੂੰ ਜੋੜਨ ਅਤੇ ਸੁਰਾਂ ਵਿਚ ਤਾਲ ਦੇ ਮੇਲ-ਮਿਲਾਪ (Unison) ਦੀ

ਰਛਪਾਲ ਗਿੱਲ-ਟੋਰਾਂਟੋ

'ਪਨੇਰੀ-ਜੁਗਤ' ਵੀ ਪੁੰਗਰਨ ਲੱਗ ਪਈ ਸੀ! ਛੋਟੇ-ਛੋਟੇ ਬੰਦਾਂ ਨੂੰ ਘੜਨ ਦੀ 'ਨਵੇਕਲੀ-ਜਾਚ' ਉਸਦੇ ਖ਼ਿਆਲਾਂ ਵਿਚ 'ਕੁਸ਼ਤੀ' ਕਰਨ ਲੱਗ ਪਈ, ਤੇ ਟੋਟਕੇ ਬਣਾਉਣ ਦੇ ਸ਼ੌਕ ਦੀ 'ਛੱਤਰੀ' ਨੇ ਵੀ ਹੌਲੀ-ਹੌਲੀ ਖੁੱਲ੍ਹਣਾ ਸ਼ੁਰੂ ਕਰ ਦਿੱਤਾ! ਉਸ ਦੇ ਤਸੱਵਰ ਵਿਚ 'ਕਲਾਤਮਿਕ-ਅੰਸ਼ਾਂ' ਦੀ ਹਿਲ-ਜੁਲ ਰਿੜ੍ਹਨ ਲੱਗ ਪਈ! ਸਧਾਰਨ ਤੁਕ-ਬੰਦੀ ਨੂੰ ਆਪਿਸ ਵਿਚ ਮਿਲਾਉਣ ਵਾਲੇ 'ਜੀਨਜ਼' ਆਪ-ਮੁਹਾਰੇ ਹੋ ਕੇ 'ਟਪੂਸੀਆਂ' ਮਾਰਨ ਲੱਗ ਪਏ, ਤੇ ਗੁਣ-ਗੁਣਾਉਣ ਦੀ 'ਅੱਲ੍ਹੜ-ਚੇਟਕਤਾ' ਦੀ ਪੌਣ ਨੇ ਵੀ 'ਮੱਠਾ-ਮੱਠਾ' ਵਗਣਾ ਸ਼ੁਰੂ ਕਰ ਦਿੱਤਾ ਸੀ!

ਬਹੁਤ ਹੀ ਸਿੱਧੀਆਂ-ਸਾਦੀਆਂ, ਹਲਕੀਆਂ-ਫੁਲਕੀਆਂ ਤੇ ਨੰਨ੍ਹੀਆਂ-ਮੁੰਨ੍ਹੀਆਂ ਜਿਹੀਆਂ ਤੁਕ-ਬੰਦੀਆਂ ਤਿਆਰ ਕਰ ਕੇ, ਉਹ ਬਿਨਾਂ ਕਿਸੇ ਸਿਫ਼ਾਰਸ਼ ਅਤੇ ਕਹਿਣ ਤੋਂ ਖ਼ੁਦ-ਬ-ਖ਼ੁਦ ਹੀ 'ਰਾਗ-ਅਲਾਪਣ' ਲੱਗ ਪੈਂਦਾ! 'ਨਿੱਕੀ-ਉਮਰ' ਵਿਚ ਇੱਕ ਦਿਨ ਉਸ ਨੇ ਗਲੀ-ਗਲੀ ਬਹੁਤ ਹੀ ਤੁੱਛ ਜਿਹੀ ਤੁਕ-ਬੰਦੀ ਦਾ ਟੁਕੜਾ ਜੋੜਿਆ, ਤੇ ਆਪਣੀ ਮਾਂ ਨੂੰ ਸੁਣਾ ਕੇ ਉਸ ਕੋਲੋਂ 'ਜੇਠੀ' ਵਾਹ-ਵਾਹ ਖੱਟ ਲਈ!

'ਖਾਣੀਆਂ ਨੀ ਸੇਵੀਆਂ ਮਾਂ ਅੱਜ ਜੋ ਤੂੰ ਰਿੰਨ੍ਹੀਆਂ,
ਏਹਦੇ ਵੱਟੇ ਦੇਦੇ ਮੈਨੂੰ ਖੋਏ ਦੀਆਂ ਪਿੰਨੀਆਂ
ਦੋਹਣੇ ਵਿਚ ਸੱਚ ਦੱਸ ਰੱਖੀਐਂ ਤੈਂ ਕਿੰਨੀਆਂ,
ਖਾਜੂੰਗਾ ਮੈਂ ਫਟਾ-ਫਟ ਦੇਵੇਂਗੀ ਤੂੰ ਜਿੰਨੀਆਂ'

ਖ਼ੁਸ਼ੀ ਦੀ ਲੋਰ 'ਚ ਆ ਕੇ ਮਾਂ 'ਚਾਈਂ-ਚਾਈਂ' ਆਂਢਣਾਂ-ਗੁਆਂਢਣਾਂ ਨੂੰ ਪੁੱਤ ਦੀ ਇਹ 'ਅਣ-ਕਿਆਸੀ' ਪ੍ਰਾਪਤੀ ਫੁਲ-ਫੁਲ ਕੇ ਦੱਸਦੀ! ਜਦੋਂ ਕਦੇ ਵੀ 'ਮਹਿਰਾਜ-ਪਿੰਡੋਂ' ਬਾਪੂ ਦੇ ਮਾਮੇ ਆਪਣੀ ਭੈਣ ਨੂੰ ਰਾਮੂਵਾਲੇ ਮਿਲਣ ਆਉਂਦੇ ਤਾਂ ਭੈਣ ਆਪਣੇ ਭਰਾਵਾਂ ਨਾਲ ਇਸ ਚਾਅ ਨੂੰ 'ਹੁੱਭ-ਹੁੱਭ' ਕੇ ਸਾਂਝਾ ਕਰਦੀ, ਤੇ ਉਹੀ ਟੋਟਕਾ ਮਾਮਿਆਂ ਨੂੰ ਸੁਣਾਉਣ ਲਈ ਆਖਦੀ। ਮਾਂ, ਪੁੱਤ ਨੂੰ ਬੁੱਕਲ 'ਚ ਲੈ ਕੇ ਮੱਥਾ ਚੁੰਮਦੀ ਤੇ ਸਿਰ 'ਤੇ ਪੋਲੀਆਂ-ਪੋਲੀਆਂ ਉਂਗਲਾਂ ਫੇਰਦੀ-ਫੇਰਦੀ ਆਖਦੀ, 'ਲੈ ਬਾਈ ਨਾਜਰ ਸਿਆਂ ਲੱਗਦੈ ਤੇਰਾ 'ਭਾਣਜਾ-ਕਰਨੈਲ' ਵੱਡਾ ਹੋ ਕੇ ਗਵੰਤਰੀ ਬਣੂੰਗਾ!' ਭੋਲੇ-ਭਾਅ ਅਤੇ ਸੁੱਤੇ-ਸਿੱਧ ਮਾਂ ਦੇ ਸੁਹਿਰਦ-ਹਿਰਦੇ 'ਚੋਂ ਨਿਕਲੇ ਇਨ੍ਹਾਂ ਸੁਭਾਵਿਕ-ਬੋਲਾਂ ਨੇ ਉਦੋਂ 'ਹਕੀਕਤ' ਦਾ ਰੂਪ ਧਾਰਨ ਕੀਤਾ, ਜਦੋਂ ਉਸ ਦਾ 'ਕਰਨੈਲ' ਸੱਚੀਂ-ਮੁੱਚੀਂ ਕਵੀਸ਼ਰਾਂ ਦਾ 'ਜਰਨੈਲ' ਬਣ ਗਿਆ! ਫਿਰ, ਕਵੀਸ਼ਰੀ-ਖੇਤਰ ਵਿਚ ਮਾਰੀਆਂ-ਮੱਲਾਂ ਅਤੇ ਪਾਏ ਗਏ ਸ਼ਲਾਘਾਯੋਗ ਤੇ ਭਰਵੇਂ-ਯੋਗਦਾਨ ਕਰਕੇ, 1987 ਵਿਚ ਬਰਨਾਲਾ ਸਰਕਾਰ ਸਮੇਂ 'ਭਾਸ਼ਾ-ਵਿਭਾਗ ਪੰਜਾਬ' ਵੱਲੋਂ ਉਸ ਨੂੰ 'ਸ਼੍ਰੋਮਣੀ-ਕਵੀਸ਼ਰ' ਦਾ ਖ਼ਿਤਾਬ ਦੇ ਕੇ ਨਿਵਾਜਿਆ ਗਿਆ!

'ਪਾਰਸ ਜੀ ਦੀ ਸ਼ਾਇਰੀ ਦਾ ਮੂੰਹ-ਮੁਹਾਂਦਰਾ ਅਤੇ ਤਰਦਾ-ਤਰਦਾ 'ਚਿੰਤਨ-ਲਿਸ਼ਕਾਰਾ'

ਬਾਪੂ ਪਾਰਸ ਦੀ 'ਸਾਹਿਤਕ-ਸ਼ਖ਼ਸੀਅਤ' ਦੀ ਪਹਿਚਾਣ ਉਸ ਦੀ ਰਚੀ-ਰਚਨਾ ਅਤੇ ਵਿਖਾਇਆ-ਕਾਰੀ ਵਿਚੋਂ ਰੂਪਮਾਨ ਹੁੰਦੀ ਹੈ! ਸ਼ਾਇਰੀ ਦੀ ਦਿੱਖ ਅਤੇ ਪ੍ਰਭਾਵ ਨੂੰ ਦਿਲ ਵਿਚ ਬਿਠਾਉਣ ਤੇ ਖਿੱਚ ਪੈਦਾ ਕਰਨ ਲਈ ਉਸ ਨੇ ਪ੍ਰਭਾਵਸ਼ਾਲੀ-ਤਖ਼ਈਅਲ, ਅਦਭੁਤ-ਅਲੰਕਾਰਾਂ, ਦਿਲਚਸਪ-ਤਸ਼ਬੀਹਾਂ ਤੇ ਨਿਵੇਕਲੇ-ਬਿੰਬਾਂ ਨੂੰ ਕੋਮਲਤਾ ਦੀ ਚਾਸ਼ਣੀ 'ਚ ਭਿਓਂ ਕੇ ਆਪਣੀ ਰਚਨਾ ਨੂੰ ਦੁਰਲੱਭ-ਕਿਸਮ ਦੀ ਸੁਆਦਲੀ 'ਸਾਹਿਤਕ-ਅਮੀਰੀ' ਬਖ਼ਸ਼ੀ! ਉਸ ਦੀ ਕਲਮ ਦੀ ਨੋਕ ਨੇ ਪਿੰਗਲ ਦੇ ਨਿਯਮਾਂ ਨੂੰ ਹਮੇਸ਼ਾ ਹੀ 'ਜੀ-ਆਇਆਂ' ਆਖਿਆ ਅਤੇ ਅਦਬੀ-ਬੰਦਸ਼ਾਂ ਦੀ ਪੂਰਨ-ਪਾਲਣਾ ਕਰਦਿਆਂ 'ਕਾਵਿ-ਕ੍ਰਿਤ' ਨੂੰ 'ਸਾਹਿਤਕ-ਸੁਹੱਪਣਤਾ' ਦੀ ਮਹਿੰਦੀ ਲਾ ਕੇ ਸ਼ਿੰਗਾਰਿਆ! ਉਸ ਨੇ ਆਪਣੀ 'ਕਾਵਿ-ਸ਼ੈਲੀ' ਵਿਚ ਅਨੇਕਾਂ ਹੀ ਅਨੋਖੇ, ਅਨੰਦਮਈ, ਲੈਹਰੀ, ਨਿਰਾਲੇ, ਤੇ ਉਤਸੁਕਤਾ ਉਪਜਾਉਣ ਵਾਲੇ 'ਬਿੰਬਾਂ' ਦੀ ਸਿਰਜਣਾ ਕੀਤੀ! ਆਪਣੀ ਕ੍ਰਿਤ ਵਿਚ ਨਵੀਆਂ 'ਕਲਾਤਮਕ-ਪਿਰਤਾਂ' ਪਾ ਕੇ ਉਸ ਨੇ ਸਮਕਾਲੀ ਕਿੱਸਾ-ਕਾਰਾਂ ਤੇ ਸ਼ਾਇਰਾਂ ਨਾਲੋਂ ਵੱਖਰੀ ਅਤੇ ਵਿਲੱਖਣ 'ਸਾਹਿਤਕ-ਲਕੀਰ' ਖਿੱਚੀ! ਉਸ ਦੀਆਂ ਵਿਸ਼ਾਲ, ਮਨੋਹਰ, ਤੇ ਲੁਭਾਉਣੀਆਂ 'ਕਾਵਿ-ਕਲਪਨਾਵਾਂ' ਦੀਆਂ ਸਾਹਿਤਕ ਉਚਾਈਆਂ ਤੇ ਗਹਿਰਾਈਆਂ ਕਿਸੇ ਵੀ ਦਰਜਾ ਮਾਪਣ ਵਾਲੇ ਪੈਮਾਨੇ ਦੀ ਹਦੂਦ ਅਤੇ ਪਕੜ ਵਿਚ ਨਹੀਂ ਆਉਂਦੀਆਂ!

ਵਾਤਾਵਰਨ ਦੀ ਸਿਰਜਣਾ ਕਰਨ ਵੇਲੇ ਉਹ ਰਾਸ ਆਉਣ ਵਾਲੀਆਂ 'ਵਜ਼ਨਦਾਰ-ਤਸ਼ਬੀਹਾਂ' ਤੇ 'ਫੱਬਦੀਆਂ-ਤੁਲਨਾਤਮਕ' (Comparison) ਵਿਧੀਆਂ ਦੀ ਵਰਤੋਂ ਕਰ ਕੇ, ਪਾਠਕ ਅਤੇ ਸਰੋਤੇ ਦੇ ਮਨ ਨੂੰ 'ਅਨੂਠੇ-ਮਲਾਰ' ਦਾ ਹਲੂਣਾ ਦਿੰਦਿਆਂ, 'ਸਾਹਿਤਕ-ਸਕੂਨ' ਦੇ ਝੌਂਕੇ ਪ੍ਰਦਾਨ ਕਰਦਾ ਹੈ। ਉਸਦੀ ਸੁੰਦਰ, ਸੂਤਰਮਈ, ਭਾਵਪੂਰਤ, ਤੇ ਰੋਚਿਕਤਾ ਨਾਲ ਭਰਪੂਰ 'ਰਚਨਾ-ਸ਼ੈਲੀ' ਸਾਹਿਤਕ-ਤੱਤਾਂ ਦੇ ਰਸਾਂ ਨੂੰ ਕਦੇ ਵੀ ਫਿੱਕਾ ਨਹੀਂ ਪੈਣ ਦਿੰਦੀ! 'ਪਾਰਸ ਕਵੀ' ਆਪਣੇ ਪੜ੍ਹਨ-ਸੁਣਨ ਵਾਲੇ ਦੀ ਉਤਸੁਕਤਾ ਤੇ ਦਿਲਚਸਪੀ ਦੇ ਵਹਾਅ ਨੂੰ ਨਿਰੰਤਰ-ਵਹਿੰਦਾ ਜਾਰੀ ਰੱਖਣ ਲਈ, ਕੋਮਲ ਅਤੇ ਰਸੀਲੇ-ਲਫ਼ਜ਼ਾਂ ਦੀ ਉਂਗਲ ਫੜਾ ਕੇ ਉਨ੍ਹਾਂ ਦੇ 'ਸਹਜ-ਸੁਆਦ' ਦੇ ਵੇਗ ਨੂੰ ਢਿੱਲਾ ਨਹੀਂ ਪੈਣ ਦਿੰਦਾ! ਉਤੇ ਵਿਸ਼ੇ ਨਾਲ ਜੁੜੇ ਮੁਲਾਇਮ ਤੇ ਮਧੁਰ-ਖਿਆਲਾਂ ਨੂੰ 'ਖੁਰਦਲਾ' ਹੋਣ ਤੋਂ ਬਚਾਈ ਰੱਖਦਾ ਹੈ!

'ਉਸਦੀ ਸ਼ਾਇਰੀ ਵਿਚੋਂ ਕੁੱਝ-ਕੁ ਵੰਨਗੀਆਂ'!!!

ਆਪਣੇ ਛੈਲ-ਛਬੀਲੇ, ਜਵਾਨ ਤੇ ਖ਼ੂਬਸੂਰਤ 'ਮਤਰੇਏ-ਪੁੱਤਰ' ਪੂਰਨ ਨੂੰ ਤੱਕ ਕੇ, ਰਾਣੀ ਲੂਣਾ ਦੀਆਂ ਮੋਹਿਤ ਹੋਈਆਂ 'ਜੋਬਨ-ਮੱਤੀਆਂ' ਮੋਹ-ਤਰੰਗਾਂ ਨੇ ਜਦੋਂ 'ਕਾਮਿਕ-ਅੰਗੜਾਈਆਂ' ਲਈਆਂ, ਉਸ ਸਥਿਤੀ ਦੀ ਤਰਜਮਾਨੀ 'ਪਾਰਸ ਕਵੀ' ਇੰਝ ਕਰਦਾ ਹੈ:

'ਫੁੱਲ ਕਿਸ ਤਰ੍ਹਾਂ ਬਣ ਗਿਆ ਤੀਰਾਂ ਦਾ ਭੱਥਾ,
ਕਿਹੜੇ ਰਿਸ਼ਤਿਉਂ ਚੋਬਰਾ ਤੈਂ ਟੇਕਿਆ ਮੱਥਾ
ਸੂਰਤ ਤੇਰੀ ਲੱਗਦੀ ਹੈ ਬਹੁਤ ਪਿਆਰੀ,
ਮੈਂ ਰਾਧਾ ਨੂੰ ਮਿਲ ਪਿਆ ਤੂੰ ਕ੍ਰਿਸ਼ਨ-ਮੁਰਾਰੀ
ਤੇਰੀ ਮੇਰੀ ਪੂਰਨਾ, ਕੀ ਰਿਸ਼ਤੇਦਾਰੀ'

'ਬੀਜੇ ਬਾਣੀਏ' ਦਾ ਘੋੜੇ ਖ਼ਰੀਦਣ ਜਾਣ ਤੋਂ ਇਨਕਾਰੀ ਹੋਣਾ, ਤੇ ਆਪਣੇ ਕਿੱਤੇ ਦੀ ਮੁਹਾਰਤ ਦਾ ਖ਼ੁਲਾਸਾ ਕਰਨਾ:

'ਫੜ ਤੱਕੜੀ ਤੋਲੀਏ ਪਰਬਤ,
ਲਈਏ ਕੱਢ ਪੱਥਰਾਂ 'ਚੋਂ ਸ਼ਰਬਤ
ਅਸੀਂ ਭੋਲ਼ੇ ਜਾਤ ਦੇ ਹਾਂ ਬਾਣੀਏ,
ਨਾ ਘੋੜਿਆਂ ਦੀ ਨਸਲ, ਨਾ ਰੰਗ ਜਾਣੀਏ'

-'ਸੀਖਾਂ ਦੀ ਡੱਬੀ ਬਣਾ ਦੂੰ ਇੱਟਾਂ ਦੇ ਚੱਠੇ ਮੈਂ,
ਹਰਨਾਂ ਨੂੰ ਕਰਦੂੰ 'ਪਾਰਸਾ' ਝੋਟਿਆ ਤੋਂ ਮੱਠੇ ਮੈਂ
ਪਰਸੋਂ ਨੂੰ ਦੋਨੋਂ ਘੋੜੇ ਕਰ ਦੂੰਗਾ 'ਕੱਠੇ ਮੈਂ,
ਟੇਵਾ ਬਤਾਈ ਜਾਂਦਾ''(ਬਿਧੀਚੰਦ ਦੇ ਘੋੜੇ-ਪ੍ਰਸੰਗ ਵਿੱਚੋਂ)

-ਬੱਦਲ ਬਾਰੂਦ ਬਣਾ ਦੂੰ ਲੱਗੇ ਰੂੰ ਦੇ ਢੇਰਾਂ ਦਾ,
ਪੰਥ ਖ਼ਾਲਸਾ ਸਾਜੂੰ ਬਾਗ਼ੀ ਬੱਬਰ ਸ਼ੇਰਾਂ ਦਾ'

-ਬੇ-ਹੋਸ਼ੀ ਦੀ ਹਾਲਤ ਵਿਚ ਪਏ ਸ. ਸੇਵਾ ਸਿੰਘ ਠੀਕਰੀਵਾਲ ਨੂੰ ਉਸ ਦੀਆਂ ਦੋਵੇਂ ਪਤਨੀਆਂ ਦੀ ਮੁਲਾਕਾਤ ਦੇ ਗ਼ਮਗੀਨ ਮਾਹੌਲ ਦਾ ਚਿਤਰਨ ਕਵੀ ਇੰਜ ਕਰਦਾ ਹੈ':

'ਹੱਜ ਆਪਣੇ ਮੱਕੇ ਦਾ ਰਹੀ ਆਂ ਕਰ ਆਖ਼ਰ ਦੀ ਵੇਲਾ,
ਤੀਰਥ ਦੀ ਪੌੜੀ 'ਤੇ ਖੜ੍ਹੀਆਂ ਚਿੰਤਾ ਡੁੱਬੀਆਂ ਲੇਲਾ
ਮਜਨੂੰ ਦੱਸ ਸਕਿਆ ਨਾ ਉਸਦੇ ਨਾਲ ਜਿਸ ਤਰ੍ਹਾਂ ਬੀਤੀ,
ਦੋਨਾਂ ਸਰਦਾਰਨੀਆਂ ਕੋਈ ਜਿਗਰੀ ਗੱਲ ਨਾ ਕੀਤੀ।'



-ਰਾਣੀ ਜਿੰਦਾ ਦੀ ਆਪਣੀ ਸ਼ਾਮੋਂ ਗੋਲੀ ਨਾਲ ਕਿਲੇ 'ਚੋਂ ਫਰਾਰ ਹੋਣ ਦੀ ਵਿਉਂਤ ਦਾ ਦ੍ਰਿਸ਼, ਬਾਪੂ ਨੇ ਇਸ ਤਰ੍ਹਾਂ ਕਲਮ-ਬੰਦ ਕੀਤਾ ਹੈ:-

'ਵਰਤੋਂ ਵਿਚ ਲਿਆਈਏ ਨੀਤੀ ਦਾ ਸ਼ਸਤਰ,
ਆਹ ਲੈ ਗਹਿਣੇ ਪਹਿਨ ਲਾ ਰੇਸ਼ਮ ਦੇ ਬਸਤਰ
ਬਾਂਹ ਲਮਕਾ ਲੈ ਹੇਠ ਨੂੰ ਮੇਰੀ ਹਮਜੋਲੀ,
ਰਾਣੀ ਬਣ ਪੈ ਪਲੰਘ 'ਤੇ ਤੂੰ ਸ਼ਾਮੋਂ ਗੋਲੀ'

ਉਸਦੇ ਰਚੇ 'ਕਵੀਓ-ਵਾਚ' ਵਿਚ ਦਾਰਸ਼ਨਿਕਤਾ ਅਤੇ ਵਿਦਵਤਾ ਦੇ ਉੱਛਲ-ਉੱਛਲ ਕੇ ਵਗਦੇ ਝਰਨੇ 'ਅਦਬੀ-ਸੰਗਮ' ਦਾ ਰੂਪ ਧਾਰਨ ਕਰ ਲੈਂਦੇ ਹਨ। ਅਤੇ ਛੰਦਾ-ਬੰਦੀ ਦੇ ਵੱਖ-ਵੱਖ ਰੂਪਾਂ ਵਿਚ ਟਿਮ-ਟਿਮਾਉਂਦੇ ਤੇ ਟੱਪਦੇ-ਟੱਪਾਉਂਦੇ ਹੋਏ 'ਕਲਾਤਮਿਕ-ਜੁਗਨੂੰ' ਸਾਹਿਤਕ-ਰੌਸ਼ਨੀ ਦੀਆਂ ਕਿਰਨਾਂ ਬਿਖੇਰਦੇ ਨਜ਼ਰੀਂ ਪੈਂਦੇ ਹਨ:

-ਬੂਹਾ ਬੰਦ ਕੀਤੇ ਪਿੱਛੋਂ ਨਾ ਮੁੜ ਦੀਆਂ ਗ਼ੈਬੀ-ਗੋਲ਼ਾ ਸ਼ਾਮਤਾਂ,
ਵੱਡੇ-ਵੱਡੇ ਲੋਕਾਂ ਨੂੰ ਚਿੰਬੜ ਜਾਂਦੀਆਂ ਭੈੜੀਆਂ ਅਲਾਮਤਾਂ
ਚੰਦਰੀ ਮਰਜ਼ ਰੱਖਦੀ ਤਾਮੀਜ਼ ਨਾ ਰੁੱਤ ਬੇਬੁਲੰਦ ਦੀ,
ਪੂਰੀ ਦੇ ਹੀ ਕੋੜ੍ਹ ਰੋਗ ਨੇ ਗ਼ੁੱਸਲੀ ਰਾਜੇ ਦੁਨੀ ਚੰਦ ਦੀ'

-''ਹੋਏ ਜਿੱਥੇ ਵੀ ਇੱਕਠੇ ਮੁੰਡੇ ਕੁੜੀਆਂ,
ਅੱਖਾਂ ਬਾਗ਼ੀ ਹੋ ਕੇ ਮੱਲੋ-ਮੱਲੀ ਜੁੜੀਆਂ,
ਘੰਡੋਂ ਮਿੱਠੀਆਂ ਪਿਆਰ ਦੀਆਂ ਪੁੜੀਆਂ,
ਉੱਥੇ ਗਲਤੀ ਹੋ ਜਾਂਦੀ ਪੁੱਤ ਧੀ ਸੁਲੱਖਣੇ,
ਕਦੇ ਇਸ਼ਕ ਨੀ ਛੁਪਦਾ ਛੁਪਾਇਆਂ ਜੱਗ ਤੋਂ।'

-ਗੁੱਝੀ ਰਹਿੰਦੀ ਲੱਗੀ ਮੁਲਕਾਂ ਦੀ ਜੰਗ ਨਾ,
ਚਿੱਟਾ ਹੁੰਦਾ ਕਾਵਾਂ ਕੋਇਲਾਂ ਦਾ ਰੰਗ ਨਾ,
ਵਿਚ ਕੋਠੜੀ ਦੇ ਚੜ੍ਹਦੀ ਪਤੰਗ ਨਾ
'ਹੁੰਗੇ' ਗੀਤ ਨਾ ਬਣਨ ਆਦਮੀ ਬਿਮਾਰ ਦੇ,
ਗੁੱਝੇ ਨੇਤਰ ਨੀ ਰਹਿੰਦੇ ਠੱਗ ਚੋਰ ਯਾਰ ਦੇ।'

-'ਲੈ ਗਿਆ ਉਧਾਲ਼ ਸਾਹਿਬਾਂ ਰੋਹ ਵਿਚ ਆਏ ਮਾਪੇ,
ਅਣਖ ਦੀ ਅਗਨੀ 'ਤੇ ਬਾਰੂਦ ਨੂੰ ਖ਼ਿਲਾਰ 'ਤਾ
ਔਖ਼ਲ ਕੇ ਪਿੰਡ ਦੇ ਦੁਆਲੇ ਖਾਈ ਗਏ ਗੇੜੇ,
ਸਿਆਲਾਂ ਦੀ ਜੂਹ 'ਚ ਹੀ ਵਾਪਰ'ਗੀ ਵਾਰਤਾ
ਥੋੜੀ ਜਿਹੀ ਪਹੁ ਫੁਟੀ, ਭਿਆਨਕ ਆਵਾਜ਼ਾਂ ਸੁਣ,
ਦੋਵੇਂ ਸੀ ਤਰੱਭਕ ਉੱਠੇ, ਭਾਈਆਂ ਲਲਕਾਰ'ਤਾ
ਤਰਲੇ ਸੀ ਕੱਢੇ ਸਾਹਿਬਾਂ, ਟੱਸ ਤੋਂ ਨਾ ਮੱਸ ਹੋਏ,
ਗੁੱਸੇ ਵਿਚ ਭਰੇ ਭਾਈਆਂ ਰਿਸ਼ਤਾ ਵਿਸਾਰ'ਤਾ।
ਜੁੰਡਿਆਂ ਤੋਂ ਫੜ ਕੇ ਘੜੀਸ ਲਿਆ ਵਾਹਣ ਵਿਚ,
ਮੂੰਹ ਵਿਚ ਜੰਡ ਦੇ ਸੀ ਖ਼ੂਨ ਨੂੰ ਉਤਾਰ'ਤਾ।
ਨਸ਼ੇ ਤੇ ਥਕਾਵਟ ਦਾ ਭੰਨਿਆ ਸੀ ਜੱਟ ਐਸਾ,
ਖੰਡ ਦੀ ਡਲੀ ਦੇ ਵਾਂਗੂੰ ਪਲਾਂ ਵਿਚ ਖਾਰ'ਤਾ।
ਭੱਖਿਆ ਤੰਦੂਰ ਜਿਹੜਾ ਭੂਆ ਜੀ ਦੇ ਵਿਹੜੇ ਵਿਚ,
ਮਾਰ ਛਿੱਟੇ ਤੀਰਾਂ ਦੇ ਸੀ ਸਦਾ ਲਈ ਠਾਰ'ਤਾ
ਟੱਕੂਏ ਬਰਛਿਆਂ ਤੇ ਤੀਰਾਂ ਨਾਲ ਵਿੰਨ ਕੇਤੇ,
'ਪਾਰਸਾ' ਸੀ ਮਿਰਜ਼ੇ ਨੂੰ ਸਿਆਲਾਂ ਨੇ ਮਾਰ'ਤਾ'

ਉਸਦੀ ਰਚਨਾ ਵਿਚ ਕਿਸੇ ਇੱਕ ਅੱਖਰ ਦਾ ਪੰਕਤੀ ਵਿਚ ਇੱਕ ਤੋਂ ਵੱਧ ਵਾਰ ਵਰਤੇ ਜਾਣ ਵਾਲੇ 'ਅਨੁਪ੍ਰਾਸ' ਕਾਵਿਕ-ਤੱਤ ਦੀ ਭਰਮਾਰ ਹੈ! ਜਿਤਣਾ ਕਿ ਕਵਿਤਾ ਵਿਚਲੀ ਸੁਰ-ਸੁਆਦਲੀ 'ਸੁਰ' ਤੇ ਰਸ-ਭਿੰਨੀ 'ਲੈਅ' ਦੀ ਰਵਾਨਗੀ ਨੂੰ ਰੌਚਕ ਤੇ ਦਿਲਚਸਪ ਬਣਾ ਦਿੰਦਾ ਹੈ। ਇਸ ਵਿਧੀ ਨੂੰ ਆਪਣੀ ਛੰਦਾ-ਬੰਦੀ ਦੀਆਂ ਪੰਕਤੀਆਂ ਵਿਚ ਸੁਚੱਜੇ-ਢੰਗ ਨਾਲ ਵਰਤਣ ਦੀ ਕਲਾ ਦਾ ਉਸ ਕੋਲ ਅਨਮੋਲ-ਖ਼ਜ਼ਾਨਾ ਹੈ! ਜਿਵੇਂ:

'ਕੀ ਕੀ ਹੈ ਕੌਤਿਕ ਕਰਵਾਉਂਦੀ, ਲਹਿਰ ਵਿਸ਼ੇ ਦੀ ਕੋੜ੍ਹਨ,
ਤੋਤਾ ਅਤੇ ਰਸਾਲੂ ਚੱਲੇ, ਸਤ ਕੌਲਾ ਦਾ ਤੋੜਨ'

ਉਸਦੀ ਕਵਿਤਾ ਦੀਆਂ ਬਹੁਤ ਸਾਰੀਆਂ ਸਤਰਾਂ ਲੋਕਾਂ ਦੇ ਚੇਤਿਆਂ ਵਿਚ ਘੁਲ-ਮਿਲ ਕੇ ਉਨ੍ਹਾਂ ਦੀਆਂ ਜ਼ਬਾਨਾਂ 'ਤੇ ਨਿਵਾਸ ਕਰ ਰਹੀਆਂ ਹਨ! ਜਿਵੇਂ:

-'ਕਿਤੇ ਜ਼ੋਰ ਮਕਾਣਾ ਦਾ ਕਿੱਧਰੇ ਹਨ ਵਿਆਹ ਤੇ ਮੁਕਲਾਵੇ,
ਜੱਗ ਜੰਕਸ਼ਨ ਰੇਲਾਂ ਦਾ ਗੱਡੀ ਇੱਕ ਆਵੇ ਇੱਕ ਜਾਵੇ'
'ਜਦ ਕਾਲ ਫਪੇੜ ਵੱਜੀ ਰੁੜ੍ਹਗੀ ਜਿਉਂ ਰੋਟੀ ਤੋਂ ਡੇਲਾ',
ਹੈ ਆਉਣ ਜਾਣ ਬਣਿਆ ਦੁਨੀਆ ਚਹੁੰ-ਕੁ ਦਿਨਾਂ ਦਾ ਮੇਲਾ'
-'ਆ ਕੇ ਵਿਚ ਤਾਕਤ ਦੇ ਨਾ ਕਰਮ ਨਾ ਮੂਰਖਾ ਬਦੀਆਂ'

'ਪਾਰਸ ਬਾਪੂ ਜੀ' ਨੂੰ ਸਕੂਲੀ-ਤਾਲੀਮ ਦੀ ਪੌੜੀ ਦੇ 'ਜਮਾਤੀ-ਟੰਬਿਆਂ' ਉੱਤੇ ਪੈਰ ਧਰਨ ਦਾ ਮੌਕਾ ਨਸੀਬ ਨਾ ਹੋਇਆ! ਇਸ 'ਪਾਠਸ਼ਾਲੀ-ਵਿਦਿਆ' ਤੋਂ ਕੋਰਾ ਹੋਣ ਦੇ ਬਾਵਜੂਦ ਵੀ ਉਸਨੇ ਪੰਜਾਬੀ, ਹਿੰਦੀ ਤੇ ਉਰਦੂ ਜ਼ਬਾਨ ਨੂੰ ਚੰਗੀ ਤਰ੍ਹਾਂ ਪੜ੍ਹਨ, ਲਿਖਣ ਤੇ ਬੋਲਣ ਦੀ ਚੋਖੀ-ਮੁਹਾਰਤ ਹਾਸਿਲ ਕਰ ਲਈ ਸੀ। ਉਸ ਨੇ ਕੱਲ੍ਹ 40 ਕਿੱਸੇ ਅਤੇ ਬਹੁਤ ਸਾਰੀ ਫੁਟਕਲ-ਕਵਿਤਾ ਦੀ ਰਚਨਾ ਕੀਤੀ! ਕਾਫ਼ੀ ਵੱਡੀ ਗਿਣਤੀ ਵਿਚ ਖੋਜ-ਵਿਦਿਆਰਥੀਆਂ ਨੇ ਉਸਦੀ ਸ਼ਾਇਰੀ ਦਾ ਡੂੰਘਾ-ਅਧਿਐਨ ਕਰ ਕੇ PhD ਦੀਆਂ ਉੱਚ-ਡਿਗਰੀਆਂ ਪ੍ਰਾਪਤ ਕੀਤੀਆਂ ਹਨ। ਮੈਂ ਅਤੇ ਮੇਰੇ ਸਵਰਗੀ ਭਰਾ ਇਕਬਾਲ ਰਾਮੂਵਾਲੀਆ ਨੇ ਆਪਣੀ ਇਖ਼ਲਾਕੀ-ਜ਼ਿੰਮੇਦਾਰੀ ਸਮਝਦਿਆਂ 'ਰਾਮੂਵਾਲੀਏ ਕਰਨੈਲ ਸਿੰਘ ਪਾਰਸ ਦੀ ਸੰਪੂਰਨ ਰਚਨਾ' ਨਾਮੀਂ ਪੁਸਤਕ ਪ੍ਰਕਾਸ਼ਿਤ ਕਰ ਕੇ, ਬਾਪੂ ਜੀ ਦੀ ਅੰਤਿਮ-ਇੱਛਾ ਨੂੰ ਪੂਰਾ ਕਰ ਦਿੱਤਾ! ਇਸ 'ਪੁੱਤਰੀ-ਫ਼ਰਜ਼' ਨੂੰ ਅਦਾ ਕਰ ਕੇ ਜੋ 'ਅਵੱਲਾ-ਆਨੰਦ' ਮਿਲਿਆ, ਉਸਦਾ ਲਫ਼ਜ਼ਾਂ ਵਿਚ ਵਰਣਨ ਨਹੀਂ ਕੀਤਾ ਜਾ ਸਕਦਾ!

71 ਵਰ੍ਹੇ ਪਹਿਲਾਂ ਉਸ ਦੇ ਜੱਥੇ (ਪਾਰਸ ਜੀ, ਸ: ਰਣਜੀਤ ਸਿੰਘ ਸਿੱਧਵਾਂ ਤੇ ਚੰਦ ਸਿੰਘ ਜੰਡੀ) ਨੇ HIs Master's Voice' ਕੰਪਨੀ ਵਿਚ ਕਵੀਸ਼ਰੀ ਦੇ 22 ਰਿਕਾਰਡ ਕਰਵਾਏ। ਇਨ੍ਹਾਂ ਲਾਜਵਾਬ-ਤਵਿਆਂ ਦੇ 'ਦਿਲਕਸ਼-ਬੋਲਾਂ' ਨੂੰ 'ਸਰਵਣ' ਕਰਨ ਦੀ ਚਾਹਤ, ਤਿਹ, ਤੇ ਉਲਫ਼ਤ ਵਿਚ 'ਖੀਵੀ' ਹੋਈ ਸ੍ਰੋਤਿਆਂ ਦੀ 'ਮਤਵਾਲੀ-ਤੀਬਰਤਾ' ਅੱਜ ਤੱਕ ਵੀ ਢੈਲੀ ਤੇ ਢਿੱਲੀ-ਮੱਠੀ ਨਹੀਂ ਪਈ! ਅਤੇ ਨਾ ਹੀ ਉਨ੍ਹਾਂ ਦੀ ਆਨੰਦ ਮਾਣਨ ਦੀ 'ਉਪਾਸ਼ਕ-ਰੁਚੀ' ਬਿਰਧ ਹੋਈ ਹੈ!

ਉਮਰ ਦੇ ਅਖ਼ੀਰਲੇ 25-ਕੁ ਸਾਲ ਉਸ ਨੇ ਆਪਣੀ ਸਨਮਾਨ-ਜਨਕ, ਇੱਜ਼ਤ-ਭਰਪੂਰ, ਸਾਫ਼-ਸੁਥਰੀ, ਤੇ ਉਜਲ-ਜ਼ਿੰਦਗੀ ਦਾ ਖ਼ੂਬ-ਆਨੰਦ ਮਾਣਿਆ! 28 ਫਰਵਰੀ 2009 ਵਾਲੇ ਦਿਨ ਉਸ ਦੀ ਰੂਹ ਦਾ 'ਕਾਵਿਕ-ਹੰਸ' ਇਸ ਰੰਗੀਲੇ-ਸੰਸਾਰ ਦੇ 'ਸੁਹਾਵੇ-ਬਾਗ਼' ਵਿਚੋਂ 'ਖ਼ੁਸ਼ੀ-ਖ਼ੁਸ਼ੀ' ਤੇ 'ਹੱਸੂੰ-ਹੱਸੂੰ' ਕਰਦਾ 'ਆਖ਼ਰੀ-ਉਡਾਰੀ' ਮਾਰ ਗਿਆ!

# ਔਰਤ ਦਾ ਸਨਮਾਨ ਅਤੇ ਹਕੀਕਤ

ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀਆਂ ਇਹ ਸਤਰਾਂ "ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ", ਔਰਤ ਦੀ ਮਹੱਤਤਾ, ਇੱਜ਼ਤ ਅਤੇ ਸਨਮਾਨ ਦੀ ਪੂਰੀ ਤਸਵੀਰ ਪੇਸ਼ ਕਰਦੀ ਹੈ। ਪਰ ਅਫ਼ਸੋਸ, ਅੱਜ ਦੇ ਸਮਾਜ ਵਿਚ ਇਹ ਸ਼ਬਦ ਕੇਵਲ ਗ੍ਰੰਥਾਂ ਅਤੇ ਕਿਤਾਬਾਂ ਤੱਕ ਹੀ ਸੀਮਿਤ ਹੋ ਕੇ ਰਹਿ ਗਏ ਹਨ। ਪਰ ਅੱਜ ਦੇ ਸਮਾਜ ਵਿਚ ਔਰਤਾਂ ਦਾ ਹੋ ਰਿਹਾ ਨਿਰਾਦਰ ਅਤੇ ਹਿੰਸਾ ਦੀਆਂ ਅਨੇਕਾਂ ਉਦਾਹਰਣਾਂ ਸਾਨੂੰ ਹਰ ਪਾਸੇ ਨਜ਼ਰ ਆਉਂਦੀਆਂ ਹਨ। ਇੰਟਰਨੈਸ਼ਨਲ ਲੇਬਰ ਆਰਗੇਨਾਈਜ਼ੇਸ਼ਨ ਦੀ ਰਿਪੋਰਟ ਮੁਤਾਬਕ, ਭਾਰਤ ਵਿਚ ਸਿਰਫ 19% ਔਰਤਾਂ ਹੀ ਵਿੱਤੀ ਤੌਰ 'ਤੇ ਸੁਤੰਤਰ ਹਨ। ਇਕ ਹੋਰ ਰਿਪੋਰਟ ਮੁਤਾਬਿਕ 2022 ਵਿਚ ਭਾਰਤ ਦੀ ਮਹਿਲਾ ਸਾਖਰਤਾ ਦਰ 68% ਸੀ, ਜਦਕਿ ਪੁਰਸ਼ਾਂ ਦੀ 84%ਸੀ। ਇਹ ਅੰਕੜੇ ਦਰਸਾਉਂਦੇ ਹਨ ਕਿ ਭਾਵੇਂ ਔਰਤਾਂ ਨੇ ਹਰ ਖੇਤਰ ਵਿਚ ਆਪਣੀ ਕਾਬਲੀਅਤ ਸਾਬਤ ਕੀਤੀ ਹੈ, ਪਰ ਅਜੇ ਵੀ ਲਿੰਗ ਵਿਤਕਰਾ ਜਾਰੀ ਹੈ।

ਇੱਕ ਔਰਤ, ਚਾਹੇ ਘਰੇਲੂ ਹੋਵੇ ਜਾਂ ਕੰਮ ਕਾਜੀ, ਹਮੇਸ਼ਾ ਸਮਾਜ ਲਈ ਕੁਰਬਾਨੀ ਦੀ ਮਿਸਾਲ ਹੈ। ਉਹ ਬੱਚਿਆਂ ਦੀ ਪਰਵਰਿਸ਼ ਕਰਦੀ ਹੈ, ਘਰ ਸੰਭਾਲਦੀ ਹੈ, ਅਤੇ ਕੰਮ ਵੀ ਕਰਦੀ ਹੈ। ਇਸ ਤੋਂ ਇਲਾਵਾ, ਉਹ ਧੀ, ਭੈਣ, ਪਤਨੀ ਅਤੇ ਮਾਂ ਦੀ ਭੂਮਿਕਾ ਵੀ ਨਿਭਾਉਂਦੀ ਹੈ। ਇਸ ਦੇ ਨਾਲ, ਉਹ ਸਮਾਜ ਵਿਚ ਮਾਰਗ-ਦਰਸ਼ਨ ਦੀ ਭੂਮਿਕਾ ਨਿਭਾਉਂਦੀ ਹੈ, ਨਵੀਆਂ ਪੀੜ੍ਹੀਆਂ ਨੂੰ ਸਿੱਖਿਆ ਦਿੰਦੀ ਹੈ, ਤੇ ਨੈਤਿਕ ਮੁੱਲ ਸਿਖਾਉਂਦੀ ਹੈ। ਉਸ ਦੀ ਭੂਮਿਕਾ ਸਿਰਫ਼ ਘਰ ਤੱਕ ਸੀਮਿਤ ਨਹੀਂ; ਉਸ ਨੇ ਵਪਾਰ, ਤਕਨੀਕ, ਵਿਗਿਆਨ ਅਤੇ ਕਲਾ ਵਿਚ ਵੀ ਆਪਣੀ ਪਛਾਣ ਬਣਾਈ ਹੈ। ਪਰ ਅਜੇ ਵੀ, ਸਮਾਜ ਵਿਚ ਉਸਨੂੰ ਗ਼ੈਰ-ਮਹੱਤਵਪੂਰਨ ਅਤੇ ਅਸਮਾਨਤਾ ਭਰੀਆਂ ਨਜ਼ਰਾਂ ਨਾਲ ਵੇਖਿਆ ਜਾਂਦਾ ਹੈ।

ਕਈ ਯੁੱਗਾਂ ਤੋਂ ਔਰਤਾਂ ਦੀ ਭਾਗੀਦਾਰੀ ਮਰਦਾਂ ਨਾਲ ਬਰਾਬਰ ਦੀ ਰਹੀ ਹੈ, ਬਲਕਿ ਕਈ ਵਾਰ ਉਹ ਇਸ ਤੋਂ ਵੀ ਵੱਧ ਭੂਮਿਕਾ ਨਿਭਾ ਚੁੱਕੀਆਂ ਹਨ। ਮਾਈ ਭਾਗੋ, ਰਾਣੀ ਝਾਂਸੀ ਅਤੇ ਹੋਰ ਅਨੇਕਾਂ ਔਰਤਾਂ ਨੇ ਆਪਣੀ ਤਾਕਤ, ਬੁੱਧੀਮੱਤਾ ਅਤੇ ਸਾਖਰਤਾ ਨਾਲ ਇਤਿਹਾਸ ਵਿਚ ਆਪਣਾ ਅਲੌਕਿਕ ਨਿਸ਼ਾਨ ਛੱਡਿਆ। ਪਰ ਸਮੇਂ ਦੀ ਧੂੜ ਨੇ ਕਈ ਵਾਰ ਉਨ੍ਹਾਂ ਦੇ ਯੋਗਦਾਨ ਨੂੰ ਧੁੰਦਲਾ ਕਰ ਦਿੱਤਾ ਹੈ। ਹੁਣ ਲੋੜ ਹੈ ਕਿ ਉਹੀ ਸਨਮਾਨ ਮੁੜ ਪ੍ਰਾਪਤ ਕਰ ਕੇ, ਸਮਾਜ ਵਿਚ ਆਪਣੀ ਸ਼ਮੂਲੀਅਤ ਅਤੇ ਪਛਾਣ ਨੂੰ ਮਜ਼ਬੂਤ ਕੀਤਾ ਜਾਵੇ।

ਅਕਸਰ ਲਿੰਗ ਸਮਾਨਤਾ ਅਤੇ ਸਨਮਾਨ ਨੂੰ ਇੱਕੋ ਜਿਹਾ ਮੰਨ ਲਿਆ ਜਾਂਦਾ ਹੈ, ਪਰ ਇਹ ਦੋ ਵੱਖਰੀਆਂ ਚੀਜ਼ਾਂ ਹਨ। ਬਰਾਬਰਤਾ ਦਾ ਅਰਥ ਹੈ ਕਿ ਹਰੇਕ ਵਿਅਕਤੀ, ਚਾਹੇ ਉਹ ਕਿਸੇ ਵੀ ਲਿੰਗ, ਧਰਮ ਜਾਂ ਵਰਗ ਨਾਲ ਸੰਬੰਧਤ ਹੋਵੇ, ਉਸ ਨੂੰ ਇੱਕੋ ਜਿਹੇ ਹੱਕ ਮਿਲਣ। ਫਰ ਸਨਮਾਨ ਉਹ ਸੋਚ ਹੈ ਜੋ ਕਿਸੇ ਵਿਅਕਤੀ ਦੀ ਯੋਗਤਾ, ਸਮਰੱਥਾ, ਅਤੇ ਬਲਿਦਾਨ ਦੀ ਮਾਨਤਾ ਦਿੰਦੀ ਹੈ। ਜਦੋਂ ਇੱਕ ਔਰਤ ਨੂੰ ਉਸਦੇ ਅਧਿਕਾਰ ਮਿਲਦੇ ਹਨ, ਤਾਂ ਸਮਾਜ ਤਰੱਕੀ ਕਰਦਾ ਹੈ। ਪਰ ਜਦ ਤਕ ਉਸਨੂੰ ਇੱਜ਼ਤ ਨਹੀਂ ਮਿਲਦੀ, ਬਰਾਬਰਤਾ ਕਦੇ ਵੀ ਪੂਰੀ ਨਹੀਂ ਹੋ ਸਕਦੀ।

ਸਮਾਜ ਦੀ ਤਰੱਕੀ ਔਰਤਾਂ ਦੀ ਹਾਲਤ ਨਾਲ ਜੁੜੀ ਹੋਈ ਹੈ। ਜੇਕਰ ਅਸੀਂ ਅਜੇ ਵੀ ਔਰਤ ਨੂੰ ਇਕ 'ਦੂਜੇ ਦਰਜੇ' ਦੀ ਨਾਗਰਿਕ ਸਮਝਦੇ ਰਹੇ, ਤਾਂ ਅਸੀਂ ਇੱਕ ਖੋਖਲੇ, ਪਿਛੜੇ ਅਤੇ ਅਨੈਤਿਕ ਸਮਾਜ ਵਿਚ ਰਹਿ ਰਹੇ ਹਾਂ। ਸਾਨੂੰ ਔਰਤ ਨੂੰ ਬਰਾਬਰੀ ਨਾਲ, ਸਨਮਾਨ ਦੇਣਾ ਹੋਵੇਗਾ। ਇਸ ਦੇ ਨਾਲ-ਨਾਲ, ਨਵੀਆਂ ਪੀੜ੍ਹੀਆਂ ਲਈ ਸੰਸਕਾਰ ਦੀ ਸਿੱਖਿਆ ਬਹੁਤ ਮਹੱਤਵਪੂਰਨ ਹੈ। ਸਕੂਲ ਅਤੇ ਵਿਦਿਆਰਥੀਆਂ ਵਿਚ ਲਿੰਗ ਸਮਾਨਤਾ ਦੀ ਸਮਝ ਪੈਦਾ ਕਰਨੀ ਚਾਹੀਦੀ ਹੈ, ਤਾਂ ਕਿ ਨਵੀਆਂ ਪੀੜ੍ਹੀਆਂ ਆਪਣੇ ਹੱਕਾਂ ਦੀ ਪਛਾਣ ਕਰ ਸਕਣ। ਉਨ੍ਹਾਂ ਨੂੰ ਵਿਗਿਆਨ, ਤਕਨੀਕ, ਵਪਾਰ ਅਤੇ ਆਰਥਿਕ ਸੁਤੰਤਰਤਾ ਵੱਲ ਉਤਸ਼ਾਹਿਤ ਕਰਨਾ ਚਾਹੀਦਾ ਹੈ। ਸਮਾਜ ਨੂੰ ਲੋੜ ਹੈ ਕਿ ਉਹ ਔਰਤਾਂ ਦੀ ਆਵਾਜ਼ ਬਣੇ, ਉਨ੍ਹਾਂ ਨੂੰ ਆਤਮ-ਨਿਰਭਰ ਬਣਾਵੇ, ਅਤੇ ਉਨ੍ਹਾਂ ਨੂੰ ਆਪਣੀਆਂ ਯੋਗਤਾਵਾਂ ਅਤੇ ਸ਼ਕਤੀ ਨੂੰ ਸਮਝਣ ਲਈ ਉਤਸ਼ਾਹਿਤ ਕਰੇ। ਗੁਰੂ ਨਾਨਕ ਦੇਵ ਜੀ ਨੇ ਸਾਨੂੰ ਜੋ ਸਿੱਖਿਆ ਦਿੱਤੀ ਅਤੇ ਰਸਤਾ ਵਿਖਾਇਆ, ਉਸ 'ਤੇ ਚੱਲਣ ਦੀ ਲੋੜ ਹੈ—ਜਿੱਥੇ ਔਰਤ ਨੂੰ ਉੱਚਾ ਦਰਜਾ ਮਿਲੇ, ਜਿੱਥੇ ਉਹ ਆਤਮ-ਨਿਰਭਰ ਹੋਵੇ, ਤੇ ਜਿੱਥੇ ਉਹ ਸਿਰਫ ਸਮਾਨਤਾ ਨਹੀਂ, ਸਨਮਾਨ ਵੀ ਪ੍ਰਾਪਤ ਕਰੇ।

**-ਇੰਦਰਜੀਤ ਕੌਰ**

# ਨਰਪਾਲ ਸਿੰਘ ਸ਼ੇਰਗਿੱਲ ਦਾ 'ਪੰਜਾਬੀ ਸੰਸਾਰ-2024' ਵਿਲੱਖਣ ਦਸਤਾਵੇਜ਼

ਕੀ ਇਹ ਸੋਚਿਆ ਜਾ ਸਕਦਾ ਹੈ ਕਿ ਇਕੱਲਾ-ਇਕਹਿਰਾ ਵਿਅਕਤੀ ਹਰ ਸਾਲ ਸੰਸਾਰ ਦੇ ਸਾਰੇ ਗੁਰੂ ਘਰਾਂ ਦੀ ਯਾਤਰਾ ਆਪ ਤਾਂ ਕਰਦਾ ਹੀ ਹੋਵੇ ਤੇ ਦੁਨੀਆ ਦੇ ਕੋਨੇ-ਕੋਨੇ ਵਿਚ ਬੈਠੇ ਹਰ ਪੰਜਾਬੀ/ਸਿੱਖ ਨੂੰ ਵੀ ਕਰਵਾ ਸਕਦਾ ਹੋਵੇ? ਹਾਂ ਅਜਿਹਾ ਇੱਕ ਕੌਮਾਂਤਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਹੈ, ਜਿਹੜਾ ਹਰ ਸਾਲ ਸਚਿਤਰ, ਰੰਗਦਾਰ, ਵੱਡ ਆਕਾਰੀ, ਬਿਹਤਰੀਨ ਅਤੇ ਆਰਟ ਪੇਪਰ 'ਤੇ ਪ੍ਰਕਾਸ਼ਤ ਪੁਸਤਕ ਰਾਹੀਂ ਸੰਸਾਰ ਦੇ ਹਰ ਗੁਰੂ ਘਰ ਦੇ ਦਰਸ਼ਨ ਕਰਵਾ ਦਿੰਦਾ ਹੈ। 80 ਸਾਲ ਤੋਂ ਵੀ ਵੱਧ ਉਮਰ ਹੋਣ ਦੇ ਬਾਵਜੂਦ ਉਹ ਇਤਨਾ ਵੱਡਾ ਕਾਰਜ ਕਰ ਰਿਹਾ ਹੈ, ਜਿਹੜਾ ਇੱਕ ਸੰਸਥਾ

ਉਜਾਗਰ ਸਿੰਘ
ujagarsingh48@yahoo.com

ਲਈ ਵੀ ਕਰਨਾ ਮੁਸ਼ਕਲ ਹੈ ਪ੍ਰੰਤੂ ਉਹ ਸਾਰਾ ਸਾਲ ਸਿਰਫ ਤੇ ਸਿਰਫ ਗੁਰੂ ਦੀ ਅਕੀਦਤ ਵਿਚ ਰਹਿੰਦਾ ਹੋਇਆ ਸੰਸਾਰ ਦੀ ਪਰਕਰਮਾ ਕਰਦਾ ਰਹਿੰਦਾ ਹੈ।

ਨਰਪਾਲ ਸਿੰਘ ਸ਼ੇਰਗਿੱਲ ਸਿੱਖ ਧਰਮ ਤੇ ਪੰਜਾਬੀਅਤ ਨੂੰ ਪ੍ਰਣਾਇਆ ਹੋਇਆ ਅੰਤਰਰਾਸ਼ਟਰੀ ਮਾਨਤਾ ਪ੍ਰਾਪਤ ਖੋਜੀ ਪੱਤਰਕਾਰ, ਉਦਮੀ ਅਤੇ ਲੇਖਕ ਹੈ। ਪੱਤਰਕਾਰੀ ਦੇ ਖੇਤਰ ਵਿਚ ਤਾਂ ਉਹ ਆਪਣਾ ਬੇਸ਼ਕੀਮਤੀ ਯੋਗਦਾਨ ਪਾ ਹੀ ਰਿਹਾ ਹੈ ਪ੍ਰੰਤੂ ਇਸ ਵਿਚ ਵੀ ਉਹ ਪੰਜਾਬੀਆਂ ਦੇ ਹਿੱਤਾਂ 'ਤੇ ਪਹਿਰਾ ਦੇ ਰਿਹਾ ਹੈ। ਜਿਥੇ ਕਿਤੇ ਸਿੱਖਾਂ/ਪੰਜਾਬੀਆਂ ਦੀ ਗੱਲ ਆਉਂਦੀ ਹੈ ਤਾਂ ਉਹ ਉਨ੍ਹਾਂ ਦੇ ਹੱਕ ਵਿਚ ਕਲਮ ਦੀ ਤਲਵਾਰ ਲੈ ਕੇ ਨਿਧੜਕ ਹੋ ਕੇ ਖੜ੍ਹ ਜਾਂਦਾ ਹੈ। ਉਹ 1966 ਵਿਚ ਇੰਗਲੈਂਡ ਚਲਾ ਗਿਆ ਸੀ ਪ੍ਰੰਤੂ ਉਸ ਦਾ ਦਿਲ ਪੰਜਾਬ ਲਈ ਧੜਕਦਾ ਰਹਿੰਦਾ ਹੈ, ਉਸ ਨੇ ਬਰਤਾਨੀਆ ਦੀ ਨਾਗਰਿਕਤਾ ਨਹੀਂ ਲਈ ਕਿਉਂਕਿ ਉਹ ਆਪਣੀ ਜਨਮ ਭੂਮੀ ਨੂੰ ਸਿਜਦਾ ਕਰਨਾ ਆਪਣਾ ਫਰਜ਼ ਸਮਝਦਾ ਹੈ। ਉਹ ਪਿਛਲੇ 59 ਸਾਲ ਤੋਂ ਸਿੱਖ ਧਰਮ ਅਤੇ ਪੰਜਾਬੀਅਤ ਦਾ ਪਰਚਮ ਸੰਸਾਰ ਵਿਚ ਬਾਖ਼ੂਬੀ ਝੁਲਾ ਰਿਹਾ ਹੈ। ਪਰਵਾਸ ਵਿਚ ਜਾ ਕੇ ਵੀ ਉਹ ਆਪਣੀ ਜਨਮ ਭੂਮੀ ਨੂੰ ਭੁੱਲਿਆ ਨਹੀਂ, ਸਗੋਂ ਆਪਣੀ ਜਨਮ ਭੂਮੀ ਦੀ ਖ਼ੁਸ਼ਬੋ ਸੰਸਾਰ ਦੇ ਕੋਨੇ-ਕੋਨੇ ਵਿਚ ਪਹੁੰਚਾਉਣ ਦੀ ਜ਼ਿੰਮੇਵਾਰੀ ਨਿਭਾ ਰਿਹਾ ਹੈ। ਉਹ ਅਜਿਹਾ ਵਿਲੱਖਣ ਕਾਰਜ ਕਰ ਰਿਹਾ ਹੈ, ਜਿਹੜਾ ਸਿੱਖ ਸੰਸਥਾਵਾਂ ਵੀ ਕਰਨ ਵਿਚ ਅਸਫ਼ਲ ਰਹੀਆਂ ਹਨ। ਸਿੱਖ ਧਰਮ ਦੇ ਮੁੱਦਈ ਪੰਜਾਬੀ, ਸੰਸਾਰ ਵਿਚ ਅਜਿਹੇ ਬਾਕਮਾਲ ਤੇ ਲਾਜਵਾਬ ਕਾਰੋਬਾਰ ਤੇ ਕਾਰਜ ਕਰ ਰਹੇ ਹਨ, ਜਿਨ੍ਹਾਂ ਕਰਕੇ ਉਨ੍ਹਾਂ ਦੀ ਵੱਖਰੀ ਪਛਾਣ ਬਣੀ ਹੋਈ ਹੈ, ਕਈ ਖੇਤਰਾਂ ਵਿਚ ਉਹ ਮੋਹਰੀ ਦੀ ਭੂਮਿਕਾ ਨਿਭਾ ਰਹੇ ਹਨ।

ਨਰਪਾਲ ਸਿੰਘ ਸ਼ੇਰਗਿੱਲ ਉਨ੍ਹਾਂ ਦੀ ਉਸ ਵੱਖਰੀ ਪਹਿਚਾਣ ਨੂੰ ਬਰਕਰਾਰ ਰੱਖਣ ਅਤੇ ਸੰਸਾਰ ਵਿਚ ਫ਼ੈਲਾਉਣ ਦਾ ਕਾਰਜ ਕਰਕੇ ਪੰਜਾਬੀਆਂ ਦਾ ਮਾਣ ਵਧਾ ਰਹੇ ਹਨ। ਉਹ ਪਿਛਲੇ 26 ਸਾਲ ਤੋਂ ਲਗਾਤਾਰ ਸੰਸਾਰ ਵਿਚ ਜਿਨ੍ਹਾਂ ਸਿੱਖਾਂ/ਪੰਜਾਬੀਆਂ ਨੇ ਪੰਜਾਬ ਦਾ ਨਾਮ ਆਪਣੀਆਂ ਵਿਲੱਖਣ ਕਾਰਗੁਜ਼ਾਰੀਆਂ ਕਰਕੇ ਚਮਕਾਇਆ ਹੈ, ਉਨ੍ਹਾਂ ਦੀ ਜਾਣਕਾਰੀ ਇੱਕ ਵੱਡ ਆਕਾਰੀ ਪੁਸਤਕ 'ਇੰਡੀਅਨ ਅਬਰਾਡ ਐਂਡ ਪੰਜਾਬ ਇਮਪੈਕਟ' ਵਿਚ ਹਰ ਸਾਲ ਸੰਕਲਿਤ ਕਰ ਕੇ ਪ੍ਰਕਾਸ਼ਤ ਕਰ ਰਹੇ ਹਨ ਤਾਂ ਜੋ ਸੰਸਾਰ ਨੂੰ ਸਿੱਖਾਂ/ਪੰਜਾਬੀਆਂ ਦੇ ਯੋਗਦਾਨ ਬਾਰੇ ਜਾਣਕਾਰੀ ਮਿਲ ਸਕੇ। ਇਹ ਪੁਸਤਕ ਕੀਮਤੀ, ਵਿਲੱਖਣ ਤੇ ਬੇਸ਼ਕੀਮਤੀ ਦਸਤਾਵੇਜ਼ ਹੁੰਦਾ ਹੈ, ਜਿਸ ਵਿਚ ਉਨ੍ਹਾਂ ਮਹਾਨ ਵਿਅਕਤੀਆਂ/ਸੰਸਥਾਵਾਂ/ਹਾਈ ਕਮਿਸ਼ਨ/ਗੁਰੂ ਘਰਾਂ ਅਤੇ ਸੰਸਾਰ ਦੇ ਗੁਰੂ ਘਰਾਂ ਦੇ ਪੋਸਟਲ ਐਡਰੈਸ, ਈ.ਮੇਲ ਅਤੇ ਟੈਲੀਫ਼ੋਨ ਦਿੱਤੇ ਗਏ ਹਨ ਤਾਂ ਜੋ ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਨੌਜਵਾਨ ਮਾਣ ਨਾਲ ਆਪਣਾ ਸਿਰ ਉਚਾ ਕਰ ਸਕਣ ਤੇ ਪੰਜਾਬੀ/ਸਿੱਖ ਆਪਣਾ ਬਿਹਤਰੀਨ ਕੈਰੀਅਰ ਬਣਾ ਸਕਣ ਅਤੇ ਸਮਾਜ ਸੇਵਾ ਦੀ ਭਾਵਨਾ ਉਨ੍ਹਾਂ ਵਿਚ ਪ੍ਰਜਵਲਤ ਹੋ ਸਕੇ। ਇਸ ਪੁਸਤਕ ਦੇ ਮੁੱਖ ਕਵਰ 'ਤੇ ਸਾਲ 2024 ਵਿਚ ਦੁਨੀਆ ਵਿਚ ਵਿਲੱਖਣ ਕਾਰਜ ਕਰ ਕੇ ਆਪਣਾ ਸਿੱਕਾ ਜਮਾਉਣ ਵਾਲੇ ਪੰਜਾਬੀਆਂ/ਸਿੱਖਾਂ ਦੀਆਂ ਰੰਗਦਾਰ ਤਸਵੀਰਾਂ ਪ੍ਰਕਾਸ਼ਤ ਕੀਤੀਆਂ ਹਨ। ਇਹ ਪੁਸਤਕ ਪੰਜਾਬੀ ਅਤੇ ਅੰਗਰੇਜ਼ੀ ਦੋਹਾਂ ਭਾਸ਼ਾਵਾਂ ਵਿਚ ਉਪਲਬਧ ਹੈ। 248 ਪੰਨਿਆਂ ਦੀ ਰੰਗਦਾਰ ਤਸਵੀਰਾਂ ਵਾਲੀ ਇਹ ਪੁਸਤਕ ਆਰਟ ਪੇਪਰ 'ਤੇ ਪ੍ਰਕਾਸ਼ਤ ਹੋਈ ਹੈ। ਇਤਨਾ ਵੱਡਾ ਕੰਮ ਸੰਸਥਾਵਾਂ ਵੀ ਕਰ ਨਹੀਂ ਸਕੀਆਂ। 81 ਸਾਲ ਦੀ ਵਡੇਰੀ ਉਮਰ ਹੋਣ ਦੇ ਬਾਵਜੂਦ ਉਹ ਨੌਜਵਾਨਾਂ ਤੋਂ ਵੱਧ ਉਤਸ਼ਾਹ ਅਤੇ ਜਜ਼ਬੇ ਨਾਲ ਇੱਕ ਸੰਸਥਾ ਤੋਂ ਵੱਧ ਇਤਿਹਾਸਕ ਕੰਮ ਕਰ ਰਿਹਾ ਹੈ। ਮੈਨੂੰ ਕਈ ਵਾਰੀ ਇਹ ਮਹਿਸੂਸ ਹੋਣ ਲੱਗਦਾ ਹੈ ਕਿ ਨਰਪਾਲ ਸਿੰਘ ਸ਼ੇਰਗਿੱਲ ਆਪਣੀ ਜੇਬ ਵਿਚੋਂ ਪੈਸੇ ਖ਼ਰਚ ਕੇ ਇਹ ਪੁਸਤਕ ਪ੍ਰਕਾਸ਼ਤ ਕਿਉਂ ਕਰ




ਰਿਹੈ? ਸ਼ਾਇਦ ਉਸਨੂੰ ਇਸਦਾ ਕੋਈ ਆਰਥਿਕ ਲਾਭ ਹੋਵੇਗਾ ਪ੍ਰੰਤੂ ਮੇਰਾ ਇਹ ਸੋਚਣਾ ਗ਼ਲਤ ਸਾਬਤ ਹੋਇਆ ਹੈ, ਉਹ ਸਿਰਫ ਪੰਜਾਬ ਤੇ ਪੰਜਾਬ ਦੀ ਨੌਜਵਾਨੀ ਲਈ ਚਿੰਤਾਤੁਰ ਹੋਣ ਕਰਕੇ ਪੰਜਾਬੀਆਂ/ਸਿੱਖਾਂ ਦੇ ਸੁਨਹਿਰੇ ਭਵਿਖ ਨੂੰ ਮੁੱਖ ਰੱਖ ਕੇ ਨਮੂਨੇ ਦਾ ਕੰਮ ਕਰ ਰਿਹਾ ਹੈ। ਹਰ ਵਿਅਕਤੀ ਆਪਣੇ ਪਰਿਵਾਰ ਦੀ ਬਿਹਤਰੀ ਲਈ ਕੰਮ ਕਰਦਾ ਹੈ ਪ੍ਰੰਤੂ ਨਰਪਾਲ ਸਿੰਘ ਸ਼ੇਰਗਿੱਲ ਸਮੁੱਚੇ ਪੰਜਾਬੀਆਂ ਲਈ ਕੰਮ ਕਰ ਰਿਹਾ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਉਹ ਪੰਜਾਬੀਆਂ/ਸਿੱਖਾਂ ਨੂੰ ਭਵਿੱਖ ਵਿਚ ਆਉਣ ਵਾਲੀਆਂ ਔਕੜਾਂ ਨੂੰ ਵੀ ਵਾਪਰਨ ਤੋਂ ਪਹਿਲਾਂ ਅਨੁਭਵ ਕਰ ਲੈਂਦਾ ਹੈ। ਉਹ ਦੂਰਅੰਦੇਸ਼ ਤੇ ਤੇਜ਼ ਬੁੱਧੀ ਵਾਲਾ ਅਨੁਭਵੀ ਇਨਸਾਨ ਹੈ। ਫਰਾਂਸ ਵਿਚ ਦਸਤਾਰ ਅਤੇ ਸਿੱਖਾਂ ਦੀ ਵੱਖਰੀ ਪਛਾਣ ਵਰਗੇ ਮਹੱਤਵਪੂਰਨ ਮਸਲਿਆਂ ਨੂੰ ਉਸ ਨੇ ਪਹਿਲਾਂ ਹੀ ਭਾਂਪ ਲਿਆ ਸੀ। ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀਆਂ ਸੰਸਥਾਵਾਂ ਅਤੇ ਪੰਜਾਬ ਸਰਕਾਰ ਵਰਗੇ ਵੱਡੇ ਅਦਾਰੇ, ਜਿਨ੍ਹਾਂ ਕੋਲ ਕਰੋੜਾਂ/ ਅਰਬਾਂ/ਖਰਬਾਂ ਰੁਪਏ ਦਾ ਬਜਟ ਹੈ, ਉਹ ਆਪਣੀ ਜ਼ਿੰਮੇਵਾਰੀ ਨਿਭਾਉਣ ਵਿਚ ਅਸਫਲ ਰਹੀਆਂ ਹਨ, ਇਹ




ਜ਼ਿੰਮੇਵਾਰੀ ਨਰਪਾਲ ਸਿੰਘ ਸ਼ੇਰਗਿੱਲ ਬਾਖ਼ੂਬੀ ਨਿਭਾ ਰਿਹਾ ਹੈ। ਉਸ ਦੀ ਪੰਜਾਬੀਆਂ/ਸਿੱਖਾਂ ਦੇ ਸੁਨਹਿਰੀ ਭਵਿਖ ਲਈ ਸੋਚਣ ਲਈ ਤੀਖਣ ਬੁੱਧੀ ਹੈ, ਜਿਸਦਾ ਉਹ ਉਪਯੋਗ ਕਰ ਕੇ ਸਮਾਜ ਦੀ ਅਗਵਾਈ ਕਰ ਰਿਹਾ ਹੈ। ਪੰਜਾਬ ਵਿਚੋਂ ਵਹੀਰਾਂ ਘੱਤ ਕੇ ਸਾਡੀ ਨੌਜਵਾਨੀ ਪਰਵਾਸ ਵਿਚ ਪੜ੍ਹਾਈ ਦੇ ਬਹਾਨੇ ਰੋਜ਼ਗਾਰ ਲਈ ਆਪਣੇ ਮਾਪਿਆਂ ਦੇ ਗਲਾਂ ਵਿਚ ਗੂਠੇ ਦੇ ਕੇ ਜਾ ਰਹੀ ਹੈ, ਨਰਪਾਲ ਸਿੰਘ ਸ਼ੇਰਗਿੱਲ ਦੀ ਇਹ ਪੁਸਤਕ ਉਨ੍ਹਾਂ ਨੂੰ ਜਾਣਕਾਰੀ ਦੇ ਕੇ ਪ੍ਰੇਰਨਾ ਦੇ ਰਹੀ ਹੈ ਕਿ ਉਹ ਮਿਹਨਤ ਕਰ ਕੇ ਇਸ ਪੁਸਤਕ ਵਿਚ ਦਿੱਤੇ ਗਏ ਪ੍ਰਵਾਸੀਆਂ ਦੀਆਂ ਜੀਵਨੀਆਂ ਪੜ੍ਹ ਕੇ ਆਪਣੀ ਜ਼ਿੰਦਗੀ ਵਿਚ ਸਫਲਤਾ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਨੂੰ ਇਹ ਦੱਸਣ ਦੀ ਕੋਸ਼ਿਸ਼ ਵੀ ਕਰਦਾ ਹੈ ਕਿ ਉਹ ਗ਼ੈਰ-ਕਾਨੂੰਨੀ ਢੰਗ ਦੀ ਵਰਤੋਂ ਕਰਕੇ ਪਰਵਾਸ ਨਾ ਜਾਣ। ਸੰਸਾਰ ਵਿਚ ਪੰਜਾਬੀਆਂ/ਸਿੱਖਾਂ ਵੱਲੋਂ ਕੀਤੀਆਂ ਗਈਆਂ ਪ੍ਰਾਪਤੀਆਂ ਬਾਰੇ ਜਾਣਨ ਲਈ ਨਰਪਾਲ ਸਿੰਘ ਸ਼ੇਰਗਿੱਲ ਸੰਸਾਰ ਦਾ ਭਰਮਣ ਕਰਦਾ ਰਹਿੰਦਾ ਹੈ, ਨਿੱਜੀ ਦਿਲਚਸਪੀ ਨਾਲ ਆਪਣੇ ਖ਼ਰਚੇ 'ਤੇ ਉਨ੍ਹਾਂ ਕੋਲ ਪਹੁੰਚ ਕੇ ਜਾਣਕਾਰੀ ਇਕੱਤਰ ਕਰਦਾ ਹੈ। ਇਹ ਉਸਦਾ ਕੋਈ ਨਿੱਜੀ ਕੰਮ ਨਹੀਂ ਸਗੋਂ ਉਹ ਪੰਜਾਬੀ/ਸਿੱਖ ਸਮਾਜ ਦੇ ਨੌਜਵਾਨਾ ਦੇ ਚੰਗੇਰੇ ਭਵਿੱਖ ਲਈ ਉਦਮ ਕਰ ਰਿਹਾ ਹੈ। ਵਿਕਾਸ ਦਾ ਕੋਈ ਅਜਿਹਾ ਖੇਤਰ ਨਹੀਂ ਜਿਸ ਵਿਚ ਪੰਜਾਬੀਆਂ/ਸਿੱਖਾਂ ਨੇ ਝੰਡੇ ਨਾ ਗੱਡੇ ਹੋਣ, ਭਾਵੇਂ ਸਿਆਸਤਦਾਨ, ਤਕਨੀਕੀ ਮਾਹਿਰ, ਹੋਟਲ ਕਾਰੋਬਾਰੀ, ਖੇਤੀਬਾੜੀ ਦੇ ਖੇਤਰ ਵਿਚ, ਦਾਖਾਂ, ਆੜੂਆਂ, ਬਦਾਮਾਂ ਅਤੇ ਚੈਰੀ ਦੇ ਬਾਦਸ਼ਾਹ, ਟਰਾਂਸਪੋਰਟ, ਰੀਅਲ ਅਸਟੇਟ, ਆਰਟਿਸਟ, ਜੁਡੀਸ਼ਰੀ, ਸਮਾਜਿਕ, ਆਰਥਿਕ, ਸਾਹਿਤਕ ਆਦਿ, ਪ੍ਰੰਤੂ ਜਦੋਂ ਨਰਪਾਲ ਸਿੰਘ ਸ਼ੇਰਗਿੱਲ ਦੀ ਨਿਗਾਹ ਵਿਚ ਆ ਜਾਂਦਾ ਹੈ ਤਾਂ ਤੁਰੰਤ ਉਹ ਉਸ ਦੀ ਸਫਲਤਾ ਦੀ ਜੱਦੋ-ਜਹਿਦ ਦੀ ਕਹਾਣੀ ਨੌਜਵਾਨੀ ਅੱਗੇ ਪ੍ਰੋਸ ਦਿੰਦਾ ਹੈ। ਸਾਡੀ ਨੌਜਵਾਨੀ ਅਜਿਹੇ ਵੱਡੇ ਉਦਮੀਆਂ ਤੋਂ ਪ੍ਰੇਰਨਾ ਲੈ ਕੇ ਦਫ਼ਤਰੀ ਬਾਬੂ ਬਣਨ ਦੀ ਥਾਂ ਉਦਮੀ ਬਣਨ ਨੂੰ ਪਹਿਲ ਦੇਣ ਦੀ ਕੋਸ਼ਿਸ਼ ਕਰਨਗੇ। ਪੰਜਾਬੀਆਂ/ਸਿੱਖਾਂ ਨਾਲ ਸੰਬੰਧਤ ਸੰਸਾਰ ਵਿਚ ਕੋਈ ਵੀ ਧਾਰਮਿਕ, ਇਤਿਹਾਸਕ ਜਾਂ ਹੋਰ ਕਿਸੇ ਖੇਤਰ ਦੀ ਮਹੱਤਤਾ ਵਾਲਾ ਸਥਾਨ ਹੋਵੇ, ਹਰ ਉਸ ਸਥਾਨ 'ਤੇ ਨਰਪਾਲ ਸਿੰਘ ਸ਼ੇਰਗਿੱਲ ਨੇ ਪਹੁੰਚ ਕੇ ਅਕੀਦਤ ਦੇ ਫੁੱਲ ਭੇਟ ਕੀਤੇ ਹਨ ਅਤੇ ਸਹੀ ਜਾਣਕਾਰੀ ਇਕੱਤਰ ਕਰ ਕੇ ਉਸਨੂੰ ਇਤਿਹਾਸ ਦਾ ਹਿੱਸਾ ਬਣਾਇਆ ਹੈ। ਇਹ ਪੁਸਤਕ ਪੜ੍ਹਦਿਆਂ ਮੈਨੂੰ ਬਹੁਤ ਸਾਰੀਆਂ ਨਵੀਆਂ ਗੱਲਾਂ ਬਾਰੇ ਜਾਣਕਾਰੀ ਮਿਲੀ ਹੈ। ਪੰਜਾਬੀ/ਸਿੱਖ ਔਰਤਾਂ ਨੇ ਵੀ ਆਪੋ ਆਪਣੇ ਖੇਤਰ ਵਿਚ ਨਾਮਣਾ ਖੱਟਿਆ ਹੈ ਸ਼ੇਰਗਿੱਲ ਨੇ ਉਨ੍ਹਾਂ ਦੀ ਜ਼ਿੰਦਗੀ ਦੀ ਜੱਦੋ-ਜਹਿਦ ਦੀ ਕਹਾਣੀ ਇਸ ਪੁਸਤਕ ਵਿਚ ਵਰਣਨ ਕੀਤੀ ਹੈ।

# ਜਦੋਂ ਇਮਾਨਦਾਰੀ ਸਿਰ ਚੜ੍ਹ ਕੇ ਬੋਲੀ...



ਅੱਠ ਸਾਲ ਦੀ ਬੱਚੀ ਆਪਣੇ ਮੰਮੀ ਡੈਡੀ ਤੋਂ ਅੱਗੇ ਚੱਲਦਿਆਂ ਜਿਉਂ ਹੀ ਫਗਵਾੜੇ ਤੋਂ ਜਲੰਧਰ ਜਾਣ ਵਾਲੀ ਬੱਸ ਦੀ ਸੀਟ 'ਤੇ ਬੈਠਣ ਲੱਗੀ ਤਾਂ ਉਸਦੀ ਨਜ਼ਰ ਸੀਟ 'ਤੇ ਪਏ ਇੱਕ ਪਰਸ (ਬਟੂਏ) 'ਤੇ ਪਈ। "ਮੰਮੀ ਆਹ ਕਿਸੇ ਭਾਈ ਦਾ ਪਰਸ ਪਿਐ" ਉਸ ਬਟੂਆ ਚੁੱਕ ਕੇ ਆਪਣੀ ਮੰਮੀ ਨੂੰ ਫੜਾ ਦਿੱਤਾ।

ਉਸ ਦੀ ਮੰਮੀ ਨੇ ਪਰਸ ਦੇ ਅੰਦਰ ਨਜ਼ਰ ਮਾਰੇ ਬਿਨਾ ਹੀ ਆਪਣੇ ਪਤੀ ਵੱਲ ਵਧਾ ਦਿੱਤਾ 'ਪਰਸ ਵਾਹਵਾ ਭਾਰਾ ਲੱਗਦਾ ਹੈ, ਜਿਸ ਕਿਸੇ ਦਾ ਵੀ ਹੈ, ਬੇਚਾਰਾ ਬਹੁਤ ਪ੍ਰੇਸ਼ਾਨ ਹੋਵੇਗਾ। ਡਰਾਈਵਰ

ਨਿਰੰਜਣ ਬੋਹਾ
ਫੋਨ: 89682-82700

ਜਾਂ ਕੰਡਕਟਰ ਨੂੰ ਫੜਾ ਦਿਓ... ਉਹ ਪਰਸ ਦੀ ਭਾਲ ਲਈ ਬੱਸ ਵਿਚ ਜ਼ਰੂਰ ਆਵੇਗਾ। ਬੇਚਾਰੇ ਕੋਲ ਪਤਾ ਨਹੀਂ ਘਰ ਜਾਣ ਜੋਗੇ ਪੈਸੇ ਵੀ ਹੋਣਗੇ ਜਾਂ ਨਹੀਂ।"

"ਜਦੋਂ ਕੰਡਕਟਰ ਟਿਕਟਾਂ ਕੱਟਦਾ ਏਧਰ ਆਵੇਗਾ ਤਾਂ ਉਸਨੂੰ ਦੇ ਦੇਵਾਂਗੇ... ਪਹਿਲਾਂ ਵੇਖ ਤਾਂ ਲੈ ਇਸ ਵਿਚ ਹੈ ਕੀ। ਧਿਆਨ ਨਾਲ ਵੇਖ ਇਸ ਵਿਚ ਕੋਈ ਅਜਿਹਾ ਕਾਗਜ਼ ਪੱਤਰ ਤਾਂ ਨਹੀਂ ਜਿਸ 'ਤੇ ਪਰਸ ਵਾਲੇ ਦਾ ਪਤਾ-ਠਿਕਾਣਾ ਜਾਂ ਫੋਨ ਨੰਬਰ ਲਿਖਿਆ ਹੋਵੇ।" ਪਤੀ ਨੇ ਰਾਇ ਦਿੱਤੀ।

ਧਾਰਮਿਕ ਸਥਾਨ 'ਤੇ ਮੱਥਾ ਟੇਕ ਕੇ ਮੁੜ ਰਹੀ ਜੋੜੀ ਨੇ ਜਦੋਂ ਬਟੂਏ ਦੇ ਅੰਦਰ ਨਜ਼ਰ ਮਾਰੀ ਤਾਂ ਇਸ ਵਿਚ ਪੰਜ-ਪੰਜ ਸੌ ਦੇ ਕਾਫੀ ਨੋਟ ਸਨ ਤੇ ਅੰਦਰਲੀ ਜੇਬ ਵਿਚ ਲੋਕ ਸੰਪਰਕ ਵਿਭਾਗ ਵਲੋਂ ਜਾਰੀ ਕੀਤਾ ਇਕ ਪਛਾਣ ਪੱਤਰ ਵੀ ਸੀ।

"ਕੰਡਕਟਰ ਜਾਂ ਡਰਾਈਵਰ ਦਾ ਕੀ ਪਤੈ ਪਰਸ ਵਗਾਹ ਕੇ ਮਾਰਨ ਤੇ ਰਕਮ ਅੱਧੀ-ਅੱਧੀ ਕਰ ਕੇ ਆਪਣੀ ਜੇਬ ਵਿਚ ਪਾ ਲੈਣ। ਜਦੋਂ ਪਰਸ ਆਪਾਂ ਨੂੰ ਮਿਲਿਆ ਹੈ ਤਾਂ ਇਹ ਅਸਲ ਮਾਲਕ ਨੂੰ ਵਾਪਸ ਕਰਨ ਦੀ ਜ਼ਿੰਮੇਵਾਰੀ ਵੀ ਆਪਣੀ ਹੀ ਬਣਦੀ ਹੈ। ਪਛਾਣ ਪੱਤਰ 'ਤੇ ਲਿਖੇ ਨੰਬਰ 'ਤੇ ਫੋਨ ਮਿਲਾ, ਉਹ ਅਜੇ ਬੱਸ ਅੱਡੇ ਦੇ ਨੇੜ-ਤੇੜ ਹੀ ਹੋਣਾ ਚਾਹੀਦੈ।" ਉਸ ਦੇ ਪਤੀ ਨੇ ਹਦਾਇਤ ਕੀਤੀ।

ਉਸ ਆਪਣੇ ਪਤੀ ਦੀ ਹਦਾਇਤ 'ਤੇ ਅਮਲ ਕਰਦਿਆਂ ਤੁਰੰਤ ਫੋਨ ਲਾ ਲਿਆ ਪਰ ਅਗਲਾ ਫੋਨ ਰੇਂਜ ਤੋਂ ਬਾਹਰ ਹੋਣ ਦੇ ਸੰਕੇਤ ਦੇ ਰਿਹਾ ਸੀ। ਉਹ 'ਪਰਸ ਦਾ ਕੀ ਕਰੀਏ' ਦੇ ਦਵੰਦ ਵਿਚ ਪਏ ਹੋਏ ਸਨ। ਬਰਾਬਰ ਦੀ ਸੀਟ 'ਤੇ ਬੈਠੀ ਸਵਾਰੀ ਨੇ ਆਪਣੀ ਰਾਇ ਦਿੱਤੀ ਕਿ ਉਹ ਪਰਸ ਕੰਡਕਟਰ ਨੂੰ ਦੇਣ ਦੀ ਬਜਾਏ ਆਪਣੇ ਕੋਲ ਹੀ ਰੱਖਣਗੇ ਤਾਂ ਇਸਦੇ ਅਸਲ ਮਾਲਕ ਕੋਲ ਪਹੁੰਚਣਾ ਯਕੀਨੀ ਹੈ। ਸਵਾਰੀ ਦੀ ਗੱਲ ਮੰਨ ਕੇ ਉਨ੍ਹਾਂ ਪਰਸ ਹਾਲ ਦੀ ਘੜੀ ਆਪਣੇ ਕੋਲ ਹੀ ਰੱਖ ਲਿਆ।

ਦੁਬਾਰਾ ਫੋਨ ਲਾਇਆ ਤਾਂ ਫੋਨ ਮਿਲ ਗਿਆ।

"ਤੁਸੀਂ ... ਬੋਲਦੇ ਹੋ, ਮੈਂ ਜਲੰਧਰ ਤੋਂ ਬੋਲਦੀ ਹਾਂ .... ਤੁਹਾਡਾ ਪਰਸ ਮੇਰੇ ਕੋਲ ਹੈ... ਸਾਡਾ ਘਰ ਅੰਮ੍ਰਿਤਸਰ ਬਾਈ ਪਾਸ ਦੇ ਬਿਲਕੁਲ ਨੇੜੇ ਹੈ... ਤੁਸੀਂ ਸਾਡੇ ਘਰੋਂ ਆਪਣਾ ਪਰਸ ਲਿਜਾ ਸਕਦੇ ਹੋ, ਆਉਣ ਤੋਂ ਪਹਿਲਾਂ ਇਸ ਨੰਬਰ 'ਤੇ ਕਾਲ ਕਰ ਲੈਣਾ।" ਉਸ ਬਹੁਤ ਕਾਹਲੀ ਨਾਲ ਕਿਹਾ ਜਿਵੇਂ ਉਸ ਨੂੰ ਫੋਨ ਫਿਰ ਰੇਂਜ ਤੋਂ ਬਾਹਰ ਜਾਣ ਦਾ ਖਦਸ਼ਾ ਹੋਵੇ।

ਮੈਂ ਉਸ ਇਮਾਨਦਾਰ ਜੋੜੇ ਨੂੰ ਬਿਲਕੁਲ ਨਹੀਂ ਜਾਣਦਾ। ਪਰ ਜਿਸ ਨੂੰ ਉਨ੍ਹਾਂ ਫੋਨ ਮਿਲਾਇਆ ਸੀ, ਉਸਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਕਿਉਂਕਿ ਉਹ ਭੁਲੱਕੜ ਬੰਦਾ ਕੋਈ ਹੋਰ ਸਗੋਂ ਮੈਂ ਹੀ ਹਾਂ। ਫਗਵਾੜੇ ਅੰਬੇਡਕਰ ਭਵਨ ਵਿਚ ਹੋਏ ਇਕ ਸਾਹਿਤਕ ਸਮਾਗਮ ਵਿਚ ਗੁਰਨਾਮ ਬਾਵਾ ਦੇ ਨਾਵਲ 'ਤੇ ਹੋਈ ਗੋਸ਼ਟੀ ਵਿਚ ਭਾਗ ਲੈਣ ਤੋਂ ਬਾਅਦ ਬੱਸ ਰਾਹੀਂ ਲੁਧਿਆਣਾ ਵੱਲ ਆ ਰਿਹਾ ਸਾਂ। ਮੈਂ ਆਪਣੇ ਵੱਲੋਂ ਤਾਂ ਟਿਕਟ ਕਟਾਉਣ ਤੋਂ ਬਾਅਦ ਪਰਸ ਪੈਂਟ ਦੀ ਜੇਬ ਵਿਚ ਪਾ ਲਿਆ ਸੀ ਪਰ ਮੇਰੀ ਮੇਰੀ ਬੇ-ਧਿਆਨੀ ਕਾਰਨ ਜਾਂ ਤਾਂ ਉਹ ਜੇਬ ਵਿਚ ਪੂਰਾ ਨਹੀਂ ਸੀ ਪਿਆ ਜਾਂ ਮੇਰਾ ਧਿਆਨ ਕਿਸੇ ਹੋਰ ਪਾਸੇ ਹੋਣ ਕਾਰਨ ਸੀਟ 'ਤੇ ਹੀ ਰਹਿ ਗਿਆ ਸੀ। ਲੁਧਿਆਣਾ ਤੋਂ ਬੁਢਲਾਡਾ ਦੀ ਬੱਸ ਲੈਣ ਦੀ ਕਾਹਲ ਵਿਚ ਮੈਂ ਬੱਸ ਤੋਂ ਉਤਰਨ ਵੇਲੇ ਪਰਸ ਵੱਲ ਧਿਆਨ ਹੀ ਨਹੀਂ ਦਿੱਤਾ। ਪਰਸ ਗੁੰਮ ਜਾਣ ਦਾ ਪਤਾ ਤਾਂ ਉਦੋਂ ਲੱਗਾ ਜਦੋਂ ਦੂਜੀ ਬੱਸ ਦੇ ਕੰਡਕਟਰ ਨੂੰ ਨੇੜੇ ਆਉਂਦਾ ਵੇਖ ਕੇ ਟਿਕਟ ਕਟਾਉਣ ਲਈ ਮੈਂ ਆਪਣੀ ਜੇਬ ਵਿਚ ਹੱਥ ਮਾਰਿਆ। ਪਰਸ ਕਿੱਥੇ ਮਿਲਣਾ ਸੀ। ਮੇਰੇ ਕੋਲ ਤਾਂ ਟਿਕਟ ਕਟਾਉਣ ਜੋਗੇ ਪੈਸੇ ਵੀ ਨਹੀਂ ਸਨ। ਮੈਂ ਬੌਂਦਲਿਆ ਜਿਹਾ ਪਰਸ ਲੱਭਣ ਲਈ ਇਕ ਤੋਂ ਬਾਅਦ ਦੂਜੀ ਜੇਬ ਵਿਚ ਹੱਥ ਮਾਰ ਰਿਹਾ ਸਾਂ ਤਾਂ ਕੰਡਕਟਰ ਨੇ ਮੇਰੀ ਮਨੋ-ਅਵਸਥਾ ਭਾਂਪ ਕੇ ਕਿਹਾ, "ਕੋਈ ਨਾ ਬਾਬੂ ਜੀ ਤੁਸੀਂ ਅਰਾਮ ਨਾਲ ਲੱਭ ਲਵੋ ਆਪਣਾ ਪਰਸ.. ਮੈਂ ਟਿਕਟ ਅਗਲੇ ਗੇੜੇ ਕੱਟ ਦਿਆਂਗਾ। ਮੇਰੇ ਨਾਲ ਸੀਟ 'ਤੇ ਬੈਠੀ ਕਿਸੇ ਅਣਜਾਣ ਬੇਟੀ ਨੂੰ ਜਦੋਂ ਮੇਰਾ ਪਰਸ ਗੁੰਮ ਹੋਣ ਦਾ ਪਤਾ ਲੱਗਾ ਤਾਂ ਉਸ ਵੀ ਮੈਨੂੰ ਹੌਸਲਾ ਦਿੱਤਾ "ਅੰਕਲ ਜੀ, ਪ੍ਰੇਸ਼ਾਨ ਨਾ ਹੋਵੋ... ਤੁਹਾਡੀ ਟਿਕਟ ਮੈਂ ਕਟਾ ਲੈਂਦੀ ਹਾਂ" ਪਰ ਮੈਨੂੰ ਉਸ ਬੇਟੀ ਤੋਂ ਪੈਸੇ ਲੈਣ ਦੀ ਲੋੜ ਨਾ ਪਈ ਕਿਉਂਕਿ ਕੰਡਕਟਰ ਟਿਕਟ ਦੇ ਪੈਸੇ ਗੂਗਲ ਪੇਅ ਰਾਹੀਂ ਲੈਣ ਲਈ ਮੰਨ ਗਿਆ ਸੀ।

ਬੱਸ ਵਿਚ ਬੈਠਿਆਂ ਹੀ ਬੇਟੇ ਨੂੰ ਫੋਨ ਕੀਤਾ ਕਿ ਉਹ ਮੈਨੂੰ ਬੁਢਲਾਡਾ ਆ ਕੇ ਬੱਸ ਅੱਡੇ ਤੋਂ ਲੈ ਜਾਵੇ... ਕਿਉਂਕਿ ਮੇਰੇ ਕੋਲ ਬੁਢਲਾਡਾ ਤੋਂ ਬੋਹਾ ਜਾਣ ਜੋਗੇ ਪੰਦਰਾਂ ਰੁਪਏ ਵੀ ਨਹੀਂ ਸਨ।

ਮੈਨੂੰ ਪੈਸਿਆਂ ਨਾਲ ਬਹੁਤਾ ਮੋਹ ਤਾਂ ਨਹੀਂ ਹੈ ਪਰ ਦਸ ਹਜ਼ਾਰ ਦਾ ਇਕਦਮ ਨੁਕਸਾਨ ਹੋਣ 'ਤੇ ਕੋਈ ਵੀ ਬੰਦਾ ਥੋੜ੍ਹੇ ਚਿਰ ਲਈ ਤਾਂ ਪ੍ਰੇਸ਼ਾਨ ਜ਼ਰੂਰ ਹੁੰਦਾ ਹੀ ਹੈ, ਸੁਭਾਵਿਕ ਮੈਂ ਵੀ ਪ੍ਰੇਸ਼ਾਨ ਸਾਂ। ਬਰਨਾਲੇ ਨੇੜੇ ਅੱਪੜਿਆ ਤਾਂ ਕਿਸੇ ਅਣਜਾਣ ਨੰਬਰ ਤੋਂ ਆਏ ਫੋਨ ਨੇ ਮੇਰੀ ਸਾਰੀ ਪ੍ਰੇਸ਼ਾਨੀ ਦੂਰ ਕਰ ਦਿੱਤੀ। ਗੁਆਚੇ ਪੈਸੇ ਇਸ ਤਰ੍ਹਾਂ ਮਿਲ ਜਾਣ ਬਾਰੇ ਤਾਂ ਮੈਂ ਸੋਚਿਆ ਹੀ ਨਹੀਂ ਸੀ। ਮੈਂ ਜਿੱਥੇ ਫੋਨ ਕਰਨ ਵਾਲੀ ਬੇਟੀ ਦਾ ਹਾਰਦਿਕ ਧੰਨਵਾਦ ਕੀਤਾ ਤੇ ਕਿਹਾ, "ਮੈਂ ਤਾਂ ਹੁਣ 50 ਕਿਲੋਮੀਟਰ ਅੱਗੇ ਲੰਘ ਗਿਆ ਹਾਂ। ਜੇ ਥੋੜ੍ਹੀ ਜਿਹੀ ਖੇਚਲ ਕਰ ਕੇ ਪੈਸੇ ਗੂਗਲ ਪੇਅ ਕਰ ਦਿਓ ਤਾਂ ਬਹੁਤ ਮਿਹਰਬਾਨੀ ਹੋਵੇਗੀ।" ਉਹ ਦੋਵੇਂ ਪਤੀ-ਪਤਨੀ ਗੂਗਲ ਪੇਅ ਦੀ ਵਰਤੋਂ ਨਹੀਂ ਸਨ ਕਰਦੇ। ਉਨ੍ਹਾਂ ਕਿਹਾ ਬੱਸ ਵਿਚ ਤਾਂ ਤੁਹਾਡੇ ਪੈਸੇ ਵਾਪਸ ਕਰਨੇ ਸਾਡੇ ਲਈ ਸੰਭਵ ਨਹੀਂ ਹਨ ਪਰ ਘਰ ਪਹੁੰਚ ਕੇ ਕੋਈ ਇੰਤਜ਼ਾਮ ਜ਼ਰੂਰ ਕਰਾਂਗੇ।

ਨਾਲ ਬੈਠੀ ਅਣਜਾਣ ਬੇਟੀ ਵੀ ਮੇਰਾ ਪਰਸ ਲੱਭਣ ਦੀ ਗੱਲ ਸੁਣ ਕੇ ਖ਼ੁਸ਼ ਹੋ ਗਈ ਤੇ ਮੇਰੀ ਖ਼ੁਸ਼ੀ ਵਿਚ ਹੋਰ ਵਾਧਾ ਕਰਦਿਆਂ ਕਿਹਾ, "ਅੰਕਲ ਜੀ ਤੁਹਾਡੀ ਕਮਾਈ ਹੱਕ ਹਲਾਲ ਦੀ ਲੱਗਦੀ ਹੈ, ਇਸੇ ਲਈ ਤੁਹਾਡਾ ਗੁਆਚਿਆ ਪਰਸ ਇਮਾਨਦਾਰ ਹੱਥਾਂ ਵਿਚ ਪਹੁੰਚਿਆ ਹੈ। ਮੈਂ ਕਿਹਾ ਕਿ ਸਿਰਫ ਪਰਸ ਹੀ ਨਹੀਂ ਲੱਭਾ ਸਗੋਂ ਮੈਨੂੰ ਮਨੁੱਖਤਾ ਨੂੰ ਪਿਆਰ ਕਰਨ ਵਾਲੀਆਂ ਦੋ ਬੇਟੀਆਂ ਵੀ ਲੱਭ ਗਈਆਂ ਹਨ, ਜਿਨ੍ਹਾਂ ਨੂੰ ਅੱਜ ਤੋਂ ਪਹਿਲਾਂ ਮੈਂ ਬਿਲਕੁਲ ਨਹੀਂ ਸਾਂ ਜਾਣਦਾ।

ਰਾਤੀਂ ਸਾਢੇ ਅੱਠ ਕੁ ਵਜੇ ਮੇਰੇ ਵ੍ਹਟਸਐਪ 'ਤੇ ਜਲੰਧਰ ਵਾਲੀ ਬੇਟੀ ਦੀ ਲਾਈਵ ਕਾਲ ਆ ਗਈ। ਉਸ ਮੇਰੇ ਬਟੂਏ ਵਿਚਲੀ ਰਕਮ ਕੈਮਰੇ ਦੇ ਸਾਹਮਣੇ ਗਿਣ ਕੇ ਵਿਖਾਉਂਦਿਆਂ ਕਿਹਾ, "ਅੰਕਲ ਜੀ ਇਸ ਤੋਂ ਪਹਿਲਾਂ ਅਸੀਂ ਇਸ ਵਿਚਲੀ ਰਕਮ ਨਹੀਂ ਗਿਣੀ। ਏਨੇ ਪੈਸੇ ਹੀ ਹਨ ਨਾ।"

ਮੇਰੇ ਵੱਲੋਂ ਹਾਂ ਭਰਨ 'ਤੇ ਉਸ ਕਿਹਾ ਕਿ ਮੈਂ ਆਪਣਾ ਬੈਂਕ ਅਕਾਊਂਟ ਉਸ ਨੂੰ ਭੇਜ ਦੇਵਾਂ ਤਾਂ ਕਿ ਉਹ ਕੱਲ੍ਹ ਬੈਂਕ ਵਿਚ ਜਾ ਕੇ ਮੇਰੇ ਪੈਸੇ ਮੇਰੇ ਅਕਾਊਂਟ ਵਿਚ ਪਾ ਸਕੇ। ਮੈਂ ਉਸਨੂੰ ਆਪਣਾ ਬੈਂਕ ਖਾਤਾ ਨੰਬਰ ਭੇਜ ਦਿੱਤਾ।

...ਜੇ ਗੱਲ ਏਨੀ ਹੀ ਹੁੰਦੀ ਤਾਂ ਸ਼ਾਇਦ ਮੈਂ ਇਹ ਲਿਖਤ ਨਾ ਵੀ ਲਿਖਦਾ ਪਰ ਘੰਟੇ ਕੁ ਬਾਅਦ ਹੀ ਆਏ ਉਸਦੇ ਦੂਸਰੇ ਫੋਨ ਨੇ ਮੇਰੀਆਂ ਅੱਖਾਂ ਨਮ ਕਰ ਦਿੱਤੀਆਂ ਤੇ ਇਹ ਲਿਖਤ ਲਿਖਣ ਲਈ ਮਜਬੂਰ ਕਰ ਦਿੱਤਾ।

"ਅੰਕਲ ਜੀ, ਮੈਂ ਆਪਣੇ ਗੁਆਂਢੀਆਂ ਦੇ ਘਰ ਜਾ ਕੇ ਤੁਹਾਨੂੰ ਤੁਹਾਡੀ ਅਮਾਨਤ ਵਾਪਸ ਭੇਜ ਰਹੀ ਹਾਂ। ਇਨ੍ਹਾਂ ਕੋਲ ਗੂਗਲ ਪੇਅ ਚੱਲਦਾ ਹੈ।"

"ਏਨੀ ਵੀ ਕੀ ਕਾਹਲ ਹੈ ਬੇਟੇ... ਜਦੋਂ ਸਮਾਂ ਲੱਗਿਆ ਮੇਰੇ ਖਾਤੇ ਵਿਚ ਪਾ ਦੇਈਂ"।

"ਅੰਕਲ, ਜਿੰਨਾ ਚਿਰ ਤੁਹਾਡੀ ਅਮਾਨਤ ਮੈਂ ਤੁਹਾਡੇ ਕੋਲ ਪੁੱਜਦਾ ਨਹੀਂ ਕਰ ਦਿੰਦੀ...ਉਨਾ ਚਿਰ ਮੈਨੂੰ ਨੀਂਦ ਨਹੀਂ ਆਉਣੀ। ਹੁਣ ਮੈਂ ਚੈਨ ਨਾਲ ਸੌਂਵਾਂਗੀ।"

ਮੈਂ ਅਵਾਕ ਰਹਿ ਗਿਆ ਤੇ ਸੋਚਣ ਲੱਗਾ ਕਿ ਸਿਰਫ ਸੰਵੇਦਨਸ਼ੀਲ ਤੇ ਇਮਾਨਦਾਰ ਬੰਦੇ ਹੀ ਰਾਤਾਂ ਨੂੰ ਕਿਉਂ ਜਾਗਦੇ ਨੇ.. ਜੇ ਮੇਰਾ ਪਰਸ ਕਿਸੇ ਬੇਈਮਾਨ ਦੇ ਹੱਥ ਲੱਗਾ ਹੁੰਦਾ ਤਾਂ ਉਸ ਘੁਰਾੜੇ ਮਾਰ ਕੇ ਸੌਣਾ ਸੀ। ਟਰੂ ਕਾਲਰ ਉਸ ਬੇਟੀ ਦਾ ਨਾਂ ਸੰਜਨਾ ਸੈਣੀ ਦਰਸਾ ਰਿਹਾ। ਹੁਣ ਮੈਂ ਆਪਣਾ ਪਰਸ ਲੈਣ ਲਈ ਨਹੀਂ ਸਗੋਂ ਉਸ ਨੂੰ ਆਪਣੀ ਇਮਾਦਦਾਰ ਧੀ ਦੇ ਰੂਪ ਵਿਚ ਮਿਲਣ ਕਦੇ ਉਸ ਦੇ ਘਰ ਜਾਵਾਂਗਾ।

# ਫ਼ਿਲਮ ਲੋਕ



## ਮਲਾਇਕਾ ਅਰੋੜਾ ਫਿਰ ਚਰਚਾ ਵਿਚ

ਮਲਾਇਕਾ ਅਰੋੜਾ ਆਪਣੀਆਂ ਪ੍ਰੋਫੈਸ਼ਨਲ ਗੱਲਾਂ ਤੋਂ ਜ਼ਿਆਦਾ ਆਪਣੀਆਂ ਗਲੈਮਰਸ ਅਦਾਵਾਂ ਕਰਕੇ ਸੁਰਖੀਆਂ ਵਿਚ ਰਹਿੰਦੀ ਹੈ। ਇੰਸਟਾਗ੍ਰਾਮ 'ਤੇ ਉਸ ਦੇ ਕਾਫ਼ੀ ਫੈਨ ਹਨ। ਇਸ ਪਲੇਟਫਾਰਮ 'ਤੇ ਉਸ ਨੂੰ 1.9 ਕਰੋੜ ਲੋਕ ਫਾਲੋ ਕਰਦੇ ਹਨ। ਪਹਿਲਾਂ ਪਿਛਲੇ ਸਾਲ 11 ਸਤੰਬਰ ਨੂੰ ਆਪਣੇ ਪਿਤਾ ਅਨਿਲ ਅਰੋੜਾ ਦੀ ਮੌਤ ਅਤੇ ਉਸ ਦੇ ਬਾਅਦ ਐਕਟਰ ਅਰਜੁਨ ਕਪੂਰ ਨਾਲ ਬੇਕਅਪ ਨੂੰ ਲੈ ਕੇ ਚਰਚਾ ਵਿਚ ਰਹੀ ਮਲਾਇਕਾ ਅਰੋੜਾ, 'ਚਲ ਛੇਯਾ ਛੇਯਾ' ਅਤੇ 'ਮੁੰਨੀ ਬਦਨਾਮ ਹੁਈ', 'ਅਨਾਰਕਲੀ ਡਿਸਕੋ ਚਲੀ', 'ਢੋਲਨਾ', 'ਆਪ ਜੈਸਾ ਕੋਈ', 'ਕਾਲ ਧਮਾਲ', 'ਮਾਹੀ ਵੇ' ਵਰਗੇ ਸੁਪਰਹਿਟ ਆਈਟਮ ਗੀਤਾਂ ਵਿਚ ਆਪਣੀ ਡਾਂਸਿੰਗ ਮੁਹਾਰਤ ਅਤੇ ਖਾਸ ਕਰਕੇ ਆਪਣੇ ਫੈਸ਼ਨ ਸਟੇਟਮੈਂਟ ਲਈ ਜਾਣੀ ਜਾਂਦੀ ਹੈ। ਪਿਛਲੀ ਵਾਰ ਮਲਾਇਕਾ ਅਰੋੜਾ ਨੂੰ ਗੀਤ 'ਯੇਕ ਨੰਬਰ' ਵਿਚ ਦੇਖਿਆ ਗਿਆ ਮੀ। ਮਲਾਇਕਾ ਅਰੋੜਾ ਹੁਣ ਤੱਕ ਅਨੇਕ ਡਾਂਸ ਰਿਆਲਿਟੀ ਸ਼ੋਆਂ ਵਿਚ ਜੱਜ ਦੇ ਕਿਰਦਾਰ ਵਿਚ ਬੇਹੱਦ ਗਲੈਮਰਸ ਅਤੇ ਖ਼ੂਬਸੂਰਤ ਅਦਾਕਾਰਾ ਦੇ ਰੂਪ ਵਿਚ ਨਜ਼ਰ ਆ ਚੁੱਕੀ ਹੈ। 2022 ਵਿੱਚ ਮਲਾਇਕਾ ਆਪਣਾ ਸ਼ੋਅ 'ਮੂਵਿੰਗ ਇਨ ਵਿਦ ਮਲਾਇਕਾ' ਲੈ ਕੇ ਆਈ ਸੀ। ਇਸ ਵਿਚ ਉਸ ਨੂੰ ਸਟੈਂਡ-ਅਪ ਕਾਮੇਡੀ ਕਰਦੇ ਹੋਏ ਵੀ ਦੇਖਿਆ ਗਿਆ ਸੀ। ਇਸ ਕਿਰਦਾਰ ਵਿਚ ਵੀ ਪ੍ਰਸੰਸਕਾਂ ਨੇ ਉਸ ਨੂੰ ਕਾਫ਼ੀ ਪਸੰਦ ਕੀਤਾ ਸੀ।

ਮਲਾਇਕਾ ਆਪਣੀ ਫਿੱਟਨੈੱਸ ਦਾ ਵੀ ਪੂਰਾ ਧਿਆਨ ਰੱਖਦੀ ਹੈ। ਉਹ ਟੀ.ਵੀ. ਅਤੇ ਫ਼ਿਲਮਾਂ ਵਿਚ ਲਗਾਤਾਰ ਕੰਮ ਕਰ ਰਹੀ ਹੈ। ਆਪਣੇ ਗਲੈਮਰਸ ਲੁੱਕ ਅਤੇ ਫਿਟਨੈੱਸ ਕਰਕੇ ਹਮੇਸ਼ਾ ਚਰਚਾ ਵਿਚ ਰਹਿੰਦੀ ਹੈ। 50 ਸਾਲ ਤੋਂ ਉੱਪਰ ਹੋ ਜਾਣ ਦੇ ਬਾਵਜੂਦ ਉਹ ਅੱਜ ਵੀ 25 ਸਾਲ ਵਰਗੀ ਕਿਸੇ ਕੁੜੀ ਦੀ ਵਾਂਗ ਹੀ ਫਿੱਟ ਨਜ਼ਰ ਆਉਂਦੀ ਹੈ। ਉਸ ਦੀ ਖ਼ੂਬਸੂਰਤੀ ਅਤੇ ਗ਼ਜ਼ਬ ਦੀ ਫਿਟਨੈੱਸ ਦਾ ਲੋਹਾ ਸੋਸ਼ਲ ਮੀਡੀਆ ਵਰਤੋਂ ਕਾਰ ਵੀ ਮੰਨਦੇ ਹਨ।

ਮਲਾਇਕਾ ਅਰੋੜਾ ਏਨੀ ਜ਼ਿਆਦਾ ਖ਼ੂਬਸੂਰਤ ਅਤੇ ਫਿਟ ਹੈ ਕਿ ਜੇਕਰ ਉਹ ਚਾਹੁੰਦੀ ਤਾਂ ਬਤੌਰ ਮੁੱਖ ਅਦਾਕਾਰਾ ਐਕਟਿੰਗ ਕਰੀਅਰ ਦੀ ਸ਼ੁਰੂਆਤ ਕਰਦੇ ਹੋਏ ਵੱਡੀ ਤੋਂ ਵੱਡੀ ਅਦਾਕਾਰਾ ਲਈ ਖ਼ਤਰਾ ਬਣ ਸਕਦੀ ਸੀ। ਪਰ ਮਲਾਇਕਾ ਨੇ ਇਸ ਤੋਂ ਬਿਲਕੁਲ ਵੱਖਰੀ ਇਕ ਨਵੀਂ ਰਾਹ ਚੁਣੀ। ਮਲਾਇਕਾ ਅਰੋੜਾ ਨੇ ਭਾਵੇਂ ਘੱਟ ਫ਼ਿਲਮਾਂ ਵਿਚ ਕੰਮ ਕੀਤਾ ਹੋਵੇ, ਪਰ ਆਪਣੇ ਲਟਕਿਆਂ-ਝਟਕਿਆਂ ਦੀ ਵਜ੍ਹਾ ਕਰਕੇ ਬਾਲੀਵੁੱਡ 'ਤੇ ਛਾਈ ਰਹੀ ਸੀ।

ਉਸ ਦਾ ਗਲੈਮਰਸ ਅੰਦਾਜ਼ ਅਕਸਰ ਪ੍ਰਸੰਸਕਾਂ ਨੂੰ ਉਸ ਦੇ ਸੋਸ਼ਲ ਮੀਡੀਆ ਅਕਾਊਂਟ ਜ਼ਰੀਏ ਨਜ਼ਰ ਆਉਂਦਾ ਰਹਿੰਦਾ ਹੈ। ਕਦੀ ਉਹ ਸ਼ਾਰਟ ਡ੍ਰੈੱਸ ਵਿਚ ਨਜ਼ਰ ਆਉਂਦੀ ਹੈ ਤੇ ਕਦੀ ਬਿਕਨੀ ਵਿਚ ਪ੍ਰਸੰਸਕਾਂ ਦੇ ਦਿਲਾਂ 'ਤੇ ਛੁਰੀਆਂ ਚਲਾਉਂਦੀ ਹੈ।

ਅਰਜੁਨ ਕਪੂਰ ਤੋਂ ਵੱਖ ਹੋਣ ਤੋਂ ਬਾਅਦ ਕਿਹਾ ਜਾ ਰਿਹਾ ਹੈ ਕਿ ਮਲਾਇਕਾ ਦੀ ਜ਼ਿੰਦਗੀ ਵਿਚ ਇਕ ਵਾਰ ਫਿਰ ਪਿਆਰ ਨੇ ਦਸਤਕ ਦਿੱਤੀ ਹੈ। ਹਾਲ ਹੀ ਵਿਚ ਮਲਾਇਕਾ ਵਲੋਂ ਸੋਸ਼ਲ ਮੀਡੀਆ 'ਤੇ ਪੋਸਟ ਕੀਤੀਆਂ ਗਈਆਂ ਤਸਵੀਰਾਂ ਵਿਚ ਉਹ ਇਕ ਮਿਸਟਰੀ ਮੈਨ ਨਾਲ, ਸਪੇਨ ਵਿਚ ਕੁਆਲਿਟੀ ਟਾਈਮ ਬਤੀਤ ਕਰਦੇ ਹੋਏ ਨਜ਼ਰ ਆਈ। ਇਨ੍ਹਾਂ ਤਸਵੀਰਾਂ ਨੇ ਹਰ ਕਿਸੇ ਦਾ ਧਿਆਨ ਖਿੱਚਿਆ ਹੈ।

## ਵਿਅੰਗਾਤਮਕ ਫ਼ਿਲਮ ਹੈ ਹੁਸ਼ਿਆਰ ਸਿੰਘ

ਹੁਸ਼ਿਆਰ ਸਿੰਘ (ਆਪਣਾ ਅਰਸਤੂ) ਫ਼ਿਲਮ ਦੇ ਨਿਰਦੇਸ਼ਕ ਉਦੈ ਪ੍ਰਤਾਪ ਸਿੰਘ ਹਨ। ਮਸ਼ਹੂਰ ਗਾਇਕ ਸਤਿੰਦਰ ਸਰਤਾਜ, ਅਦਾਕਾਰਾ ਸਿੰਮੀ ਚਾਹਲ ਤੇ ਹੋਰ ਬਹੁਤ ਸਾਰੇ ਨਾਮਵਰ ਅਦਾਕਾਰ ਤੇ ਕਲਾਕਾਰ ਇਸ ਫਿਲਮ 'ਚ ਸ਼ਾਮਿਲ ਹਨ। ਫਿਲਮ ਦੇ ਨਿਰਦੇਸ਼ਨ 'ਚ ਬਹੁਤ ਸਾਰੀਆਂ ਕਮੀਆਂ ਹਨ, ਫਿਲਮ ਦੀ ਕਹਾਣੀ ਉੱਪਰ ਹੋਰ ਮਿਹਨਤ ਕਰਨ ਦੀ ਜ਼ਰੂਰਤ ਸੀ ਕਿਉਂਕਿ ਕਹਾਣੀ ਪੱਖੋਂ ਫਿਲਮ ਪੱਛੜੀ ਨਜ਼ਰ ਆਉਂਦੀ ਹੈ। ਫਿਲਮ 'ਚ ਗੀਤ, ਸੰਗੀਤ, ਸ਼ਾਇਰੀ ਬਹੁਤ ਉੱਚ ਦਰਜੇ ਦੀ ਹੈ ਪਰ ਬਹੁਤ ਸਾਰੇ ਵਿਅੰਗ ਸਿੱਖਿਆ ਸਿਸਟਮ ਉੱਪਰ ਢੁੱਕਵੇਂ ਹਨ। ਕਾਮੇਡੀ ਤੇ ਮਨੋਰੰਜਨ ਪੱਖ ਤੋਂ ਵੀ ਵਧੀਆ ਹੈ, ਨਾਲ ਹੀ ਕੁਝ ਗੰਭੀਰ ਮਸਲੇ ਵੀ ਉਘਾੜੇ ਗਏ ਹਨ। ਕੁਝ ਕੁ ਗੱਲਾਂ ਕਾਲਪਨਿਕ ਹਨ ਤੇ ਸੱਚਾਈ ਦੇ ਨਜ਼ਦੀਕ ਵੀ। ਪੰਜਾਬ ਦੇ ਸਰਕਾਰੀ ਸਕੂਲਾਂ ਦੇ ਅੱਜ ਤੋਂ ਦਹਾਕਾ ਕੁ ਪਹਿਲਾਂ ਦੇ ਸਿਸਟਮ ਦੀ ਗੱਲ ਕੀਤੀ ਗਈ ਹੈ। ਉਹ ਕਮੀਆਂ ਜੋ ਪਹਿਲਾਂ ਸਨ ਤੇ ਅੱਜ ਵੀ ਹਨ। ਕੁਝ ਕੁ ਸਮੱਸਿਆਵਾਂ ਦਾ ਹੱਲ ਹੋ ਚੁੱਕਿਆ ਹੈ, ਪਰ ਬਹੁਤ ਸਾਰੀਆਂ ਅੱਜ ਵੀ ਜਿਉਂ ਦੀਆਂ ਤਿਉਂ ਹਨ। ਉੱਪਰ ਤੋਂ ਲੈ ਕੇ ਹੇਠਾਂ ਤਕ ਸਿੱਖਿਆ ਸਿਸਟਮ ਉੱਪਰ ਵਿਅੰਗ ਕੀਤਾ ਗਿਆ ਹੈ। ਪਿੰਡਾਂ ਦੀਆਂ ਪੰਚਾਇਤਾਂ ਅਤੇ ਪਿੰਡ ਦੇ ਅਨਪੜ੍ਹ ਤੇ ਨਾਸਮਝ ਲੋਕਾਂ 'ਤੇ ਵੀ ਵਿਅੰਗ ਕੀਤਾ। ਗਿਆ ਹੈ। ਫਿਲਮ ਦੇ ਡਾਇਲਾਗ ਕਮਾਲ ਦੇ ਹਨ। ਵੱਖ-ਵੱਖ ਪਾਤਰਾਂ ਦੇ ਵਾਰਤਾਲਾਪਾਂ ਰਾਹੀਂ ਉੱਚ ਦਰਜੇ ਦੀਆਂ ਅਤੇ ਵੱਡੀਆਂ-ਵੱਡੀਆਂ ਗੱਲਾਂ ਕਹੀਆਂ ਗਈਆਂ ਹਨ। ਸਰਕਾਰੀ ਤੇ ਪ੍ਰਾਈਵੇਟ ਸਕੂਲਾਂ 'ਚ ਕੀ ਫ਼ਰਕ ਹੈ ਤੇ ਇਹ ਫ਼ਰਕ ਕਿਉਂ ਹੈ? ਇਸ ਗੱਲ ਨੂੰ ਪਰਿਭਾਸ਼ਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਫਿਲਮ ਵਿਚ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਜਿਹੜੀ ਸਿੱਖਿਆ ਬੱਚੇ ਦੇ ਕੰਮ ਹੀ ਨਹੀਂ ਆਉਂਦੀ, ਉਸ ਦਾ ਕੋਈ ਫ਼ਾਇਦਾ ਨਹੀਂ। ਉਹ ਸਿੱਖਿਆ ਵਿਅਰਥ ਹੈ, ਜੋ ਵਿਅਕਤੀ ਦੀ ਜ਼ਿੰਦਗੀ 'ਚ ਕੰਮ ਨਾ ਆਵੇ। ਅਧਿਆਪਕ ਦੀ ਜ਼ਿੰਦਗੀ ਵੀ ਆਮ ਵਿਅਕਤੀਆਂ ਦੀ ਤਰ੍ਹਾਂ ਹੀ ਹੁੰਦੀ ਹੈ। ਉਹ ਵੀ ਸਮਾਜ ਦਾ ਅੰਗ ਹੁੰਦਾ ਹੈ। ਕਈ ਵਾਰੀ ਅਸੀਂ ਸੋਚਦੇ ਹਾਂ ਕਿ ਅਧਿਆਪਕ ਬਹੁਤ ਜ਼ਿਆਦਾ ਆਦਰਸ਼ ਹੋਣਾ ਚਾਹੀਦਾ ਹੈ। ਇਹ ਸਹੀ ਵੀ ਹੈ ਪਰ ਸਮਾਜ ਕਿਸ ਤਰ੍ਹਾਂ ਦਾ ਹੈ, ਸਿਸਟਮ ਕਿਸ ਤਰ੍ਹਾਂ ਦਾ ਹੈ? ਉਸ ਵਿਚ ਆਦਰਸ਼ ਅਧਿਆਪਕ ਪਿਛਲੇ ਪਾਸੇ ਖੜ੍ਹਾ ਪਾਇਆ ਜਾਂਦਾ ਹੈ। ਆਦਰਸ਼ ਦੀ ਕੋਈ ਕਦਰ ਨਹੀਂ ਹੈ। ਮਹੱਤਵ ਹੈ ਰਾਜਨੀਤਕ ਪਹੁੰਚ ਦਾ। ਫਿਲਮ ਵਿਚ ਇੱਕ ਸ਼ਰਾਬੀ ਅਧਿਆਪਕ ਨੂੰ ਬੈਸਟ ਅਧਿਆਪਕ ਦਾ ਐਵਾਰਡ ਦੇਣਾ ਇਹੀ ਗਲ ਨੂੰ ਸਿੱਧ ਕਰਦਾ ਹੈ। ਸਰਕਾਰੀ ਅਧਿਆਪਕ ਨੂੰ ਵਾਧੂ ਜਾਂ ਫ਼ਾਲਤੂ ਕੰਮਾਂ ਵਿਚ ਉਲਝਾ ਦਿੱਤਾ ਜਾਂਦਾ ਹੈ, ਜਿਸ ਕਾਰਨ ਉਹ ਆਪਣਾ ਸਮਾਂ ਬੱਚਿਆਂ ਨੂੰ ਸਮਰਪਿਤ ਨਹੀਂ ਕਰ ਪਾਉਂਦਾ। ਜਿਸ ਕਾਰਨ ਬੱਚੇ ਪਿੱਛੇ ਰਹਿ ਸਕਦੇ ਹਨ ਤੇ ਜਦੋਂ ਤਕ ਅਧਿਆਪਕ ਹੀ ਰੈਗੂਲਰ ਨਹੀਂ ਹੈ, ਤਾਂ ਬੱਚੇ ਕਿਸ ਤਰ੍ਹਾਂ ਰੈਗੂਲਰ ਹੋ ਸਕਦੇ



ਹਨ। ਇਸ ਦੇ ਬਾਵਜੂਦ ਸਰਕਾਰੀ ਅਧਿਆਪਕ ਆਪਣੀ ਯੋਗਤਾ ਦਾ ਪੂਰਾ ਉਪਯੋਗ ਕਰਦਾ ਹੋਇਆ ਆਪਣੇ ਬੱਚਿਆਂ ਨੂੰ 100 ਫ਼ੀਸਦੀ ਸਮਰਪਿਤ ਕਰਨ ਦੀ ਕੋਸ਼ਿਸ਼ ਕਰੇ। ਇਹ ਫਿਲਮ ਵਿਚ ਦਰਸਾਇਆ ਗਿਆ ਹੈ ਕਿ ਜੇ ਉਹ ਕੋਸ਼ਿਸ਼ ਕਰੇ ਤਾਂ ਵੀ ਬੱਚਿਆਂ ਨੂੰ ਵਧੀਆ ਇਨਸਾਨ ਤੇ ਸਮਾਜ ਲਈ ਉਪਯੋਗੀ ਇਨਸਾਨ ਬਣਾ ਸਕਦਾ ਹੈ। ਇਸ ਫਿਲਮ ਵਿਚ ਅਧਿਆਪਕਾਂ ਨੂੰ ਮਨੋਵਿਗਿਆਨਿਕ ਸਿੱਖਿਆ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਅਧਿਆਪਕ ਬੱਚਿਆਂ ਨੂੰ ਰਵਾਇਤੀ ਤਰੀਕਿਆਂ ਨਾਲ ਨਾ ਪੜ੍ਹਾ ਕੇ ਮਨੋਵਿਗਿਆਨਿਕ ਤਰੀਕਿਆਂ ਨਾਲ ਪੜ੍ਹਾਵੇ। ਮਨੋਵਿਗਿਆਨ ਦੀ ਪੜ੍ਹਾਈ ਉਨ੍ਹਾਂ ਨੂੰ ਅਧਿਆਪਕ ਲੱਗਣ ਤੋਂ ਪਹਿਲਾਂ ਹੀ ਕਰਵਾ ਦਿੱਤੀ ਜਾਂਦੀ ਹੈ ਤੇ ਮਨੋਵਿਗਿਆਨ ਦਾ ਉਨ੍ਹਾਂ ਨੂੰ ਸੰਪੂਰਨ ਗਿਆਨ ਹੁੰਦਾ ਹੈ। ਫਿਲਮ ਦੇ ਆਖ਼ਰ ਵਿਚ ਅਧਿਆਪਕ ਦਾ ਗੁਆਚ ਜਾਣਾ ਇਹ ਸਿੱਧ ਕਰਦਾ ਹੈ ਕਿ ਸਮਾਜ 'ਚ ਅਜਿਹੇ ਅਧਿਆਪਕਾਂ ਦੀ ਕਮੀ ਹੋ ਗਈ ਹੈ ਤੇ ਇਹ ਬਿਲਕੁਲ ਸੱਚ ਵੀ ਹੈ। ਅਜਿਹੇ ਅਧਿਆਪਕਾਂ ਦੀ ਕਮੀ ਲਈ ਜ਼ਿੰਮੇਵਾਰ ਕੌਣ ਹੈ? ਇਹ ਵਿਚਾਰਨਯੋਗ ਹੈ।

## ਦੋਹਰੀ ਭੂਮਿਕਾ ਦਾ ਅਜਬ ਦੌਰ

ਫਿਲਮ ਦੀ ਕਹਾਣੀ ਨੂੰ ਰੋਚਿਕ ਬਣਾਉਣ ਲਈ ਮੁੱਖ ਕਲਾਕਾਰ ਨੂੰ ਦੋਹਰੀ ਭੂਮਿਕਾ ਵਿਚ ਪੇਸ਼ ਕਰਨ ਦਾ ਰੁਝਾਨ ਕਾਫ਼ੀ ਕਾਮਯਾਬ ਰਿਹਾ ਸੀ ਤੇ ਕਈ ਨਿਰਮਾਤਾ-ਨਿਰਦੇਸ਼ਕਾਂ ਨੇ ਇਸ ਰੁਝਾਨ ਤੋਂ ਲਾਹਾ ਲੈਂਦਿਆਂ ਭਾਰੀ ਕਮਾਈ ਕੀਤੀ ਸੀ। 'ਵੇ ਕੌਨ ਥੀ, ਮੇਰਾ ਸਾਇਆ, ਰਾਮ ਔਰ ਸ਼ਾਮ, ਅਰਾਧਨਾ, ਅੰਗੂਰ, ਪਾਕੀਜ਼ਾ, ਮਮਤਾ ਸ਼ਰਮੀਲੀ, 'ਹਸੀਨਾ ਮਾਨ ਜਾਏਗੀ' ਆਦਿ ਜਿਹੀਆਂ ਕਈ ਫ਼ਿਲਮਾਂ ਨਾਇਕ ਜਾਂ ਨਾਇਕਾ ਦੇ ਡਬਲ ਰੋਲ ਕਰਕੇ ਹੀ ਪ੍ਰਸਿੱਧ ਹੋਈਆਂ ਸਨ। ਅਦਾਕਾਰਾ ਸਾਧਨਾ ਨੇ 'ਵੋ ਕੌਨ ਥੀ ਅਤੇ ਮੇਰਾ ਸਾਇਆ' ਨਾਮੀ ਫ਼ਿਲਮਾਂ ਜਿੱਥੇ ਦੋਹਰੀ ਭੂਮਿਕਾ ਅਦਾ ਕੀਤੀ ਸੀ ਉਥੇ ਹੀ ਫ਼ਿਲਮ 'ਅਨੀਤਾ' ਵਿਚ ਉਸਨੇ ਟਰਿੱਪਲ ਰੋਲ ਭਾਵ ਤੀਹਰੀ ਭੂਮਿਕਾ ਨਿਭਾਈ ਸੀ। ਫ਼ਿਲਮ 'ਨਇਆ ਦਿਨ ਨਈ ਰਾਤ' ਵਿਚ ਅਦਾਕਾਰ ਸੰਜੀਵ ਕੁਮਾਰ ਨੇ ਇਕ-ਦੋ ਨਹੀਂ ਸਗੋਂ 9 ਕਿਰਦਾਰ ਅਦਾ ਕਰਕੇ ਸਭ ਨੂੰ ਹੈਰਤ ਵਿਚ ਪਾ ਦਿੱਤਾ ਸੀ। ਅਦਾਕਾਰ ਮਹਿਮੂਦ ਨੇ ਵੀ ਅਜਿਹਾ ਹੀ ਇਕ ਤਜਰਬਾ ਕੀਤਾ ਸੀ ਜੋ ਕਿ ਦਰਸ਼ਕਾਂ ਵਲੋਂ ਕਾਫੀ ਸਰਾਹਿਆ ਗਿਆ ਸੀ।



## ਫੂਕ ਫੂਕ ਕਦਮ ਰੱਖਦੀ ਆਇਰਾ ਬਾਂਸਲ

'ਵਾਈ ਡੇ' (2018), 'ਦ ਜੋਇਆ ਫੈਕਟਰ' ਅਤੇ '36 ਵਾਰਮਹਾਊਸ (2021) ਵਰਗੀਆਂ ਫਿਲਮਾਂ ਵਿਚ ਛੋਟੇ-ਛੋਟੇ ਕਿਰਦਾਰ ਨਿਭਾਉਣ ਵਾਲੀ ਅਦਾਕਾਰਾ ਆਇਰਾ ਬਾਂਸਲ ਨੇ ਕੁਝ ਸੰਗੀਤਕ ਵੀਡੀਓਜ਼ ਵਿਚ ਵੀ ਕੰਮ ਕੀਤਾ ਹੈ। ਸਾਧੇ ਹੋਏ ਕਦਮਾਂ ਨਾਲ ਅੱਗੇ ਵਧ ਰਹੀ ਹੈ ਅਦਾਕਾਰਾ ਆਇਰਾ ਬਾਂਸਲ ਉੱਤਰ ਪ੍ਰਦੇਸ਼ ਦੇ ਆਗਰਾ ਦੀ ਰਹਿਣ ਵਾਲੀ ਹੈ। ਆਇਰਾ ਸ਼ੁਰੂ ਤੋਂ ਹੀ ਇਕ ਅਦਾਕਾਰਾ ਹੀ ਬਣਨਾ ਚਾਹੁੰਦੀ ਸੀ। ਆਗਰਾ ਤੋਂ ਗ੍ਰੈਜੂਏਸ਼ਨ ਕਰਨ ਤੋਂ ਬਾਅਦ ਜਦੋਂ ਆਇਰਾ ਅੱਗੇ ਦੀ ਪੜ੍ਹਾਈ ਲਈ ਦਿੱਲੀ ਆਈ ਤਾਂ ਉਦੋਂ ਅਚਾਨਕ ਉਸ ਨੇ ਅੱਗੇ ਦੀ ਪੜ੍ਹਾਈ ਦੀ ਬਜਾਏ ਐਕਟਿੰਗ ਕਰਨ ਦਾ ਮਨ ਬਣਾ ਲਿਆ। ਇਸ ਤੋਂ ਬਾਅਦ 2018 ਵਿਚ ਉਹ ਮੁੰਬਈ ਪਹੁੰਚ ਗਈ। ਆਇਰਾ ਬਾਂਸਲ ਦੀ ਭੈਣ ਸੋਨੀਆ ਬਾਂਸਲ ਵੀ ਇਕ ਅਦਾਕਾਰਾ ਹੈ ਜੋ ਕਿ ਆਇਰਾ ਤੋਂ ਕੁਝ ਸਮਾਂ ਪਹਿਲਾਂ ਹੀ ਮੁੰਬਈ ਗਈ ਸੀ। ਮੁੰਬਈ ਜਾ ਕੇ ਆਇਰਾ ਨੇ ਕੁਝ ਸਮੇਂ ਤੱਕ ਵਰਕਸ਼ਾਪ ਅਤੇ ਥੀਏਟਰ ਕੀਤਾ ਅਤੇ ਫਿਰ ਉਸ ਨੂੰ ਮਾਡਲਿੰਗ ਦੀਆਂ ਪੇਸ਼ਕਸ਼ਾ ਮਿਲਣੀਆਂ ਸ਼ੁਰੂ ਹੋ ਗਈਆਂ। ਅਭਿਨੇਤਾ ਰਾਜੂ ਖੇਰ ਦੇ ਨਾਲ ਆਇਰਾ ਨੂੰ ਸਿੰਗਲ 'ਮੇਰੀ ਬੇਟੀਆ' ਵਿਚ ਕੰਮ ਕਰਨ ਦਾ ਮੌਕਾ ਮਿਲਿਆ। ਉਸੇ ਦੌਰਾਨ ਉਸ ਨੇ ਕੁਝ ਸੰਗੀਤਕ ਵੀਡੀਓ ਵੀ ਕੀਤੇ।

### ਆਇਰਾ ਆਪਣੇ ਰਾਜ

ਉੱਤਰ ਪ੍ਰਦੇਸ਼ ਦੇ ਵਾਰਾਣਸੀ ਵਿਚ ਇਕ ਫ਼ਿਲਮ ਦੀ ਸ਼ੂਟਿੰਗ ਖ਼ਤਮ ਕਰ ਚੁੱਕੀ ਹੈ ਅਤੇ ਹੁਣ ਐਕਟਰ ਅਲੀ ਮਰਚੇਂਟ ਦੇ ਨਾਲ ਨੋਇਡਾ ਵਿਚ ਇਕ ਵੈੱਬ ਸੀਰੀਜ਼ ਦੀ ਸ਼ੂਟਿੰਗ ਕਰ ਰਹੀ ਹੈ। ਇਸ ਵੈੱਬ ਸੀਰੀਜ਼ ਵਿਚ ਉਸ ਦੀ ਜੋੜੀ 'ਪੰਚਾਇਤ' ਤੋਂ ਪ੍ਰਸਿੱਧ ਹੋਏ ਐਕਟਰ ਚੰਦਨ ਰਾਏ ਦੇ ਨਾਲ ਨਜ਼ਰ ਆਵੇਗੀ। ਇਸ ਵਿਚ ਰੀਤੂ ਸ੍ਰੀ ਅਤੇ ਕੰਚਨ ਅਵਸਥੀ ਵੀ ਨਜ਼ਰ ਆਉਣਗੀਆਂ। ਆਇਰਾ ਬਾਂਸਲ ਹੌਲੀ ਪਰ ਸਾਧੇ ਹੋਏ ਕਦਮਾਂ ਨਾਲ ਅੱਗੇ ਵਧਦਿਆਂ ਲਗਾਤਾਰ ਆਪਣੀ ਪੁਜ਼ੀਸ਼ਨ ਨੂੰ ਮਜ਼ਬੂਤ ਕਰਦੀ ਜਾ ਰਹੀ ਹੈ। ਉਸ ਦੇ ਪੋਰਟਫੋਲੀਓ ਵਿਚ ਇਕ ਫ਼ਿਲਮ 'ਆਧਾਰ' ਹੈ, ਜੋ ਰਿਲੀਜ਼ ਦੇ ਨੇੜੇ ਹੈ। ਇਸ ਤੋਂ ਇਲਾਵਾ ਉਹ ਦੋ ਤਾਮਿਲ ਅਤੇ ਇਕ ਤੇਲਗੂ ਫ਼ਿਲਮ ਵੀ ਕਰ ਰਹੀ ਹੈ।

# 'ਪੰਜਾਬ ਟਾਈਮਜ਼ ਨਾਈਟ -2025' 17 ਮਈ ਨੂੰ

'ਪੰਜਾਬ ਟਾਈਮਜ਼' ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਨੂੰ ਸਮਰਪਿਤ

**'ਪੰਜਾਬ ਟਾਈਮਜ਼ ਨਾਈਟ-2025'**
**17 ਮਈ, 2025**
**ਦਿਨ ਸ਼ਨਿਚਰਵਾਰ**

ਨੂੰ ਕਰਵਾਈ ਜਾ ਰਹੀ ਹੈ। ਇਸ ਸਾਹਿਤਕ ਅਤੇ ਸੰਗੀਤਕ ਪ੍ਰੋਗਰਾਮ ਵਿਚ ਸ਼ਮੂਲੀਅਤ ਕਰਨ ਲਈ ਆਪ ਸਭ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।



ਸ. ਅਮੋਲਕ ਸਿੰਘ ਜੰਮੂ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਹਰਦਿਆਲ ਸਿੰਘ ਦਿਓਲ | ਡਾ. ਗੁਰਦਿਆਲ ਸਿੰਘ ਬਸਰਾਨ | ਜੈਦੇਵ ਸਿੰਘ ਭੱਠਲ | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਹਰਜੀਤ ਸਿੰਘ ਸਾਹੀ | ਦਰਸ਼ਨ ਸਿੰਘ ਦਰੜ | ਮਨਦੀਪ ਸਿੰਘ ਭੂਰਾ | ਰਾਜਿੰਦਰ ਸਿੰਘ ਬੈਂਸ



ਸੁਰਿੰਦਰ ਸਿੰਘ ਸੁੰਨੜ | ਰਘਬੀਰ ਸਿੰਘ ਘੁੰਨ | ਪਰਮਿੰਦਰ ਸਿੰਘ ਵਾਲੀਆ | ਅਮਰੀਕ ਸਿੰਘ (ਅਮਰ ਕਾਰਪੈਟ) | ਜਸਕਰਨ ਸਿੰਘ ਧਾਲੀਵਾਲ | ਡਾ. ਤੇਜਿੰਦਰ ਸਿੰਘ ਮੰਡੇਰ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਭੁਪਿੰਦਰ ਸਿੰਘ ਧਾਲੀਵਾਲ | ਗੁਰਦੇਵ ਸਿੰਘ ਜੌੜਾ | ਅੰਮ੍ਰਿਤਪਾਲ ਸਿੰਘ ਸੰਘਾ



ਜਸਵੀਰ ਕੌਰ ਢਿਲੋਂ | ਡਾ. ਇਨਕਲਾਬੀ ਥਾਂਦੀ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਹਰਵਿੰਦਰ ਪਾਲ ਸਿੰਘ ਲੈਲ | ਜਗਜੀਤ ਸਿੰਘ ਢੀਂਡਸਾ | ਸਰਵਣ ਸਿੰਘ ਟਿਵਾਣਾ | ਸੁਖਮੇਲ ਸਿੰਘ ਅਟਵਾਲ | ਸ. ਹੈਪੀ ਸਿੰਘ ਹੀਰ | ਅਮੋਲਕ ਸਿੰਘ ਗਾਖਲ | ਜੱਸੀ ਗਿੱਲ

**ਪੰਜਾਬ ਟਾਈਮਜ਼**
Ph: 847-359-0746

**ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ**
Published simultaneously from Chicago, California & New York.
*e-mail: punjabtimes1@gmail.com, website: www.punjabtimesusa.com*